@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 30 April 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 30 ਅਪ੍ਰੈਲ 2026, 17 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 175, qpatrika@gmail.com ਫੋਨ : 9971359517 www.qaumipatrika.org

## ਸ਼ੰਭੂ ਰੇਲਵੇ ਟਰੈਕ ’ਤੇ ਹੋਏ ਬਲਾਸਟ ਦੀ ਸੁਖਬੀਰ ਬਾਦਲ ਵਲੋਂ ਸਖ਼ਤ ਨਿਖ਼ੇਧੀ

ਚੰਡੀਗੜ੍ਹ 29 ਅਪ੍ਰੈਲ। ਪਟਿਆਲਾ ’ਚ ਸ਼ੰਭੂ ਨੇੜੇ ਦਿੱਲੀ-ਰਾਜਪੁਰਾ ਰੇਲ ਲਾਈਨ ’ਤੇ ਹੋਏ ਧਮਾਕੇ ਦੀ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸਖ਼ਤ ਸ਼ਬਦਾਂ ’ਚ ਨਿੰਦਾ ਕੀਤੀ ਗਈ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਪੋਸਟ ਸਾਂਝੀ ਕਰਦਿਆਂ



ਲਿਖਿਆ ਕਿ ਸ਼ੰਭੂ ਨੇੜੇ ਦਿੱਲੀ-ਰਾਜਪੁਰਾ ਰੇਲ ਲਾਈਨ ’ਤੇ ਬੀਤੀ ਰਾਤ ਇੱਕ ਸਾਜਿਸ਼ ਤਹਿਤ ਧਮਾਕਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੀ ਉਹ ਸਖ਼ਤ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਕੁੱਝ ਦਿਨ ਪਹਿਲਾਂ ਧਮਕੀ ਮਿਲਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਕੋਈ ਵੀ ਪੁਖ਼ਤਾ ਕਾਰਵਾਈ ਨਹੀਂ ਕੀਤੀ ਗਈ। ਸੁਖਬੀਰ ਬਾਦਲ ਨੇ ਸੂਬੇ ਦੇ ਸੁਰੱਖਿਆ ਹਾਲਾਤਾਂ ’ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪਹਿਲਾਂ ਵੀ ਪੁਲਸ ਥਾਣਿਆਂ, ਚੌਂਕੀਆਂ ਅਤੇ ਇੱਥੋਂ ਤੱਕ ਕਿ ਸਟੇਟ ਇੰਟੈਲੀਜੈਂਸ ਹੈੱਡਕੁਆਰਟਰ ’ਤੇ ਆਰ. ਪੀ. ਜੀ. ਹਮਲੇ ਵਰਗੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

# ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ’ਚ ਜਿੱਤ ਦੀ ਹੈਟ੍ਰਿਕ ਹਾਸਲ ਕਰੇਗੀ ਭਾਜਪਾ : ਪ੍ਰਧਾਨ ਮੰਤਰੀ ਮੋਦੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਹਰਦੋਈ 29 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਜਿੱਤ ਦੀ ਲੜੀ ਜਾਰੀ ਰੱਖੇਗੀ ਅਤੇ ਚੱਲ ਰਹੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤਾਂ ਦੀ ਇਤਿਹਾਸਕ ਹੈਟ੍ਰਿਕ ਹਾਸਲ ਕਰੇਗੀ। ਸ਼੍ਰੀ ਮੋਦੀ ਨੇ ਇਹ ਬਿਆਨ ਮੇਰਠ ਅਤੇ ਪ੍ਰਯਾਗਰਾਜ ਵਿਚਕਾਰ ਵਿਕਸਤ ਗੰਗਾ ਐਕਸਪ੍ਰੈਸਵੇਅ ਨੂੰ ਰਾਸ਼ਟਰ ਨੂੰ ਸਮਰਪਿਤ ਕਰਨ ਤੋਂ ਬਾਅਦ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਦਿੱਤਾ। ਉਨ੍ਹਾਂ ਕਿਹਾ ਕਿ 4 ਮਈ ਨੂੰ ਐਲਾਨੇ ਗਏ ਪੰਜ ਰਾਜਾਂ ਵਿੱਚ ਇਨ੍ਹਾਂ ਚੋਣਾਂ ਦੇ ਨਤੀਜੇ ਵਿਕਸਤ ਭਾਰਤ ਦੇ ਇਰਾਦੇ ਨੂੰ ਮਜ਼ਬੂਤ ??ਕਰਨਗੇ ਅਤੇ ਦੇਸ਼ ਦੇ ਵਿਕਾਸ ਵਿੱਚ ਨਵੀਂ ਊਰਜਾ ਭਰ ਦੇਣਗੇ। ਪੀਐੱਮ ਮੋਦੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਜਦੋਂ ਬਿਹਾਰ ਵਿੱਚ ਚੋਣਾਂ ਹੋਈਆਂ ਸਨ, ਤਾਂ ਭਾਜਪਾ ਅਤੇ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਨੇ ਸ਼ਾਨਦਾਰ ਜਿੱਤ ਦਰਜ ਕਰਕੇ ਇਤਿਹਾਸ ਰਚਿਆ ਸੀ। ਉਨ੍ਹਾਂ ਦੱਸਿਆ ਕਿ ਕੱਲ੍ਹ ਹੀ ਗੁਜਰਾਤ ਵਿੱਚ ਨਗਰ ਨਿਗਮ, ਨਗਰ ਪ੍ਰੀਸ਼ਦ, ਜ਼ਿਲ੍ਹਾ ਪੰਚਾਇਤ, ਨਗਰ ਪ੍ਰੀਸ਼ਦ ਅਤੇ



ਤਹਿਸੀਲ ਪੰਚਾਇਤ ਚੋਣਾਂ ਦੇ ਨਤੀਜੇ ਐਲਾਨੇ ਗਏ ਹਨ, ਜਿਸ ਵਿੱਚ ਭਾਜਪਾ ਨੇ ਸਥਾਨਕ ਸੰਸਥਾਵਾਂ ਅਤੇ ਪੰਚਾਇਤਾਂ ਵਿੱਚੋਂ 80 ਤੋਂ 85 ਪ੍ਰਤੀਸ਼ਤ ਜਿੱਤ ਪ੍ਰਾਪਤ ਕੀਤੀ ਹੈ। ਇਸ ਸੰਦਰਭ ਵਿੱਚ ਉਨ੍ਹਾਂ ਨੇ ਅਸਾਮ, ਕੇਰਲ, ਪੁਡੂਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਹੈਟ੍ਰਿਕ ਨੂੰ ਦੁਹਰਾਇਆ। ਪੱਛਮੀ ਬੰਗਾਲ ਵਿੱਚ ਚੱਲ ਰਹੇ ਦੂਜੇ ਪੜਾਅ ਦੇ ਮਤਦਾਨ ਦਾ ਹਵਾਲਾ ਦਿੰਦੇ ਪ੍ਰਧਾਨ ਮੰਤਰੀ ਨੇ ਕਿਹਾ, ਅੱਜ ਲੋਕਤੰਤਰ ਦੇ ਜਸ਼ਨ ਵਿੱਚ ਇੱਕ ਮਹੱਤਵਪੂਰਨ ਦਿਨ ਹੈ। ਬੰਗਾਲ ਵਿੱਚ ਇਸ ਸਮੇਂ ਦੂਜੇ ਪੜਾਅ ਦੀ ਵੋਟਿੰਗ ਚੱਲ ਰਹੀ ਹੈ ਅਤੇ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਵੋਟਰਾਂ ਦੀ ਭਾਰੀ ਗਿਣਤੀ ਵਿੱਚ ਵੋਟਿੰਗ ਹੋਈ ਹੈ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਵਾਂਗ ਲੋਕ ਦੂਜੇ ਪੜਾਅ ਵਿੱਚ ਵੋਟ ਪਾਉਣ ਲਈ ਵੱਡੀ ਗਿਣਤੀ ਵਿੱਚ ਆਪਣੇ ਘਰਾਂ ਤੋਂ ਬਾਹਰ ਆ ਰਹੇ ਹਨ; ਪੋਲਿੰਗ ਸਟੇਸ਼ਨਾਂ ’ਤੇ ਲੰਬੀਆਂ ਕਤਾਰਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਘੁੰਮ ਰਹੀਆਂ ਹਨ। ਪੱਛਮੀ ਬੰਗਾਲ ਦੇ ਲੋਕਾਂ ਦਾ ਧੰਨਵਾਦ ਕਰਦੇ ਹੋਏ ਮੋਦੀ ਨੇ ਕਿਹਾ ਕਿ ਇਸ ਵਾਰ ਬੰਗਾਲ ਵਿੱਚ ਵੋਟਿੰਗ ਇੱਕ ਨਿਡਰ ਮਾਹੌਲ ਵਿੱਚ ਹੋ ਰਹੀ ਹੈ, ਅਜਿਹਾ ਕੁਝ ਜੋ ਪਿਛਲੇ ਛੇ ਦਹਾਕਿਆਂ ਵਿੱਚ ਨਹੀਂ ਹੋਇਆ ਸੀ ਅਤੇ ਕਲਪਨਾ ਕਰਨਾ ਵੀ ਮੁਸ਼ਕਲ ਸੀ। ਲੋਕ ਨਿਡਰ ਹੋ ਕੇ ਵੋਟ ਪਾ ਰਹੇ ਹਨ, ਜੋ ਕਿ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੈ। ਗੰਗਾ ਐਕਸਪ੍ਰੈਸਵੇਅ ਬਾਰੇ ਉਨ੍ਹਾਂ ਕਿਹਾ ਕਿ ਉਹ ਖੁਸ਼ ਹਨ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਹਾਈਵੇਅ ਦਾ ਨਾਮ ਮਾਂ ਗੰਗਾ ਰੱਖਿਆ ਹੈ। ਇਹ ਵਿਕਾਸ ਲਈ ਸਾਡੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਅਤੇ ਸਾਡੀ ਵਿਰਾਸਤ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਇਸ ਹਾਈਵੇਅ ਦੇ ਉਦਘਾਟਨ ’ਤੇ ਰਾਜ ਦੇ ਲੋਕਾਂ ਨੂੰ ਵਧਾਈ ਦਿੱਤੀ।

## ਅਮਰਨਾਥ ਯਾਤਰਾ ਤੋਂ ਪਹਿਲਾਂ ਸਰਹੱਦ ’ਤੇ ਹਲਚਲ ਤੇਜ਼

ਜੰਮੂ 29 ਅਪ੍ਰੈਲ। ਜੰਮੂ-ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਬਾਬਾ ਬਰਫਾਨੀ ਦੀ ਯਾਤਰਾ 3 ਜੁਲਾਈ ਨੂੰ ਸ਼ੁਰੂ ਹੋਣ ਵਾਲੀ ਹੈ। ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਮਨੋਜ ਸਿਨਹਾ ਦੀ ਪ੍ਰਧਾਨਗੀ ਹੇਠ ਲੋਕ ਭਵਨ ਵਿਖੇ ਸੁਰੱਖਿਆ ਸਮੀਖਿਆ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪੁਲਸ ਡਾਇਰੈਕਟਰ ਜਨਰਲ ਨਲਿਨ ਪ੍ਰਭਾਤ ਅਤੇ ਦੋਵਾਂ ਡਿਵੀਜ਼ਨਾਂ ਦੇ ਆਈਜੀ ਸਮੇਤ ਉੱਚ ਪੁਲਸ ਅਧਿਕਾਰੀ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਰਿਪੋਰਟਾਂ ਅਨੁਸਾਰ, ਇਸ ਮੀਟਿੰਗ ਵਿੱਚ ਅਮਰਨਾਥ ਯਾਤਰਾ ਦੀ ਸੁਰੱਖਿਆ ਦੇ ਨਾਲ-ਨਾਲ ਸਰਹੱਦ ਪਾਰ ਤੋਂ ਹੋਣ ਵਾਲੀ ਘੁਸਪੈਠ ਅਤੇ ਅੱਤਵਾਦੀ ਗਤੀਵਿਧੀਆਂ ਬਾਰੇ ਚਰਚਾ ਕੀਤੀ ਜਾਵੇਗੀ।

## ਹੋਰਮੁਜ਼ ’ਚ ਜਹਾਜ਼ਾਂ ’ਤੇ ਹੋਏ ਹਮਲਿਆਂ ਦੀ ਭਾਰਤ ਨੇ ਕੀਤੀ ਨਿਖੇਧੀ !

ਇੰਟਰਨੈਸ਼ਨਲ ਡੈਸਕ 29 ਅਪ੍ਰੈਲ। ਭਾਰਤ ਨੇ ਹੋਰਮੁਜ਼ ਦੀ ਖਾੜੀ ਵਿੱਚ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣ ਤੇ ਹਮਲੇ ਦੀਆਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ’ਚ ਸਖ਼ਤ ਨਿਖੇਧੀ ਕੀਤੀ ਹੈ। ਮੱਧ ਪੂਰਬ ਦੀ ਸਥਿਤੀ ’ਤੇ ਬੋਲਦਿਆਂ ਭਾਰਤ ਦੀ ਡਿਪਟੀ ਸਥਾਈ ਪ੍ਰਤੀਨਿਧ, ਰਾਜਦੂਤ ਯੋਜਨਾ ਪਟੇਲ ਨੇ ਇਨ੍ਹਾਂ ਹਮਲਿਆਂ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਯੋਜਨਾ ਪਟੇਲ ਨੇ ਕਿਹਾ ਕਿ ਹੋਰਮੁਜ਼ ਦੀ ਖਾੜੀ ਰਾਹੀਂ ਹੋਣ ਵਾਲੀ ਵਪਾਰਕ ਆਵਾਜਾਈ ਭਾਰਤ ਲਈ ਬਹੁਤ ਮਹੱਤਵਪੂਰਨ ਹੈ। ਇਹ ਖੇਤਰ ਭਾਰਤ ਦੀ ਊਰਜਾ (ਤੇਲ ਅਤੇ ਗੈਸ) ਅਤੇ ਆਰਥਿਕ ਸੁਰੱਖਿਆ ਨਾਲ ਸਿੱਧਾ ਜੁੜਿਆ ਹੋਇਆ ਹੈ। ਭਾਰਤ ਨੇ ਚਿੰਤਾ ਜਤਾਈ ਕਿ ਇਸ ਜੰਗ ਦੌਰਾਨ ਜਹਾਜ਼ਾਂ ’ਤੇ ਸਵਾਰ ਕਈ ਕੀਮਤੀ ਭਾਰਤੀਆਂ ਦੀਆਂ ਜਾਨਾਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬੇਗੁਨਾਹ ਨਾਗਰਿਕਾਂ ਅਤੇ ਕ੍ਰੂ ਮੈਂਬਰਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣਾ ਬਿਲਕੁਲ ਨਾਮਨਜ਼ੂਰ ਹੈ। ਭਾਰਤ ਨੇ ਸਪੱਸ਼ਟ ਕੀਤਾ ਕਿ ਵਪਾਰਕ ਜਹਾਜ਼ਾਂ ਨੂੰ ਫੌਜੀ ਹਮਲਿਆਂ ਦਾ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਅਜਿਹੀਆਂ ਹਰਕਤਾਂ ਨਾ ਸਿਰਫ਼ ਵਪਾਰ ਵਿੱਚ ਰੁਕਾਵਟ ਪਾਉਂਦੀਆਂ ਹਨ, ਸਗੋਂ ਕੌਮਾਂਤਰੀ ਸਮੁੰਦਰੀ ਕਾਨੂੰਨਾਂ ਦੀ ਵੀ ਉਲੰਘਣਾ ਹਨ। ਭਾਰਤ ਨੇ ਯਾਦ ਦਿਵਾਇਆ ਕਿ ਖਾੜੀ ਦੇਸ਼ਾਂ ਵਿੱਚ ਲਗਭਗ 1 ਕਰੋੜ ਭਾਰਤੀ ਰਹਿੰਦੇ ਅਤੇ ਕੰਮ ਕਰਦੇ ਹਨ। ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਭਾਰਤ ਸਰਕਾਰ ਦੀ ਮੁੱਖ ਤਰਜੀਹ ਹੈ। ਜ਼ਿਕਰਯੋਗ ਹੈ ਕਿ 28 ਫਰਵਰੀ ਤੋਂ ਇਸ ਖੇਤਰ ਵਿੱਚ ਸ਼ੁਰੂ ਹੋਈ ਜੰਗ ’ਤੇ ਭਾਰਤ ਨੇ ਲਗਾਤਾਰ ਸੰਜਮ ਵਰਤਣ, ਤਣਾਅ ਘਟਾਉਣ ਅਤੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੀ ਅਪੀਲ ਕੀਤੀ ਹੈ। ਗਾਜ਼ਾ ਅਤੇ ਪੱਛਮੀ ਕੰਢੇ ਦੀ ਸਥਿਤੀ ’ਤੇ ਚਿੰਤਾ ਪ੍ਰਗਟ ਕਰਦਿਆਂ, ਭਾਰਤ ਨੇ ਖੇਤਰ ਵਿੱਚ ਸਥਾਈ ਸ਼ਾਂਤੀ ਲਈ ’ਦੋ-ਰਾਸ਼ਟਰ ਹੱਲ’ ਲਈ ਆਪਣਾ ਸਮਰਥਨ ਦੁਹਰਾਇਆ।

## ਨਗਰ ਨਿਗਮ ਚੋਣਾਂ ਲਈ ਮੁੱਖ ਮੰਤਰੀ ਸੈਣੀ ਨੇ ਜਾਰੀ ਕੀਤਾ ਭਾਜਪਾ ਦਾ ‘ਸੰਕਲਪ ਪੱਤਰ’

ਪੰਚਕੂਲਾ 29 ਅਪ੍ਰੈਲ। ਹਰਿਆਣਾ ’ਚ ਨਗਰ ਨਿਗਮ ਚੋਣਾਂ ਲਈ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ’ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪੰਚਕੂਲਾ ਸਥਿਤ ’ਪੰਚਕਮਲ’ ਦਫ਼ਤਰ ’ਚ ਆਪਣਾ ਸੰਕਲਪ ਪੱਤਰ ਜਾਰੀ ਕੀਤਾ। ਇਸ ਮੌਕੇ ਪ੍ਰਦੇਸ਼ ਪ੍ਰਧਾਨ ਮੋਹਨਲਾਲ ਬੜੌਲੀ ਸਮੇਤ ਕਈ ਸੀਨੀਅਰ ਨੇਤਾ ਮੌਜੂਦ ਰਹੇ। ਭਾਜਪਾ ਦੇ ਇਸ ਵਿਜਨ ਡਾਕਿਊਮੈਂਟ ’ਚ ਸ਼ਹਿਰੀ ਵਿਕਾਸ, ਬਿਹਤਰ ਪ੍ਰਦਰਸ਼ਨ ਅਤੇ ਨਾਗਰਿਕ ਸਹੂਲਤਾਂ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਪੰਚਕੂਲਾ ਲਈ ਜਾਰੀ ਐਲਾਨ ’ਚ ਖੜਕ ਮੰਗੋਲੀ ’ ਕਰੀਬ 300 ਕਰੋੜ ਰੁਪਏ ਦੀ ਲਾਗਤ ਨਾਲ 2100 ਫਲੈਟ ਬਣਾ ਕੇ ਮੁੜ ਵਸੇਬਾ ਯੋਜਨਾ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ। ਨਾਲ ਹੀ 20 ਸਾਲਾਂ ’ਚ ਵੱਧ ਸਮੇਂ ਤੋਂ ਰਹਿ ਰਹੇ ਪਰਿਵਾਰਾਂ ਨੂੰ ਮਾਲਕਾਨਾ ਹੱਕ ਦੇਣ ਦੀ ਗੱਲ ਕਹੀ ਗਈ ਹੈ। ਸਵੱਛਤਾ ਅਤੇ ਜਲ ਪ੍ਰਬੰਧਨ ਦੇ ਅਧੀਨ 160 ਕਰੋੜ ਰੁਪਏ ਦੀ ਲਾਗਤ ਨਾਲ 5 ਨਵੇਂ ਸੀਵਰੇਜ ਟ?ਰੀਟਮੈਂਟ ਪਲਾਂਟ ਬਣਾਏ ਜਾਣਗੇ ਅਤੇ ਕੂੜਾ ਪ੍ਰਬੰਧਨ ’ਤੇ 100 ਕਰੋੜ ਰੁਪਏ ਖਰਚ ਕੀਤੇ ਜਾਣਗੇ। ਔਰਤਾਂ ਲਈ ਪਿੰਕ ਟਾਇਲਟ ਅਤੇ ਆਧੁਨਿਕ ਸਹੂਲਤਾਂ ਵੀ ਵਿਕਸਿਤ ਕੀਤੀਆਂ ਜਾਣਗੀਆਂ। ਆਵਾਜਾਈ ਸੁਧਾਰ ਲਈ ਨੈਸ਼ਨਲ ਹਾਈਵੇਅ-05 ’ਤੇ ਫਲਾਈਓਵਰ ਅਤੇ ਘੱਗਰ ਨਦੀ ’ਤੇ ਪੁਲ ਨਿਰਮਾਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਮਾਡਲ ਸੜਕਾਂ ਅਤੇ ਮਲਟੀਲੇਵਲ ਪਾਰਕਿੰਗ ਵੀ ਬਣਾਈ ਜਾਵੇਗੀ। ਖੇਡ ਅਤੇ ਸਿੱਖਿਆ ਦੇ ਖੇਤਰ ’ਚ ਵਿਸ਼ਵਪੱਧਰੀ ਸ਼ੂਟਿੰਗ ਰੇਂਜ ਅਤੇ ਸਪੋਰਟਸ ਕੰਪਲੈਕਸ ਦਾ ਨਿਰਮਾਣ ਪ੍ਰਸਤਾਵਿਤ ਹੈ, ਜਦੋਂ ਕਿ ਸਮਾਰਟ ਲਾਇਬ੍ਰੇਰੀ ਅਤੇ ਪਾਰਕ ’ਚ ਆਧੁਨਿਕ ਸਹੂਲਤਾਂ ਵਿਕਸਿਤ ਕੀਤੀਆਂ ਜਾਣਗੀਆਂ। ਪ੍ਰੋਗਰਾਮ ਦੌਰਾਨ ਕਈ ਨੇਤਾ ਭਾਜਪਾ ’ਚ ਸ਼ਾਮਲ ਵੀ ਹੋਏ। ਕਾਂਗਰਸ ਨੇਤਾ ਭੂਪਿੰਦਰ ਸਿੰਘ ਹੁੱਡਾ ਪਹਿਲੇ ਹੀ ਪਾਰਟੀ ਦਾ ਮੈਨੀਫੈਸਟੋ ਪੱਤਰ ਜਾਰੀ ਕਰ ਚੁੱਕੇ ਹਨ। ਕੁੱਲ ਮਿਲਾ ਕੇ, ਚੋਣ ਮੁਕਾਬਲਾ ਹੁਣ ਪੂਰੀ ਤਰ੍ਹਾਂ ਦਿਲਚਸਪ ਹੁੰਦਾ ਨਜ਼ਰ ਆ ਰਿਹਾ ਹੈ।

## ਜੰਮੂ ਕਸ਼ਮੀਰ ਨੂੰ ਵਿਕਾਸ ਦੀ ਵੱਡੀ ਸੌਗਾਤ; ਸ਼ਿਵਰਾਜ ਚੌਹਾਨ ਨੇ 3,566 ਕਰੋੜ ਰੁਪਏ ਦੇ ਸੜਕ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਸ਼੍ਰੀਨਗਰ 29 ਅਪ੍ਰੈਲ। ਕੇਂਦਰੀ ਪੇਂਡੂ ਵਿਕਾਸ ਅਤੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇੱਥੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਅਧੀਨ 3566 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟਾਂ ਦਾ ਮਨਜ਼ੂਰੀ ਪੱਤਰ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਸੌਂਪਿਆ। ਕੇਂਦਰੀ ਮੰਤਰੀ ਨੇ ਇਸ ਮੌਕੇ ’ਦੀਨਦਿਆਲ ਅੰਤਯੋਦਿਆ ਯੋਜਨਾ (ਰਾਸ਼ਟਰੀ ਪੇਂਡੂ ਆਜੀਵਿਕਾ ਮਿਸ਼ਨ) ਤਹਿਤ 24 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਮਹਿਲਾ ਸਵੈ-ਸਹਾਇਤਾ ਸਮੂਹਾਂ ਲਈ ਕੁੱਲ 4,568.23 ਕਰੋੜ ਰੁਪਏ ਤੋਂ ਵੱਧ ਦੇ ਫੰਡ ਵੀ ਜਾਰੀ ਕੀਤੇ। ਇਸ ਸਮਾਗਮ ’ਚ ਮੁੱਖ ਮੰਤਰੀ ਉਮਰ ਅਬਦੁੱਲਾ, ਉਪ ਮੁੱਖ ਮੰਤਰੀ ਸੁਰਿੰਦਰ ਕੁਮਾਰ ਚੌਧਰੀ ਅਤੇ ਹੋਰ ਸੀਨੀਅਰ ਅਧਿਕਾਰੀ ਅਤੇ ਸੀਨੀਅਰ ਵਿਅਕਤੀ ਮੌਜੂਦ ਸਨ। ਸ਼ਿਵਰਾਜ ਚੌਹਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਕੇਂਦਰ ਸਰਕਾਰ ਸਿਰਫ਼ ਸੜਕਾਂ ਬਣਾਉਣ ਲਈ ਨਹੀਂ ਸਗੋਂ ਦਿਲ ਨੂੰ ਦਿਲ ਨਾਲ ਜੋੜਨ ਦੇ ਸੰਕਲਪ ਨਾਲ ਆਈ ਹੈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਵਿਕਾਸ ਲਈ ’ਦਿਲ ਦੇ ਦੁਆਰ ਵੀ ਖੁੱਲ੍ਹੇ ਹਨ ਅਤੇ ਦਿੱਲੀ ਦੇ ਦੁਆਰ ਵੀ।” ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਦੋਵੇਂ ਪੜਾਵਾਂ ’ਚ ਜੰਮੂ ਕਸ਼ਮੀਰ ਨੂੰ ਪਹਿਲ ਦਿੱਤੀ ਗਈ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਕੇਂਦਰ ਸਰਕਾਰ ਇਸ ਇਲਾਕੇ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਇਕ ਹੀ ਸਾਲ ’ਚ ਸੂਬੇ ਲਈ ਲਗਭਗ 8,000 ਕਰੋੜ ਰੁਪਏ ਦੀਆਂ ਸੜਕਾਂ ਦੀ ਮਨਜ਼ੂਰੀ ਇਕ ਇਤਿਹਾਸਕ ਉਪਲੱਬਧੀ ਹੈ। ਇਸ ਦੀ ਮਦਦ ਨਾਲ ਹਰ ਪਿੰਡ ਅਤੇ ਦੂਰ-ਦੁਰਾਡੇ ਦੀ ਆਬਾਦੀ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਿਆ ਜਾਵੇਗਾ। ਚੌਹਾਨ ਨੇ ਮਹਿਲਾ ਸਸ਼ਕਤੀਕਰਨ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਹੁਣ ਟੀਚਾ ਸਿਰਫ਼ ’ਲੱਖਪਤੀ ਦੀਦੀ’ ਬਣਾਉਣਾ ਨਹੀਂ



ਸਗੋਂ ਉਨ੍ਹਾਂ ਨੂੰ ਸਸ਼ਕਤ ਉੱਦਮੀ ਬਣਾਉਣਾ ਹੈ। ਖੇਤੀਬਾੜੀ ਦੇ ਮੁੱਦੇ ’ਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਵਿਗਿਆਨੀਆਂ ਦੀ ਇਕ ਟੀਮ ਜਲਦ ਹੀ ਜੰਮੂ ਕਸ਼ਮੀਰ ਆਏਗੀ, ਜੋ ਇੱਥੇ ਦੀ ਜਲਵਾਯੂ ਅਤੇ ਮਿੱਟੀ ਦਾ ਅਧਿਐਨ ਕਰ ਕੇ ਖੇਤੀ ਨੂੰ ਲਾਭਕਾਰੀ ਬਣਾਉਣ ਦਾ ਵਿਸਤ੍ਰਿਤ ਰੋਡਮੈਪ ਤਿਆਰ ਕਰੇਗੀ। ਉਨ੍ਹਾਂ ਨੇ ਛੋਟੇ ਕਿਸਾਨਾਂ ਲਈ ’ਇੰਟੀਗ੍ਰੇਟਡ ਫਾਰਮਿੰਗ’ (ਏਕੀਕ੍ਰਿਤ ਖੇਤੀਬਾੜੀ) ਨੂੰ ਆਮਦਨ ਵਧਾਉਣ ਦਾ ਸਭ ਤੋਂ ਪ੍ਰਭਾਵੀ ਮਾਡਲ ਦੱਸਿਆ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕੇਂਦਰੀ ਮੰਤਰੀ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੰਮੂ ਕਸ਼ਮੀਰ ਦਾ ’ਸੱਚਾ ਮਿੱਤਰ’ ਅਤੇ ’ਹਮਦਰਦ’ ਦੱਸਿਆ। ਉਨ੍ਹਾਂ ਕਿਹਾ,”ਇਕ ਹੀ ਫੇਜ਼ ’ਚ 8,000 ਕਰੋੜ ਰੁਪਏ ਦੇ ਪ੍ਰਾਜੈਕਟਾਂ ਦੀ ਮਨਜ਼ੂਰੀ ਕੋਈ ਮਾਮੂਲੀ ਗੱਲ ਨਹੀਂ ਹੈ। ਸੂਬਾ ਸਰਕਾਰ ਇਨ੍ਹਾਂ ਕੰਮਾਂ ਨੂੰ ਤੇਜ਼ੀ ਨਾਲ ਜ਼ਮੀਨ ’ਤੇ ਉਤਾਰੇਗੀ।”

## 1 ਅਤੇ 2 ਮਈ ਨੂੰ ਹੋਵੇਗਾ ਕੈਰੀਅਰ ਕੌਂਸਲਿੰਗ ਫੇਅਰ ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 29 ਅਪ੍ਰੈਲ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ 1 ਅਤੇ 2 ਮਈ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਕੈਰੀਅਰ ਕੌਂਸਲਿੰਗ ਫੇਅਰ (ਸੀ ਸੀ ਜੀ) ਲਗਾਇਆ ਜਾ ਰਿਹਾ ਹੈ ਜਿਸ ਵਿਚ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ ਕੈਰੀਅਰ ਕੌਂਸਲਿੰਗ ਪ੍ਰਦਾਨ ਕੀਤੀ ਜਾਵੇਗੀ। ਅੱਜ ਇਥੇ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਇਸ ਫੇਅਰ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 9ਵੀਂ ਤੋਂ 12ਵੀਂ ਦੇ ਵਿਦਿਆਰਥੀ ਅਤੇ ਦਿਲੀ ਯੂਨੀਵਰਸਿਟੀ ਤੇ ਆਈ ਪੀ ਯੂਨੀਵਰਸਿਟੀ ਦੇ ਵਿਦਿਆਰਥੀ ਭਾਗ ਲੈਣਗੇ। ਉਹਨਾਂਕਿਹਾ ਕਿ ਇਹ ਫੇਅਰ ਆਯੋਜਿਤ ਕਰਨ ਦਾ ਮਕਸਦ



ਵਿਦਿਆਰਥੀਆਂ ਨੂੰ ਉਹਨਾਂ ਦੀ ਦਿਲਚਸਪੀ ਮੁਤਾਬਕ ਉਹਨਾਂ ਦੇ ਭਵਿੱਖੀ ਜੀਵਨ ਵਾਸਤੇ ਉਹਨਾਂ ਦਾ ਮਾਰਗ ਦਰਸ਼ਨ ਕਰਨਾ ਹੈ। ਉਹਨਾਂ ਕਿਹਾ ਕਿ ਅਕਸਰ ਇਹ ਵੇਖਣ ਨੂੰ ਮਿਲਦਾ ਹੈ ਕਿ ਵਿਦਿਆਰਥੀਆਂ ਨੂੰ ਭਵਿੱਖ ਵਿਚ ਅਪਣਾਏ ਜਾਣ ਵਾਲੇ ਕੈਰੀਅਰ ਸਬੰਧੀ ਬਹੁਤੀ ਜਾਣਕਾਰੀ ਨਹੀਂ ਹੁੰਦੀ ਜਿਸ ਕਾਰਨ ਉਹ ਉਲਝ ਜਾਂਦੇ ਹਨ ਤੇ ਉਹਨਾਂ ਦਾ ਇਕ-ਇਕ ਜਾਂ ਦੋ-ਦੋ ਸਾਲ ਖਰਾਬ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਹੁਣ ਵੀ ਸਾਡੇ ਕੋਲ ਤਾਜ਼ਾ ਮਾਮਲੇ ਅਜਿਹੇ ਆਏ ਹਨ ਜਿਸ ਵਿਚ ਵਿਦਿਆਰਥੀ ਉਲਝੇ ਹੋਏ ਸਨ ਕਿ ਉਹਨਾਂ ਭਵਿੱਖ ਵਿਚ ਵੀ ਕਰਨਾ ਹੈ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਹ ਸੀ ਸੀ ਜੀ ਕੈਂਪ ਨਿਯਮਿਤ ਲਗਾ ਕੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀ ਹੈ ਤੇ ਸਾਡੀ ਮੁਹਿੰਮ ਨੂੰ ਹਮੇਸ਼ਾ ਚੰਗਾ ਹੁੰਗਾਰਾ ਮਿਲਦਾ ਹੈ। ਉਹਨਾਂ ਦੱਸਿਆ ਕਿ ਇਸ ਫੇਅਰ ਵਿਚ ਵੱਖ-ਵੱਖ ਕਾਲਜਾਂ ਤੇ ਵੱਖ-ਵੱਖ ਕੈਰੀਅਰ ਆਪਸ਼ਨਾਂ ਦੇ ਸਟਾਲ ਲੱਗਣਗੇ ਜਿਥੇ ਵਿਦਿਆਰਥੀ ਆਪਣੀ ਰਜਿਸਟਰੇਸ਼ਨ ਕਰਵਾ ਕੇ ਇਸ ਫੇਅਰ ਦਾ ਲਾਭ ਲੈ ਸਕਦੇ ਹਨ।

## ਗੋਦਾਮ ’ਚ ਲੱਗੀ ਭਿਆਨਕ ਅੱਗ ਨੇ ਧਾਰਿਆ ਰੌਦਰ ਰੂਪ, ਪੀਜੀ ਦੀਆਂ ਔਰਤਾਂ ਨੇ ਬਚਾਅ ਲਈ ਮਾਰੀਆਂ ਛਾਲਾਂ

ਬੈਂਗਲੁਰੂ 29 ਅਪ੍ਰੈਲ। ਬੰਗਲੁਰੂ ਸਥਿਤ ਇੱਕ ਗੋਦਾਮ ਵਿੱਚ ਲੱਗੀ ਭਿਆਨਕ ਅੱਗ ਚਾਰ ਮੰਜ਼ਿਲਾ ਪੀਜੀ ਇਮਾਰਤ ਅਤੇ ਆਲੇ-ਦੁਆਲੇ ਦੀਆਂ ਰਿਹਾਇਸ਼ੀ ਇਮਾਰਤਾਂ ਵਿੱਚ ਫੈਲ ਗਈ। ਇਸ ਘਟਨਾ ਦੌਰਾਨ ਲਗਭਗ 50 ਔਰਤਾਂ ਨੂੰ ਬਾਹਰ ਕੱਢਿਆ ਗਿਆ। ਪੁਲਸ ਨੇ ਮੰਗਲਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਪੀਜੀ ਇਮਾਰਤ ਤੱਕ ਅੱਗ ਫੈਲਣ ਮਗਰੋਂ ਕਈ ਔਰਤਾਂ ਨੇ ਇਮਾਰਤ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਘਟਨਾ ਸਥਾਨ ’ਤੇ ਪਹੁੰਚੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਹਾਦਸਾ ਸ਼ਨੀਵਾਰ ਦੇਰ ਰਾਤ ਕਰੀਬ 12:50 ਵਜੇ ਵਾਪਰਿਆ ਹੈ। ਨੰਦਿਨੀ ਲੇਆਉਟ ਸਥਿਤ ਇੱਕ ਗੋਦਾਮ, ਜਿੱਥੇ ਬੈਨਰ ਅਤੇ ਐਲ.ਈ.ਡੀ ਸਕ੍ਰੀਨਾਂ ਰੱਖੀਆਂ ਹੋਈਆਂ ਸਨ, ’ਤੇ ਅਚਾਨਕ ਅੱਗ ਲੱਗ ਗਈ। ਮੁਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਅੱਗ ਲੱਗਣ ਤੋਂ ਬਾਅਦ ਇਮਾਰਤ ਵਿੱਚ ਧੂੰਆਂ ਭਰ ਗਿਆ, ਜਿਸ ਕਾਰਨ ਅੰਦਰ ਰਹਿ ਰਹੀਆਂ ਔਰਤਾਂ ਵਿੱਚ ਭਜਦੜ ਮਚ ਗਈ। ਸੀਸੀਟੀਵੀ ਫੁਟੇਜ ਵਿੱਚ ਦੇਖਿਆ ਗਿਆ ਹੈ ਕਿ ਕੁਝ ਔਰਤਾਂ ਨੇ ਆਪਣੀ ਜਾਨ ਬਚਾਉਣ ਲਈ ਧੂੰਏਂ ਅਤੇ ਅੱਗ ਦੀਆਂ ਲਪਟਾਂ ਦੇ ਵਿਚਕਾਰ ਇਮਾਰਤ ਤੋਂ ਹੇਠਾਂ ਛਾਲਾਂ ਮਾਰ ਦਿੱਤੀਆਂ। ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਨੇ ਮੌਕੇ ’ਤੇ ਪਹੁੰਚ ਕੇ ਸਖ਼ਤ ਮੁਸ਼ੱਕਤ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ। ਇਸ ਅਗਨੀਕਾਂਡ ਵਿੱਚ ਮਾਲੀ ਨੁਕਸਾਨ ਕਾਫੀ ਜ਼ਿਆਦਾ ਹੋਇਆ ਹੈ। ਇਸ ਘਟਨਾ ਨਾਲ ਗੋਦਾਮ ਦੇ ਸਾਹਮਣੇ ਖੜ੍ਹੀਆਂ ਦੋ ਗੱਡੀਆਂ (ਜਿਨ੍ਹਾਂ ਵਿੱਚ ਇੱਕ ਦੋਪਹੀਆ ਵਾਹਨ ਸ਼ਾਮਲ ਹੈ) ਸੜ ਕੇ ਸੁਆਹ ਹੋ ਗਈਆਂ। ਗੋਦਾਮ ਵਿੱਚ ਰੱਖਿਆ ਸਾਰਾ ਸਾਮਾਨ (ਬੈਨਰ ਅਤੇ *54 ਸਕ੍ਰੀਨਾਂ) ਪੂਰੀ ਤਰ੍ਹਾਂ ਨਸ਼ਟ ਹੋ ਗਿਆ। ਆਸ-ਪਾਸ ਦੇ ਰਿਹਾਇਸ਼ੀ ਘਰਾਂ ਨੂੰ ਵੀ ਅੱਗ ਕਾਰਨ ਨੁਕਸਾਨ ਪਹੁੰਚਿਆ ਹੈ। ਨੰਦਿਨੀ ਲੇਆਉਟ ਥਾਣੇ ਵਿੱਚ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

## ਭਾਜਪਾ ਦੇ ਪ੍ਰਵੇਸ਼ ਵਾਹੀ ਚੁਣੇ ਗਏ ਦਿੱਲੀ ਨਗਰ ਨਿਗਮ ਦੇ ਮੇਅਰ

ਨਵੀਂ ਦਿੱਲੀ 29 ਅਪ੍ਰੈਲ। ਰੋਹਿਣੀ ਈਸਟ ਤੋਂ ਭਾਜਪਾ ਕੌਂਸਲਰ ਪ੍ਰਵੇਸ਼ ਵਾਹੀ ਬੁੱਧਵਾਰ ਨੂੰ ਦਿੱਲੀ ਨਗਰ ਨਿਗਮ ਦੇ ਮੇਅਰ ਚੁਣੇ ਗਏ। ਵਾਹੀ ਨੂੰ 156 ਵੋਟਾਂ ਮਿਲੀਆਂ, ਜਿਸ ਚ ਇੰਦਰਪ੍ਰਸਦ ਵਿਕਾਸ ਪਾਰਟੀ ਦੇ 14 ਕੌਂਸਲਰਾਂ ਦਾ ਸਮਰਥਨ ਵੀ ਸ਼ਾਮਲ ਸੀ। ਕਾਂਗਰਸ ਉਮੀਦਵਾਰ ਹਾਜ਼ੀ ਜ਼ਰਾਫ ਨੂੰ 9 ਵੋਟ ਮਿਲੇ। ਆਨੰਦ ਵਿਹਾਰ ਤੋਂ ਭਾਜਪਾ ਕੌਂਸਲਰ ਮੋਨਿਕਾ ਪੰਤ 156 ਵੋਟਾਂ ਨਾਲ ਡਿਪਟੀ ਮੇਅਰ ਚੁਣੀ ਗਈ। ਬੇਗਮਪੁਰ ਤੋਂ ਜੈਮ ਭਗਵਾਨ ਯਾਦਵ ਅਤੇ ਪਹਾੜਗੰਜ ਤੋਂ ਮਨੀਸ਼ ਚੱਢਾ ਭਾਜਪਾ ਵਲੋਂ ਸਟੈਂਡਿੰਗ ਕਮੇਟੀ ਲਈ ਚੁਣੇ ਗਏ, ਜਦੋਂ ਕਿ ਸ਼ਾਲੀਮਾਰ ਬਾਗ ਤੋਂ ’ਆਪ’ ਕੌਂਸਲਰ ਜਲਜ ਚੌਧਰੀ ਵੀ ਐੱਮਸੀਡੀ ਪੈਨਲ ਲਈ ਚੁਣੇ ਗਏ। ਮੇਅਰ ਚੁਣੇ ਜਾਣ ’ਤੇ ਵਾਹੀ ਨੇ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਭਾਜਪਾ ਦੀ ਅਗਵਾਈ ਦਾ ਧੰਨਵਾਦ ਕਰਦੇ ਹੋਏ ਕਿਹਾ,”ਅਸੀਂ ਆਉਣ ਵਾਲੇ ਮਹੀਨਿਆਂ ’ਚ ਦਿੱਲੀ ਨੂੰ ਸਾਫ਼ ਕਰਾਂਗੇ। ਅਸੀਂ ਦਿੱਲੀ ਦੇ ਵਿਕਾਸ ਲਈ ਕੰਮ ਕਰਾਂਗੇ।” ਇਸ ਸਾਲ ਦੀਆਂ ਮੇਅਰ ਚੋਣਾਂ ਲਈ ਇਲੈਕਟੋਰਲ ਕਾਲਜ ’ਚ 273 ਵੋਟਾਂ ਸਨ, ਜਿਸ ’ਚ 249 ਕੌਂਸਲਰ, ਦਿੱਲੀ ਵਿਧਾਨ ਸਭਾ ਵਲੋਂ ਨਾਮਜ਼ਦ 14 ਵਿਧਾਇਕ, 7 ਲੋਕ ਸਭਾ ਸੰਸਦ ਮੈਂਬਰ ਅਤੇ ਦਿੱਲੀ ਤੋਂ ਤਿੰਨ ਰਾਜ ਸਭਾ ਮੈਂਬਰ ਸ਼ਾਮਲ ਸਨ। ਜਿੱਤਣ ਲਈ ਕਿਸੇ ਉਮੀਦਵਾਰ ਨੂੰ 137 ਵੋਟਾਂ ਦੀ ਲੋੜ ਸੀ।

## ਚੀਨ ਦੇ ਸਾਹਮਣੇ ਹੀ ਰੱਖਿਆ ਮੰਤਰੀ ਰਾਜਨਾਥ ਨੇ ਝੰਬਿਆ ਪਾਕਿਸਤਾਨ, ਅੱਤਵਾਦ ’ਤੇ ਨਹੀਂ ਚੱਲੇਗਾ ਦੋਹਰੇ ਮਾਪਦੰਡ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 29 ਅਪ੍ਰੈਲ। ਕਿਰਗਿਸਤਾਨ ਦੇ ਬਿਸ਼ਕੇਕ ’ਚ ਹੋਈ ਸ਼ੰਘਾਈ ਸਹਿਯੋਗ ਸੰਗਠਨ ਦੇ ਰੱਖਿਆ ਮੰਤਰੀਆਂ ਦੀ ਅਹਿਮ ਬੈਠਕ ਦੌਰਾਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਅਤੇ ਚੀਨ ਦੀ ਮੌਜੂਦਗੀ ਵਿੱਚ ਸਖ਼ਤ ਰੁਖ ਅਪਣਾਇਆ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਅੱਤਵਾਦ ਦੇ ਮੁੱਦੇ ’ਤੇ ਹੁਣ ਕੋਈ ਵੀ ਦੋਹਰਾ ਮਾਪਦੰਡ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਾਕਿਸਤਾਨ ਨੂੰ ਸਿੱਧਾ ਨਿਸ਼ਾਨੇ ’ਤੇ ਲੈਂਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਨੇ ’ਆਪ੍ਰੇਸ਼ਨ ਸਿੰਦੂਰ’ ਰਾਹੀਂ ਆਪਣਾ ਦ੍ਰਿੜ ਇਰਾਦਾ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅੱਤਵਾਦੀਆਂ ਦੀਆਂ ਪਨਾਹਗਾਹਾਂ ਅਤੇ ਸੁਰੱਖਿਅਤ ਟਿਕਾਣਿਆਂ ਨੂੰ ਹੁਣ ਕਿਸੇ ਵੀ ਤਰ੍ਹਾਂ ਦੀ ਛੋਟ ਨਹੀਂ ਮਿਲੇਗੀ। ਰੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ



ਦੁਆਰਾ ਪ੍ਰਾਯੋਜਿਤ ’ਸੀਮਾ ਪਾਰ ਅੱਤਵਾਦ’ ਕਿਸੇ ਰਾਸ਼ਟਰ ਦੀ ਪ੍ਰਭੂਸੱਤਾ ’ਤੇ ਸਿੱਧਾ ਹਮਲਾ ਹੈ। ਰਾਜਨਾਥ ਸਿੰਘ ਨੇ ਕਿਹਾ ਕਿ ਅੱਤਵਾਦ ਅੱਜ ਦੀ ਉਭਰ ਰਹੀ ਵਿਸ਼ਵ ਵਿਵਸਥਾ ਲਈ ਸਭ ਤੋਂ ਗੰਭੀਰ ਖਤਰਾ ਬਣ ਗਿਆ ਹੈ। ਭਾਰਤ ਦੀ ’ਜ਼ੀਰੋ ਟੋਲਰੈਂਸ’ ਨੀਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅੱਤਵਾਦ ਦਾ ਕੋਈ ਧਰਮ ਜਾਂ ਰਾਸ਼ਟਰੀਅਤਾ ਨਹੀਂ ਹੁੰਦੀ। ਉਨ੍ਹਾਂ SCO ਦੇਸ਼ਾਂ ਨੂੰ ਅਪੀਲ ਕੀਤੀ ਕਿ ਅੱਤਵਾਦੀਆਂ ਨੂੰ ਪਨਾਹ ਦੇਣ ਵਾਲਿਆਂ ਅਤੇ ਉਨ੍ਹਾਂ ਨੂੰ ਉਕਸਾਉਣ ਵਾਲਿਆਂ ਵਿਰੁੱਧ ਬਿਨਾਂ ਕਿਸੇ ਝਿਜਕ ਦੇ ਸਖ਼ਤ ਕਾਰਵਾਈ ਕੀਤੀ ਜਾਵੇ। ਮੌਜੂਦਾ ਭੂ-ਰਾਜਨੀਤਿਕ ਹਾਲਾਤ ਅਤੇ ਸੰਘਰਸ਼ਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਰੱਖਿਆ ਮੰਤਰੀ ਨੇ ਕਿਹਾ ਕਿ ਦੁਨੀਆ ਅੱਜ ਵਧਦੀਆਂ ਇਕਪਾਸੜ ਨੀਤੀਆਂ ਅਤੇ ਟਕਰਾਵਾਂ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਆਤਮ-ਮੰਥਨ ਕਰਨ ਅਤੇ ਸਥਿਤੀ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦਾ ਹੈ ਤਾਂ ਜੋ ਮਨੁੱਖੀ ਜਾਨਾਂ ਦਾ ਹੋਰ ਨੁਕਸਾਨ ਨਾ ਹੋਵੇ।

## ਓਡੀਸ਼ਾ ਦੇ ਸਿਜਿਮਾਲੀ ’ਚ ਹਿੰਸਾ ਦੀ ਹੋਵੇ ਸੁਤੰਤਰ ਜਾਂਚ, ਪੇਸਾ ਅਤੇ ਜੰਗਲਾਤ ਕਾਨੂੰਨ ਦੀ ਕੀਤੀ ਜਾਵੇ ਪਾਲਣਾ : ਜੈਰਾਮ ਰਮੇਸ਼

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 29 ਅਪ੍ਰੈਲ। ਕਾਂਗਰਸ ਨੇ ਓਡੀਸ਼ਾ ਚ ਪਾਕਸਾਈਟ ਮਾਈਨਿੰਗ ਪ੍ਰਾਜੈਕਟ ਦੇ ਖ਼?ਲਾਫ਼ ਆਦਿਵਾਸੀਆਂ ਦੇ ਵਿਰੋਧ ਪ੍ਰਦਰਸ਼ਨ ਨਾਲ ਜੁੜੇ ਮਾਮਲੇ ਨੂੰ ਲੈ ਕੇ ਮੰਗਲਵਾਰ ਨੂੰ ਕਿਹਾ ਕਿ ਕੇਂਦਰੀ ਜਨਜਾਤੀ ਕਾਰਜ ਮੰਤਰੀ ਜੁਆਲ ਓਰਾਮ ਨੂੰ ਯਕੀਨੀ ਕਰਨਾ ਚਾਹੀਦਾ ਕਿ ਹਾਲੀਆ ਹਿੰਸਾ ਦੀ ਸੁਤੰਤਰ ਜਾਂਚ ਹੋਵੇ ਅਤੇ ਪੰਚਾਇਤ (ਅਨੁਸੂਚਿਤ ਖੇਤਰਾਂ ਤੱਕ ਵਿਸਥਾਰ) ਐਕਟ (ਪੇਸਾ) ਅਤੇ ਜੰਗਲਾਤ ਅਧਿਕਾਰ ਕਾਨੂੰਨ ਦੀ ਪਾਲਣਾ ਕੀਤੀ ਜਾਵੇ। ਓਡੀਸ਼ਾ ਦੇ ਰਾਏਗੜਾ ਅਤੇ ਕਾਲਾਹਾਂਡੀ ਜ਼ਿਲ੍ਹਿਆਂ ’ਚ ਸਥਿਤ ਸਿਜਿਮਾਲੀ ਬਾਕਸਾਈਟ ਮਾਈਨਿੰਗ ਪ੍ਰਾਜੈਕਟ ਦੇ ਖਿਲਾਫ ਸਥਾਨਕ ਆਦਿਵਾਸੀਆਂ ਦੇ ਵਿਰੋਧ ਪ੍ਰਦਰਸ਼ਨ ਪਿਛਲੇ ਕੁਝ ਸਾਲਾਂ ਤੋਂ ਜਾਰੀ ਹਨ ਅਤੇ ਹਾਲ ਹੀ ’ਚ ਤੇਜ਼ ਹੋ ਗਏ ਹਨ। ਪ੍ਰਦਰਸ਼ਨਕਾਰੀਆਂ ਅਤੇ ਪੁਲਸ ਵਿਚਕਾਰ ਝੜਪਾਂ ’ਚ ਕਈ ਲੋਕ ਜ਼ਖ਼ਮੀ ਹੋਏ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ’X’ ’ਤੇ ਪੋਸਟ ਕੀਤਾ, ਓਡੀਸ਼ਾ ਅਜਿਹੇ



ਹਾਲਾਤ ’ਚ ਆਦਿਵਾਸੀਆਂ ਅਤੇ ਹੋਰ ਭਾਈਚਾਰਿਆਂ ਦੇ ਵਿਰੋਧ ਪ੍ਰਦਰਸ਼ਨਾਂ ਲਈ ਕੋਈ ਅਣਜਾਣ ਸੂਬਾ ਨਹੀਂ ਹੈ, ਜਦੋਂ ਮਾਈਨਿੰਗ ਪ੍ਰਾਜੈਕਟਾਂ ਨੂੰ ਸਾਰੇ ਕਾਨੂੰਨ ਅਤੇ ਸੰਵਿਧਾਨਕ ਸੁਰੱਖਿਆ ਉਪਾਵਾਂ ਨੂੰ ਦਰਕਿਨਾਰ ਕਰ ਕੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਨਿਰਾਸ਼ਾਜਨਕ ਕ੍ਰਮ ਮਚ ਨਵੀਨਤਮ ਰਾਏਗੜਾ ਅਤੇ ਕਾਲਾਹਾਂਡੀ ਜ਼ਿਲ੍ਹਿਆਂ ’ਚ ਸਿਜਿਮਾਲੀ ਬਾਕਸਾਈਟ ਮਾਈਨਿੰਗ ਪ੍ਰਾਜੈਕਟ ਹੈ। ਉਨ੍ਹਾਂ ਕਿਹਾ ਕਿ ਪੇਸਾ, 1996 ਅਤੇ ਜੰਗਲਾਤ ਅਧਿਕਾਰ ਐਕਟ, 2006 ਦੀਆਂ ਗੰਭੀਰ ਉਲੰਘਣਾਵਾਂ ਹੁੰਦੀਆਂ ਜਾਪਦੀਆਂ ਹਨ। ਕਾਂਗਰਸ ਨੇਤਾ ਨੇ ਦਾਅਵਾ ਕੀਤਾ, ਸੰਸਦ ਦੁਆਰਾ ਸਰਬਸੰਮਤੀ ਨਾਲ ਪਾਸ ਕੀਤੇ ਗਏ ਇਨ੍ਹਾਂ ਕਾਨੂੰਨਾਂ ਅਧੀਨ ਪ੍ਰਭਾਵਿਤ ਵਿਅਕਤੀਆਂ, ਸਥਾਨਕ ਭਾਈਚਾਰਿਆਂ ਅਤੇ ਗ੍ਰਾਮ ਸਭਾਵਾਂ ਵਰਗੀਆਂ ਸੰਸਥਾਵਾਂ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਕਥਿਤ ਤੌਰ ’ਤੇ ਜਾਣਬੁੱਝ ਕੇ ਕਮਜ਼ੋਰ ਜਾਂ ਅਣਦੇਖਾ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ,”ਜਦੋਂ ਕੁਝ ਦਿਨ ਪਹਿਲਾਂ ਸਵੈ-ਇੱਛਾ ਨਾਲ ਅੰਦੋਲਨ ਹੋਇਆ ਤਾਂ ਪੁਲਸ ਨੇ ਅਨੁਸੂਚਿਤ ਜਨਜਾਤੀ ਭਾਈਚਾਰਿਆਂ, ਵਿਸ਼ੇਸ਼ ਕਰ ਕੇ ਔਰਤਾਂ ਖ਼?ਲਾਫ਼ ਨਿਸ਼ਾਨਾ ਬਣਾ ਕੇ ਬੇਲੋੜੀ ਤਾਕਤ ਦੀ ਵਰਤੋਂ ਕੀਤੀ। ਇਸ ਤਰ੍ਹਾਂ ਐੱਸਸੀ/ਐੱਸਟੀ (ਅੱਤਿਆਚਾਰ ਨਿਵਾਰਨ) ਐਕਟ, 1989 ਦੀ ਉਲੰਘਣਾ ਹੈ। ਇਹ ਉਸ ਸਮੇਂ ਰਾਜ ’ਚ ਹੋਇਆ ਹੈ, ਜਿੱਥੇ ਮੁੱਖ ਮੰਤਰੀ ਖੁਦ ਆਦਿਵਾਸੀ ਭਾਈਚਾਰੇ ਤੋਂ ਹਨ।” ਉਨ੍ਹਾਂ ਕਿਹਾ,”ਕੇਂਦਰੀ ਜਨਜਾਤੀ ਕਾਰਜ ਮੰਤਰੀ ਜੁਆਲ ਓਰਾਮ ਵੀ ਓਡੀਸ਼ਾ ਤੋਂ ਹਨ। ਉਨ੍ਹਾਂ ਨੂੰ ਜ਼ਿਆਦਾ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ ਅਤੇ ਸਿਜਿਮਾਲੀ ’ਚ ਹਿੰਸਾ ਦੀ ਸੁਤੰਤਰ ਜਾਂਚ ਦਾ ਆਦੇਸ਼ ਦੇਣਾ ਚਾਹੀਦਾ। ਨਾਲ ਹੀ ਇਹ ਯਕੀਨੀ ਕਰਨਾ ਚਾਹੀਦਾ ਕਿ ਪੇਸਾ, 1996 ਅਤੇ ਜੰਗਲਾਤ ਅਧਿਕਾਰੀ ਐਕਟ, 2006 ਨੂੰ ਭਰੋਸੇਯਗ, ਪਾਰਦਰਸ਼ੀ ਅਤੇ ਭਾਗੀਦਾਰੀ ਤਰੀਕੇ ਨਾਲ ਲਾਗੂ ਕੀਤਾ ਜਾਵੇ।”

# ਦੇਹ ਵਪਾਰ ਨੂੰ ਲੈ ਕੇ ਵੱਡਾ ਖ਼ੁਲਾਸਾ, ਕਈ ਅਮੀਰ 'ਨਵਾਬਜ਼ਾਦੇ' ਨਿਸ਼ਾਨੇ 'ਤੇ

ਕੌਮੀ ਪਤ੍ਰਿਕਾ

ਲੁਧਿਆਣਾ 29 ਅਪ੍ਰੈਲ। ਸਰਕਾਰ ਵੱਲੋਂ ਨਸ਼ਾਖੋਰੀ ਨੂੰ ਰੋਕਣ ਲਈ ਵਿਆਪਕ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਪਰ ਪੰਜਾਬ ਵਿਚ ਨਸ਼ਾ ਛੇਵੇਂ ਦਰਿਆ ਵਾਂਗ ਵਹਿ ਰਿਹਾ ਹੈ। 12 ਸਾਲ ਦੀ ਉਮਰ ਦੀਆਂ ਲੜਕੀਆਂ ਅਤੇ ਛੋਟੇ ਬੱਚੇ ਵੀ



ਨਸ਼ਾ ਵੇਚਣ ਵਾਲੇ ਗਿਰੋਹਾਂ ਦੇ ਜਾਲ ਵਿਚ ਫਸ ਰਹੇ ਹਨ। ਨਸ਼ੇ ਦੀ ਲਤ ਵਿਚ ਫਸੀ ਇਕ ਮੁਟਿਆਰ ਨੇ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਹਨ ਕਿ ਕਿਵੇਂ ਉਸ ਨੂੰ ਡਰੱਗਜ਼ ਖਰੀਦਣ ਲਈ ਦੇਹ-ਵਪਾਰ ਦੀ ਦੁਨੀਆ ਵਿਚ ਉਤਰਨਾ ਪਿਆ। ਦੋ ਸਾਲ ਬਾਅਦ, ਉਹ ਖ਼ੁਦ ਇਸ ਲਤ ਤੋਂ ਛੁਟਕਾਰਾ ਪਾਉਣ ਲਈ ਨਸ਼ਾ ਮੁਕਤੀ ਕੇਂਦਰ ਪਹੁੰਚੀ ਹੈ। ਡਾ. ਕੋਟਨਿਸ ਐਕੂਪੰਕਚਰ ਹਸਪਤਾਲ ਦੇ ਨਿਰਦੇਸ਼ਕ ਡਾ. ਇੰਦਰਜੀਤ ਸਿੰਘ ਨੇ ਦੱਸਿਆ ਕਿ ਲੁਧਿਆਣਾ ਵਿਚ ਨਸ਼ੇ ਦੀ ਲਤ ਲੜਕੀਆਂ ਨੂੰ ਦੇਹ-ਵਪਾਰ ਵੱਲ ਧੱਕ ਰਹੀ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਹੁਣ ਲੜਕਿਆਂ ਦੇ ਨਾਲ-ਨਾਲ ਲੜਕੀਆਂ ਵੀ ਇਸ ਦਾ ਸ਼ਿਕਾਰ ਹੋ ਰਹੀਆਂ ਹਨ। ਪੰਜਾਬ ਵਿਚ ਘੱਟ ਉਮਰ ਦੇ ਬੱਚਿਆਂ ਅਤੇ ਲੜਕੀਆਂ ਲਈ ਕੋਈ ਸਰਕਾਰੀ ਨਸ਼ਾ ਮੁਕਤੀ ਕੇਂਦਰ ਨਹੀਂ ਹੈ। ਉਨ੍ਹਾਂ ਦੀ ਸੰਸਥਾ ਅਜਿਹੀਆਂ ਲੜਕੀਆਂ ਦਾ ਇਲਾਜ ਐਕੂਪੰਕਚਰ ਵਿਧੀ ਰਾਹੀਂ ਮੁਫ਼ਤ ਕਰ ਰਹੀ ਹੈ। ਨਸ਼ੇ ਦੀ ਪੂਰਤੀ ਲਈ ਇਕ-ਦੂਜੇ ਦੀ ਵਰਤੀ ਹੋਈ ਸਰਿੰਜ (ਇੰਜੈਕਸ਼ਨ) ਦੀ ਵਰਤੋਂ ਤੇ ਅਸੁਰੱਖਿਅਤ ਸਰੀਰਕ ਸਬੰਧਾਂ ਕਾਰਨ ਐੱਚ.ਆਈ.ਵੀ. (89੦) ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਲੁਧਿਆਣਾ ਵਿੱਚ ਹੁਣ ਤੱਕ 10,000 ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ। ਰਿਟਾਇਰਡ ਆਈ.ਪੀ.ਐੱਸ. ਇਕਬਾਲ ਸਿੰਘ ਗਿੱਲ (ਜਨਰਲ ਸਕੱਤਰ, ਡਾ. ਕੋਟਨਿਸ ਹਸਪਤਾਲ) ਨੇ ਕਿਹਾ ਕਿ ਐੱਨ.ਡੀ.ਪੀ.ਐੱਸ. ਕਾਨੂੰਨ ਵਿੱਚ ਬਦਲਾਅ ਦੀ ਲੋੜ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਨਸ਼ਾ ਮੁਕਤੀ ਕੇਂਦਰ ਖੋਲ੍ਹਣ ਦੇ ਨਿਯਮ ਨਰਮ ਕੀਤੇ ਜਾਣੇ ਚਾਹੀਦੇ ਹਨ। ਮਾਹਿਰਾਂ ਅਨੁਸਾਰ ਦੇਹ-ਵਪਾਰ ਵਿੱਚ ਲਿਪਤ ਨਸ਼ੇੜੀ ਲੜਕੀਆਂ ਦੇ ਜਾਲ ਵਿੱਚ ਕਈ ਅਮੀਰ ਘਰਾਣਿਆਂ ਦੇ ਨੌਜਵਾਨ (ਨਵਾਬਜ਼ਾਦੇ) ਫਸ ਚੁੱਕੇ ਹਨ। ਨਸ਼ੇ ਲਈ ਪੈਸੇ ਇਕੱਠੇ ਕਰਨ ਲਈ ਇਹ ਮੁਟਿਆਰਾਂ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਸਰਗਰਮ ਹਨ। ਜਲੰਧਰ ਰੋਡ, ਬੱਸ ਸਟੈਂਡ ਦੇ ਆਸ-ਪਾਸ ਦਾ ਇਲਾਕਾ ਤੇ ਹਾਈਵੇ 'ਤੇ ਇਹ ਲੜਕੀਆਂ ਵਾਹਨਾਂ ਨੂੰ ਰੋਕ ਕੇ ਗਾਹਕਾਂ ਦੀ ਭਾਲ ਕਰਦੀਆਂ ਦੇਖੀਆਂ ਜਾ ਸਕਦੀਆਂ ਹਨ। ਸੂਤਰ ਦੱਸਦੇ ਹਨ ਕਿ ਕਈ ਵਾਰ ਪਾਸ਼ ਇਲਾਕਿਆਂ ਦੇ ਲੋਕ ਵੀ ਇਨ੍ਹਾਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖ਼ਤਰਾ ਹੋਰ ਵੀ ਗੰਭੀਰ ਹੋ ਗਿਆ ਹੈ।

## ਸਕੂਲੋਂ ਘਰ ਆ ਰਹੇ ਪੁੱਤ ਦੀ ਰਾਹ 'ਚ ਮੌਤ, ਹਾਦਸੇ ਨੇ ਉਜਾੜ ਕੇ ਰੱਖ 'ਤਾ ਪਰਿਵਾਰ

ਮੋਗਾ 29 ਅਪ੍ਰੈਲ। ਮੋਗਾ ਦੇ ਨਜ਼ਦੀਕੀ ਪਿੰਡ ਅਜੀਤਵਾਲ ਵਿਚ ਇਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਸਾਹਮਣੇ ਆਇਆ ਹੈ, ਜਿੱਥੇ ਸਕੂਲ ਤੋਂ ਘਰ ਆ ਰਿਹਾ ਇਕ 11 ਸਾਲਾ ਬੱਚਾ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਵਿਚ ਬੱਚੇ ਦੀ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਛਾਣ ਗੁਰਸ਼ਰਨ ਪ੍ਰੀਤ ਸਿੰਘ ਪੁੱਤਰ ਲਖਵੀਰ ਸਿੰਘ ਵਜੋਂ ਹੋਈ ਹੈ, ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜੀਤਵਾਲ ਵਿਚ ਛੇਵੀਂ ਕਲਾਸ ਦਾ ਵਿਦਿਆਰਥੀ ਸੀ। ਮਿਲੀ ਜਾਣਕਾਰੀ ਮੁਤਾਬਕ ਸਕੂਲ ਦੀ ਛੁੱਟੀ ਤੋਂ ਬਾਅਦ ਦੁਪਹਿਰ ਵੇਲੇ ਉਹ ਘਰ ਵੱਲ ਜਾ ਰਿਹਾ ਸੀ, ਇਸ ਦੌਰਾਨ ਅਚਾਨਕ ਇਕ ਕਾਰ ਅਤੇ ਟਰੱਕ ਦੀ ਚਪੇਟ ਵਿਚ ਆ ਗਿਆ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਪਿੰਡ ਵਾਸੀ ਅਤੇ ਮੌਜੂਦਾ ਸਰਪੰਚ ਰਾਜਾ ਸਿੰਘ ਮੌਕੇ 'ਤੇ ਪਹੁੰਚੇ ਅਤੇ ਗੰਭੀਰ ਜ਼ਖਮੀ ਹਾਲਤ ਵਿਚ ਬੱਚੇ ਨੂੰ ਮੋਗਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਬੱਚੇ ਦੇ ਪਿਤਾ ਮਜ਼ਦੂਰੀ ਕਰਦੇ ਹਨ ਅਤੇ ਪਰਿਵਾਰ ਵਿਚ ਇਕ ਵੱਡਾ ਭਰਾ ਅਤੇ ਇਕ ਵੱਡੀ ਭੈਣ ਵੀ ਹੈ, ਜੋ ਉਸੇ ਸਕੂਲ ਵਿਚ ਪੜ੍ਹ ਰਹੇ ਹਨ। ਇਸ ਦਰਦਨਾਕ ਘਟਨਾ ਤੋਂ ਬਾਅਦ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਉਧਰ ਪੁਲਸ ਵੱਲੋਂ ਦੋਵੇਂ ਵਾਹਨਾਂ ਦੇ ਡਰਾਈਵਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

## ਚੰਡੀਗੜ੍ਹ 'ਚ ਹੀਟਵੇਵ ਨੂੰ ਲੈ ਕੇ ਐਡਵਾਈਜ਼ਰੀ ਜਾਰੀ, ਸਿਹਤ ਵਿਭਾਗ ਨੇ ਅਗਲੇ 3 ਦਿਨਾਂ ਲਈ ਦਿੱਤਾ ਅਲਰਟ

ਕੌਮੀ ਪਤ੍ਰਿਕਾ

ਚੰਡੀਗੜ੍ਹ 29 ਅਪ੍ਰੈਲ। ਸ਼ਹਿਰ 'ਚ ਲਗਾਤਾਰ ਵੱਧ ਰਹੀ ਗਰਮੀ ਨੇ ਲੋਕਾਂ ਦੇ ਪਸੀਨੇ ਛੁਡਵਾਉਣੇ ਸ਼ੁਰੂ ਕਰ ਦਿੱਤੇ ਹਨ। ਅਪ੍ਰੈਲ ਮਹੀਨੇ 'ਚ ਹੀ ਦੁਪਹਿਰ ਵੇਲੇ ਲੋਕਾਂ ਦਾ ਬਾਹਰ ਨਿਕਲਣਾ ਔਖਾ ਹੋ ਗਿਆ ਹੈ। ਇਸ ਵੱਧ ਰਹੀ ਭਿਆਨਕ ਗਰਮੀ ਨੂੰ ਮੁੱਖ ਰੱਖਦਿਆਂ ਚੰਡੀਗੜ੍ਹ ਦੇ ਸਿਹਤ ਵਿਭਾਗ ਨੇ ਹੀਟਵੇਵ (ਲੂ) ਸਬੰਧੀ ਇੱਕ ਵਿਸ਼ੇਸ਼ ਐਡਵਾਈਜ਼ਰੀ ਜਾਰੀ ਕੀਤੀ ਹੈ। ਮੌਸਮ ਵਿਭਾਗ ਨੇ ਆਉਣ ਵਾਲੇ ਤਿੰਨ ਦਿਨਾਂ ਲਈ ਹੀਟਵੇਵ ਦਾ ਅਲਰਟ ਜਾਰੀ ਕੀਤਾ ਹੈ, ਜਿਸ ਕਾਰਨ ਪ੍ਰਸ਼ਾਸਨ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਆਪਣੀ ਸਿਹਤ ਦਾ ਖ਼ਾਸ ਧਿਆਨ ਰੱਖਣ ਦੀ ਅਪੀਲ ਕੀਤੀ ਹੈ। ਸਿਹਤ ਵਿਭਾਗ ਵੱਲੋਂ ਜਾਰੀ ਨਿਰਦੇਸ਼ਾਂ 'ਚ ਕਿਹਾ ਗਿਆ ਹੈ ਕਿ ਲੋਕ ਵੱਧ ਤੋਂ ਵੱਧ ਪਾਣੀ ਪੀਣ ਤਾਂ ਜੋ ਸਰੀਰ 'ਚ ਪਾਣੀ ਦੀ ਕਮੀ ਨਾ ਹੋਵੇ। ਵਿਭਾਗ ਨੇ ਨਿੰਬੂ ਪਾਣੀ, ਲੱਸੀ ਅਤੇ ਹੋਰ ਕੁਦਰਤੀ ਪੇਅ ਪਦਾਰਥਾਂ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਹੈ ਤਾਂ ਜੋ ਸਰੀਰ ਨੂੰ ਅੰਦਰੂਨੀ ਤੌਰ 'ਤੇ ਠੰਡਾ ਅਤੇ ਹਾਈਡ?ਰੇਟ ਰੱਖਿਆ ਜਾ ਸਕੇ। ਐਡਵਾਈਜ਼ਰੀ 'ਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਤੇਜ਼ ਧੁੱਪ, ਖ਼ਾਸ ਕਰਕੇ ਦੁਪਹਿਰ ਦੇ ਸਮੇਂ ਬਾਹਰ ਨਿਕਲਣ ਤੋਂ ਬਚਿਆ ਜਾਵੇ। ਜੇਕਰ ਕਿਸੇ ਜ਼ਰੂਰੀ ਕੰਮ ਲਈ ਬਾਹਰ ਜਾਣਾ ਪਵੇ ਤਾਂ ਸਿਰ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ ਅਤੇ ਹਲਕੇ ਰੰਗ ਦੇ ਢਿੱਲੇ ਕੱਪੜੇ



ਪਾਉਣੇ ਚਾਹੀਦੇ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਹਦਾਇਤ ਕੀਤੀ ਹੈ ਕਿ ਬੱਚਿਆਂ, ਬਜ਼ੁਰਗਾਂ ਅਤੇ ਪਹਿਲਾਂ ਤੋਂ ਬੀਮਾਰ ਲੋਕਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਹ ਵਰਗ ਹੀਟਵੇਵ ਤੋਂ ਸਭ ਤੋਂ ਜਲਦੀ ਪ੍ਰਭਾਵਿਤ ਹੋ ਸਕਦਾ ਹੈ। ਸਿਹਤ ਵਿਭਾਗ ਅਨੁਸਾਰ ਇਨ੍ਹਾਂ ਸਾਵਧਾਨੀਆਂ ਨੂੰ ਅਪਣਾ ਕੇ ਲੋਕ ਗਰਮੀ ਦੇ ਮਾੜੇ ਪ੍ਰਭਾਵਾਂ ਤੋਂ ਬਚ ਸਕਦੇ ਹਨ ਅਤੇ ਸਿਹਤਮੰਦ ਰਹਿ ਸਕਦੇ ਹਨ।

## ਰੇਲਵੇ ਟਰੈਕ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ, ਫੈਲੀ ਦਹਿਸ਼ਤ

ਬਠਿੰਡਾ 29 ਅਪ੍ਰੈਲ। ਬਠਿੰਡਾ 'ਚ ਇਕ ਵਾਰ ਫਿਰ ਸੁਰੱਖਿਆ ਨੂੰ ਲੈ ਕੇ ਚਿੰਤਾ ਵਧ ਗਈ ਹੈ, ਜਿੱਥੇ ਅੱਜ ਇੱਕ ਈਮੇਲ ਰਾਹੀਂ ਰੇਲਵੇ ਟਰੈਕ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਸ ਧਮਕੀ ਦੇ ਨਾਲ ਹੀ ਚੰਡੀਗੜ੍ਹ ਦੇ ਇੱਕ ਕਾਲਜ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ, ਜਿਸ ਨਾਲ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ ਹੈ। ਧਮਕੀ ਮਿਲਣ ਤੋਂ ਬਾਅਦ ਬਠਿੰਡਾ ਰੇਲਵੇ ਸਟੇਸ਼ਨ 'ਤੇ ਪੁਲਸ ਤੈਨਾਤ ਕਰ ਦਿੱਤੀ ਗਈ ਹੈ ਅਤੇ ਯਾਤਰੀਆਂ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ।



ਹਾਲਾਂਕਿ ਮੌਕੇ 'ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਚੈਕਿੰਗ ਉਸ ਪੱਧਰ ਦੀ ਨਹੀਂ ਹੈ, ਜਿਹੜੀ ਇੱਕ ਗੰਭੀਰ ਧਮਕੀ ਦੇ ਬਾਅਦ ਹੋਣੀ ਚਾਹੀਦੀ ਹੈ। ਇਸ ਕਰਕੇ ਸੁਰੱਖਿਆ ਇੰਤਜ਼ਾਮਾਂ 'ਤੇ ਸਵਾਲ ਖੜੇ ਹੋ ਰਹੇ ਹਨ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵੀ ਬਠਿੰਡਾ ਦੇ ਡਾਕ ਘਰ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਡੀਸੀ ਦਫਤਰ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਲਗਾਤਾਰ ਆ ਰਹੀਆਂ ਅਜਿਹੀਆਂ ਧਮਕੀਆਂ ਨਾਲ ਪ੍ਰਸ਼ਾਸਨ ਦੀ ਤਿਆਰੀ ਅਤੇ ਜਵਾਬੀ ਕਾਰਵਾਈ 'ਤੇ ਵੀ ਚਰਚਾ ਤੇਜ਼ ਹੋ ਗਈ ਹੈ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ ਹੈ। ਯਾਤਰੀਆਂ ਨੂੰ ਸਾਵਧਾਨ ਰਹਿਣ ਅਤੇ ਕਿਸੇ ਵੀ ਸ਼ੱਕੀ ਵਸਤੂ ਜਾਂ ਵਿਅਕਤੀ ਬਾਰੇ ਤੁਰੰਤ ਸੂਚਨਾ ਦੇਣ ਦੀ ਅਪੀਲ ਕੀਤੀ ਗਈ ਹੈ।

## ਛੁੱਟੀ ਮਗਰੋਂ ਚੱਲਦੀ ਸਕੂਲ ਬੱਸ ਨੂੰ ਲੱਗ ਗਈ ਅੱਗ

ਬਟਾਲਾ 29 ਅਪ੍ਰੈਲ। ਬਟਾਲਾ-ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਉਸ ਵੇਲੇ ਹੜਕੰਪ ਮਚ ਗਿਆ ਜਦੋਂ ਚੱਲਦੀ ਇੱਕ ਸਕੂਲ ਬੱਸ 'ਚ ਅਚਾਨਕ ਅੱਗ ਲੱਗ ਗਈ। ਘਟਨਾ ਦੌਰਾਨ ਬੱਸ ਚਾਲਕ ਨੇ ਸੂਝਬੂਝ ਦਿਖਾਉਂਦਿਆਂ ਤੁਰੰਤ ਬੱਸ ਰੋਕੀ ਅਤੇ ਛਾਲ ਮਾਰ ਕੇ ਆਪਣੀ ਜਾਨ ਬਚਾਈ। ਜਾਣਕਾਰੀ ਮੁਤਾਬਕ ਛੁੱਟੀ ਮਗਰੋਂ ਚੱਲਦੀ ਸਕੂਲ ਬੱਸ ਨੂੰ ਅਚਾਨਕ ਅੱਗ ਲੱਗ ਗਈ। ਖੁਸ਼ਕਿਸਮਤੀ ਨਾਲ ਘਟਨਾ ਸਮੇਂ ਬੱਸ 'ਚ ਕੋਈ ਵੀ ਬੱਚਾ ਸਵਾਰ ਨਹੀਂ ਸੀ, ਜਿਸ ਕਾਰਨ ਇੱਕ ਵੱਡਾ ਹਾਦਸਾ ਟਲ ਗਿਆ। ਅੱਗ ਲੱਗਣ ਦੇ ਕਾਰਨਾਂ ਬਾਰੇ ਹਾਲੇ ਤੱਕ ਪੂਰੀ ਜਾਣਕਾਰੀ ਸਾਹਮਣੇ ਨਹੀਂ ਆ ਸਕੀ, ਪਰ ਮੁੱਢਲੀ ਜਾਣਕਾਰੀ ਮੁਤਾਬਕ ਇਹ ਘਟਨਾ ਤਕਨੀਕੀ ਖ਼ਰਾਬੀ ਕਾਰਨ ਵਾਪਰੀ ਦੱਸੀ ਜਾ ਰਹੀ ਹੈ। ਇਸ ਘਟਨਾ ਨੇ ਇਕ ਵਾਰ ਫਿਰ ਸਕੂਲ ਵਾਹਨਾਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ।

## 2 ਦਿਨ ਲਈ ਬੰਦ ਰਹੇਗਾ ਗੁਰਦੁਆਰਾ ਟੱਕਰ ਸਾਹਿਬ ਵਾਲਾ ਰੇਲਵੇ ਫਾਟਕ

ਤਰਨਤਾਰਨ (ਰਮਨ)- ਸਥਾਨਕ ਗੁਰੂ ਨਗਰੀ ਵਿਚ ਟ?ਰੈਫਿਕ ਸਮੱਸਿਆ ਦਾ ਬੁਰਾ ਹਾਲ ਬੀਤੇ ਕਰੀਬ ਇਕ ਸਾਲ ਤੋਂ ਲਗਾਤਾਰ ਦੇਖਣ ਨੂੰ ਮਿਲ ਰਿਹਾ ਹੈ ਪ੍ਰੰਤੂ ਆਉਣ ਵਾਲੇ ਸ਼ਨੀਵਾਰ ਅਤੇ ਐਤਵਾਰ ਨੂੰ ਸਥਾਨਕ ਸ਼ਹਿਰ ਵਾਸੀਆਂ ਤੋਂ ਇਲਾਵਾ ਬਾਹਰੋਂ ਆਉਣ ਵਾਲੇ ਵਾਹਨ ਚਾਲਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਹੋਰ ਕਰਨਾ ਪੈ ਸਕਦਾ ਹੈ ਕਿਉਂਕਿ ਸਰਹਾਲੀ ਰੋਡ ਉਪਰ ਮੌਜੂਦ ਗੁਰਦੁਆਰਾ ਟੱਕਰ ਸਾਹਿਬ ਵਾਲਾ



ਰੇਲਵੇ ਫਾਟਕ ਲਾਈਨਾਂ ਦੀ ਜ਼ਰੂਰੀ ਐਮਰਜੰਸੀ ਮੁਰੰਮਤ ਦੇ ਚੱਲਦਿਆਂ ਸ਼ਨੀਵਾਰ ਅਤੇ ਐਤਵਾਰ ਲਗਾਤਾਰ ਦੋ ਦਿਨ ਲਈ ਬੰਦ ਕਰਨ ਦਾ ਫੁਰਮਾਨ ਰੇਲਵੇ ਵਿਭਾਗ ਨੇ ਜਾਰੀ ਕਰ ਦਿੱਤਾ ਹੈ। ਪਿੰਡ ਕੱਕਾ ਕੰਡਿਆਲਾ ਫਲਾਈ ਓਵਰ ਦੀ ਉਸਾਰੀ ਕਰਕੇ ਦੂਸਰੇ ਜ਼ਿਲੇ ਤੋਂ ਆਉਣ ਵਾਲੀ ਟ?ਰੈਫਿਕ ਸ਼ਹਿਰ 'ਚੋਂ ਹੋ ਕੇ ਅੱਗੇ ਦੂਸਰੇ ਸ਼ਹਿਰਾਂ ਨੂੰ ਜਾ ਰਹੀ ਹੈ। ਜਿਸ ਦੇ ਚੱਲਦਿਆਂ ਜੰਡਿਆਲਾ ਰੋਡ ਅਤੇ ਗੁਰਦੁਆਰਾ ਟੱਕਰ ਸਾਹਿਬ ਰੇਲਵੇ ਫਾਟਕ ਰਾਹੀਂ ਵੱਡੇ ਵਾਹਨ ਰੋਜ਼ਾਨਾ ਸਵੇਰ ਤੋਂ ਲੈ ਦੇਰ ਰਾਤ ਤੱਕ ਲੰਘਦੇ ਵੇਖੇ ਜਾ ਸਕਦੇ ਹਨ ਪ੍ਰੰਤੂ ਸਰਹਾਲੀ ਰੋਡ ਉਪਰ ਮੌਜੂਦ ਗੁਰਦੁਆਰਾ ਟੱਕਰ ਸਾਹਿਬ ਵਿਖੇ ਰੇਲਵੇ ਫਾਟਕ ਨੂੰ ਸ਼ਨੀਵਾਰ ਅਤੇ ਐਤਵਾਰ ਲਈ ਬੰਦ ਕੀਤਾ ਜਾ ਰਿਹਾ ਹੈ। ਜਿਸ ਦੇ ਚੱਲਦਿਆਂ ਸਾਰੀ ਟ?ਰੈਫਿਕ ਜੰਡਿਆਲਾ ਰੋਡ, ਗੋਇੰਦਵਾਲ ਬਾਈਪਾਸ ਅਤੇ ਮੁਰਾਦਪੁਰਾ ਰੋਡ ਰਾਹੀਂ ਹਾਈਵੇ ਨੂੰ ਡਾਈਵਰਟ ਕੀਤੇ ਜਾਣ ਦਾ ਪਲਾਨ ਤਿਆਰ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਸਥਾਨਕ ਰੇਲਵੇ ਸਟੇਸ਼ਨ ਦੇ ਇੰਚਾਰਜ ਉਮੇਸ਼ ਕੁਮਾਰ ਨੇ ਦੱਸਿਆ ਹੈ ਕਿ ਮਿਤੀ 29 ਅਪ੍ਰੈਲ ਸ਼ਨੀਵਾਰ ਦੀ ਸਵੇਰ 7:00 ਵਜੇ ਤੋਂ 29 ਅਪ੍ਰੈਲ ਐਤਵਾਰ ਰਾਤ 8:00 ਵਜੇ ਤੱਕ, ਅੰਮ੍ਰਿਤਸਰ-ਖੇਮਕਰਨ ਰੇਲਵੇ ਲਾਈਨ ਦੇ ਗੇਟ ਨੰ. ਬੀ-30 ਤਰਨਤਾਰਨ (ਗੁਰਦੁਆਰਾ ਟੱਕਰ ਸਾਹਿਬ ਰੇਲਵੇ ਫਾਟਕ) ਨੂੰ ਰੇਲ ਲਾਈਨਾਂ ਦੀ ਜ਼ਰੂਰੀ ਮੁਰੰਮਤ ਕਰਕੇ ਬੰਦ ਕੀਤਾ ਜਾ ਰਿਹਾ ਹੈ। ਰੇਲਵੇ ਸਟੇਸ਼ਨ ਦੇ ਇੰਚਾਰਜ ਉਮੇਸ਼ ਕੁਮਾਰ ਨੇ ਅੱਗੇ ਦੱਸਿਆ ਕਿ ਲਾਈਨਾਂ ਦੀ ਜ਼ਰੂਰੀ ਮੁਰੰਮਤ ਅਤੇ ਜਾਂਚ ਦੇ ਚੱਲਦਿਆਂ ਦੋ ਦਿਨ ਲਗਾਤਾਰ ਰੋਡ ਟ?ਰੈਫਿਕ ਨੂੰ ਬੰਦ ਰੱਖਿਆ ਜਾਵੇਗਾ ਜਦ ਕਿ ਅੰਮ੍ਰਿਤਸਰ ਤੋਂ ਖੇਮਕਰਨ ਅਤੇ ਤਰਨਤਾਰਨ ਤੋਂ ਬਿਆਸ ਜਾਣ ਵਾਲੀ ਡੀ.ਐੱਮ.ਯੂ ਗੱਡੀਆਂ ਨਿਰਵਿਘਨ ਉਸੇ ਸਮੇਂ 'ਤੇ ਚੱਲਣਗੀਆਂ।

## ਲੁਧਿਆਣਾ 'ਚ ਡੇਂਗੂ ਦਾ ਡੰਗ: ਹਸਪਤਾਲਾਂ 'ਚ 350 ਤੋਂ ਪਾਰ ਮਰੀਜ਼, ਪਰ ਸਿਹਤ ਵਿਭਾਗ ਦੀਆਂ ਫਾਈਲਾਂ 'ਚ ਸਿਰ.ਫ 1 !

ਲੁਧਿਆਣਾ 29 ਅਪ੍ਰੈਲ। ਉਦਯੋਗਿਕ ਨਗਰ ਲੁਧਿਆਣਾ ਵਿੱਚ ਬੇਮੌਸਮੀ ਬਾਰਿਸ਼ ਤੋਂ ਬਾਅਦ ਹੁਣ ਡੇਂਗੂ ਨੇ ਭਿਆਨਕ ਰੂਪ ਧਾਰਨ ਕਰਨਾ ਸ਼ੁਰੂ ਕਰ ਦਿੱਤਾ ਹੈ। ਸ਼ਹਿਰ ਦੇ ਵੱਖ-ਵੱਖ ਨਿੱਜੀ ਤੇ ਸਰਕਾਰੀ ਹਸਪਤਾਲਾਂ ਦੀ ਰਿਪੋਰਟ ਅਨੁਸਾਰ ਡੇਂਗੂ ਪੀੜਤਾਂ ਦੀ ਗਿਣਤੀ 350 ਦੇ ਅੰਕੜੇ ਨੂੰ ਪਾਰ ਕਰ ਚੁੱਕੀ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜ਼ਿਲ੍ਹਾ ਸਿਹਤ ਵਿਭਾਗ ਇਨ੍ਹਾਂ ਅੰਕੜਿਆਂ ਨੂੰ ਮੰਨਣ ਲਈ ਤਿਆਰ ਨਹੀਂ ਹੈ। ਵਿਭਾਗੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਹੁਣ ਤੱਕ ਸਿਰਫ਼ ਇੱਕ ਹੀ ਮਰੀਜ਼ ਦੀ ਰਿਪੋਰਟ ਪਾਜ਼ੇਟਿਵ ਆਈ ਹੈ, ਜਦਕਿ ਬਾਕੀ ਸਾਰੇ ਮਰੀਜ਼ ਸਿਰਫ਼ 'ਸ਼ੱਕੀ' ਸ਼੍ਰੇਣੀ ਵਿੱਚ ਹਨ। ਸਿਹਤ ਮਾਹਿਰਾਂ ਤੇ ਆਮ ਲੋਕਾਂ ਦਾ ਦੋਸ਼ ਹੈ ਕਿ ਸਿਹਤ ਵਿਭਾਗ ਜਾਣਬੁੱਝ ਕੇ ਅੰਕੜਿਆਂ ਨੂੰ ਛੁਪਾ ਰਿਹਾ ਹੈ। ਅੰਕੜੇ ਘੱਟ ਦਿਖਾ ਕੇ ਵਿਭਾਗ ਨਾ ਸਿਰਫ਼ ਆਪਣੀ ਮੈਨਪਾਵਰ ਬਚਾ ਰਿਹਾ ਹੈ, ਬਲਕਿ ਦਵਾਈਆਂ ਦੇ ਖਰਚੇ ਤੋਂ ਵੀ ਪਾਸਾ ਵੱਟ ਰਿਹਾ ਹੈ। ਦੂਜੇ ਪਾਸੇ ਹਸਪਤਾਲ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਹ ਮਰੀਜ਼ਾਂ ਦੇ ਲੱਛਣਾਂ ਤੇ ਟੈਸਟਾਂ ਦੇ ਆਧਾਰ 'ਤੇ ਹੀ ਇਲਾਜ ਕਰ ਰਹੇ ਹਨ। ਡੇਂਗੂ ਵਰਗੀ ਮਹਾਮਾਰੀ ਨਾਲ ਨਜਿੱਠਣ ਲਈ ਸਿਹਤ ਵਿਭਾਗ ਤੇ ਨਗਰ ਨਿਗਮ ਦਾ ਆਪਸੀ ਤਾਲਮੇਲ ਬਹੁਤ ਜ਼ਰੂਰੀ ਹੈ। ਲੋਕਾਂ ਦੀ ਮੰਗ ਹੈ ਕਿ ਡਿਪਟੀ ਕਮਿਸ਼ਨਰ (ਡੀ.ਸੀ.) ਨੂੰ ਤੁਰੰਤ ਦਖ਼ਲ ਦੇ ਕੇ ਸਾਰੇ ਸਬੰਧਤ ਵਿਭਾਗਾਂ ਦੀ ਹੰਗਾਮੀ ਮੀਟਿੰਗ ਬੁਲਾਉਣੀ ਚਾਹੀਦੀ ਹੈ। ਵਧਦੇ ਖ਼ਤਰੇ ਨੂੰ ਦੇਖਦਿਆਂ ਸਿਹਤ ਨਿਦੇਸ਼ਕ ਨੇ ਸਾਰੇ ਸਿਵਲ ਹਸਪਤਾਲਾਂ ਨੂੰ ਵਿਸ਼ੇਸ਼ ਡੇਂਗੂ ਵਾਰਡ ਬਣਾਉਣ ਤੇ ਮੱਛਰਦਾਨੀਆਂ ਦਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਪਿਆਕੜਾਂ ਲਈ ਖ਼ਤਰੇ ਦੀ ਘੰਟੀ, ਹੋਸ਼ ਉਡਾ ਦੇਵੇਗੀ ਇਹ ਖ਼ਬਰ

ਕੌਮੀ ਪਤ੍ਰਿਕਾ

ਪਟਿਆਲਾ 29 ਅਪ੍ਰੈਲ। ਚੰਡੀਗੜ੍ਹ ਤੋਂ ਸਸਤੀ ਸ਼ਰਾਬ ਦੀ ਲਿਆ ਕੇ ਮਹਿੰਗੇ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ 'ਚ ਭਰ ਕੇ ਵੇਚਣ ਦੇ ਮਾਮਲੇ ਵਿਚ ਐਕਸਾਈਜ਼ ਵਿਭਾਗ ਦੀ ਟੀਮ ਨੇ ਇੰਸਪੈਕਟਰ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਰੇਡ ਮਾਰ ਕੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਵਾਂ ਖਿਲਾਫ ਥਾਣਾ ਸਿਵਲ ਲਾਈਨ ਵਿਖੇ ਐਕਸਾਈਜ਼ ਐਕਟ ਅਤੇ 346 ਅਤੇ 318 ਬੀ. ਐੱਨ. ਐੱਸ. ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਦਿੰਦਿਆਂ ਇੰਸਪੈਕਟਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਇਥੇ ਚੰਡੀਗੜ੍ਹ ਦੀ ਸਸਤੀ ਸ਼ਰਾਬ ਲਿਆ ਕੇ ਮਹਿੰਗੇ ਬ੍ਰਾਂਡਾ ਜਿਵੇਂ ਬਲੈਕ ਲੇਵਲ ਸਕੋਚ, ਬਲੈਕ ਡੋਗ ਗੋਲਡ ਅਤੇ 100 ਪਾਈਪਰ ਵਰਗੇ ਮਹਿੰਗੇ ਬ੍ਰਾਂਡਾਂ ਦੀਆਂ ਬੋਤਲਾਂ 'ਚ ਪਾ ਕੇ ਵੇਚੇ ਜਾਂਦੇ ਹਨ। ਜਾਂਚ ਕਰਨ ਤੋਂ ਬਾਅਦ ਪੁਲਸ ਪਾਰਟੀ ਸਮੇਤ ਲਹਿਲ ਵਿਖੇ ਰੇਡ ਕੀਤੀ। ਅਰਜੁਨ ਕੁਮਾਰ ਪੁੱਤਰ ਨਰਿੰਦਰ ਕੁਮਾਰ ਵਾਸੀ ਬਾਬਾ



ਜੀਵਨ ਸਿੰਘ ਨਗਰ ਪਾਸੀ ਰੋਡ ਪਟਿਆਲਾ ਅਤੇ ਪੁਨੀਤ ਕੁਮਾਰ ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਡੀ. ਐੱਮ. ਡਬਲਯੂ. ਪਟਿਆਲਾ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੌਕੇ ਤੋਂ ਚੰਡੀਗੜ੍ਹ ਸ਼ਰਾਬ ਦੀਆਂ 34 ਬੋਤਲਾਂ ਬਰਾਮਦ ਕੀਤੀਆਂ ਗਈਆਂ ਅਤੇ ਮੌਕੇ ਤੋਂ ਬਲੈਕ ਲੇਵਲ ਅਤੇ ਬਾਕੀ ਬ੍ਰਾਂਡ ਦੀਆਂ ਖਾਲੀ ਬੋਤਲਾਂ ਵੀ ਬਰਾਮਦ ਕੀਤੀਆਂ ਗਈਆਂ। ਮੌਕੇ ਤੋਂ ਢੱਕਣ ਦੀਆਂ ਸੀਲਾਂ ਵੀ ਬਰਾਮਦ ਕੀਤੀਆਂ ਗਈਆਂ। ਇੰਸਪੈਕਟਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਵਿਅਕਤੀ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਐਕਸਾਈਜ਼ ਵਿਭਾਗ ਵੱਲੋਂ ਅਜਿਹੇ ਅਨਸਰਾਂ ਖਿਲਾਫ ਕਾਰਵਾਈ ਜਾਰੀ ਰਹੇਗੀ। ਇਸ ਲਈ ਲਗਾਤਾਰ ਜਿਥੇ ਵੀ ਸੂਚਨਾ ਮਿਲੇਗੀ, ਉੱਥੇ ਛਾਪੇਮਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਥਾਣਾ ਕੋਤਵਾਲੀ ਅਧੀਨ ਪੈਂਦੇ ਲਟੂਰਪੁਰਾ ਮੁਹੱਲੇ ਵਿਚ ਵੀ ਛਾਪੇਮਾਰੀ ਕਰ ਕੇ ਸ਼ਰਾਬ ਫੜ ਕੇ ਕੇਸ ਦਰਜ ਕੀਤਾ ਗਿਆ ਸੀ।

## ਪੁਲਸ ਮੁਲਾਜ਼ਮਾਂ 'ਤੇ 15 ਏਕੜ ਕਣਕ ਦੀ .ਫਸਲ ਲੁੱਟਣ ਦੇ ਦੋਸ਼

ਕੌਮੀ ਪਤ੍ਰਿਕਾ

ਬਠਿੰਡਾ 29 ਅਪ੍ਰੈਲ। ਜ਼ਿਲ੍ਹੇ ਦੇ ਪਿੰਡ ਗੁਰੂਸਰ ਜੱਗਾ 'ਚ ਪੰਜਾਬ ਪੁਲਸ ਨਾਲ ਜੁੜੇ ਦੱਸੇ ਜਾ ਰਹੇ ਦੋ ਵਿਅਕਤੀਆਂ 'ਤੇ ਦਿਨ-ਦਿਹਾੜੇ 15 ਏਕੜ ਕਣਕ ਦੀ ਫ਼ਸਲ ਜ਼ਬਰਦਸਤੀ ਕਟਵਾ ਕੇ ਲੈ ਜਾਣ ਦੇ ਸਨਸਨੀਖੇਜ਼ ਦੋਸ਼ ਲੱਗੇ ਹਨ। ਸ਼ਿਕਾਇਤ ਮਿਲਦੇ ਹੀ ਥਾਣਾ ਤਲਵੰਡੀ ਸਾਬੋ ਪੁਲਸ ਨੇ ਨਾਮਜ਼ਦ ਦੋਸ਼ੀਆਂ ਸਮੇਤ ਕੁੱਝ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਅਕਵਿੰਦਰ ਕੌਰ ਨੇ ਦੱਸਿਆ ਕਿ ਉਸਦਾ ਪਤੀ ਅਮਨਿੰਦਰ ਸਿੰਘ ਇੱਕ ਕਤਲ ਕੇਸ 'ਚ ਜੇਲ੍ਹ 'ਚ ਬੰਦ ਹੈ ਅਤੇ ਉਸਦੇ ਨਾਂ 'ਤੇ ਕਰੀਬ 17 ਏਕੜ ਜ਼ਮੀਨ ਹੈ। ਇਸ ਸਾਲ ਕਣਕ ਦੀ ਫ਼ਸਲ ਦੀ ਕਟਾਈ ਉਸਦੇ ਭਰਾ ਸੈਲਦੀਪ ਸਿੰਘ ਵੱਲੋਂ ਕਰਵਾਈ ਗਈ ਸੀ, ਜਿਸ ਨੂੰ ਅਸਥਾਈ ਤੌਰ 'ਤੇ ਤਲਵੰਡੀ ਸਾਬੋ ਨਿਵਾਸੀ ਖੇਤਾ ਸਿੰਘ ਕੋਲ ਰਖਵਾਇਆ ਗਿਆ ਸੀ। ਦੋਸ਼ ਹੈ ਕਿ 9 ਅਪ੍ਰੈਲ 2026 ਨੂੰ




ਦੁਪਹਿਰ ਕਰੀਬ 12 ਵਜੇ ਵੀਰਪਾਲ ਕੌਰ ਅਤੇ ਉਸਦਾ ਪਤੀ ਸੁਖਵਿੰਦਰ ਸਿੰਘ, ਜੋ ਮਾਨਸਾ 'ਚ ਪੁਲਸ ਵਿਭਾਗ 'ਚ ਤਾਇਨਾਤ ਦੱਸੇ ਜਾ ਰਹੇ ਹਨ, ਆਪਣੇ ਸਾਥੀਆਂ ਨਾਲ ਖੇਤ 'ਚ ਪਹੁੰਚੇ। ਟਰੈਕਟਰ-ਟਰਾਲੀਆਂ ਅਤੇ ਕੰਬਾਈਨ ਮਸ਼ੀਨ ਨਾਲ ਕਰੀਬ 15 ਏਕੜ ਕਣਕ ਦੀ ਫ਼ਸਲ ਕਟਵਾ ਕੇ ਜ਼ਬਰਦਸਤੀ ਲੈ ਗਏ। ਉਨ੍ਹਾਂ ਨਾਲ ਗੁਰਵਿੰਦਰ ਸਿੰਘ ਨਿਵਾਸੀ ਗੁਰੂਸਰ ਜੱਗਾ ਸਮੇਤ ਹੋਰ ਵਿਅਕਤੀ ਵੀ ਮੌਜੂਦ ਸਨ। ਪੀੜਤਾ ਦੇ ਮੁਤਾਬਕ ਜਦੋਂ ਉਸਨੇ ਅਤੇ ਉਸਦੇ ਭਰਾ ਨੇ ਵਿਰੋਧ ਕੀਤਾ ਤਾਂ ਦੋਸ਼ੀਆਂ ਨੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਪੁਲਸ ਨੇ ਵੀਰਪਾਲ ਕੌਰ, ਸੁਖਵਿੰਦਰ ਸਿੰਘ, ਗੁਰਵਿੰਦਰ ਸਿੰਘ ਸਮੇਤ ਹੋਰ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਘਟਨਾ ਨੇ ਪੁਲਸ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

## ਫਾਜ਼ਿਲਕਾ 'ਚ ਦਰਦਨਾਕ ਹਾਦਸਾ : ਕੰਬਾਈਨ ਤੋਂ ਡਿੱਗਣ ਕਾਰਨ ਮਜ਼ਦੂਰ ਦੀ ਮੌਤ

ਫਾਜ਼ਿਲਕਾ 29 ਅਪ੍ਰੈਲ। ਫਾਜ਼ਿਲਕਾ ਦੇ ਪਿੰਡ ਕਬੂਲਸ਼ਾਹ ਖੁੱਬਣ 'ਚ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਮਜ਼ਦੂਰ ਦੀ ਕੰਬਾਈਨ ਹਾਰਵੈਸਟਰ ਤੋਂ ਡਿੱਗਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਭੇਜ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਪਿੰਡ ਦੇ ਸਰਪੰਚ ਬਲਵੀਰ ਸਿੰਘ ਨੇ ਦੱਸਿਆ ਕਿ ਇੱਕ ਪਰਿਵਾਰ ਵੱਲੋਂ ਖੇਤਾਂ 'ਚ ਕਣਕ ਦੀ ਕਟਾਈ ਕਰਵਾਈ ਜਾ ਰਹੀ ਸੀ। ਜਦੋਂ ਇੱਕ ਖੇਤ ਦੀ ਕਟਾਈ ਤੋਂ ਬਾਅਦ ਦੂਜੇ ਖੇਤ ਜਾਣਾ ਸੀ ਤਾਂ ਰਸਤਾ ਦਿਖਾਉਣ ਲਈ ਖੇਤ ਮਾਲਕ ਨੇ ਆਪਣੇ ਮਜ਼ਦੂਰ ਗੁਰਭੇਜ ਸਿੰਘ ਨੂੰ ਕੰਬਾਈਨ 'ਤੇ ਬਿਠਾ ਦਿੱਤਾ। ਦੋਸ਼ ਹਨ ਕਿ ਰਸਤੇ 'ਚ ਕੰਬਾਈਨ ਚਾਲਕ ਅਤੇ ਉਸ ਦੇ ਸਾਥੀ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ। ਜਦੋਂ ਗੁਰਭੇਜ ਸਿੰਘ ਨੇ ਉਨ੍ਹਾਂ ਦਾ ਬਚਾਅ ਕਰਨ ਅਤੇ ਝਗੜਾ ਛੁਡਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਚਲਦੀ ਕੰਬਾਈਨ ਤੋਂ ਹੇਠਾਂ ਡਿੱਗ ਗਿਆ। ਪਰਿਵਾਰ ਦਾ ਦੋਸ਼ ਹੈ ਕਿ ਉਸ ਨੂੰ ਚੱਲਦੀ



ਕੰਬਾਈਨ ਤੋਂ ਧੱਕਾ ਦਿੱਤਾ ਗਿਆ, ਜਿਸ ਕਾਰਨ ਉਹ ਟਾਇਰ ਦੇ ਹੇਠਾਂ ਆ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੇ ਪੁੱਤਰ ਸੁਰਜੀਤ ਸਿੰਘ ਨੇ ਇਸ ਮਾਮਲੇ 'ਚ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਖੂਈਖੇੜਾ ਦੇ ਐੱਸ. ਐੱਚ. ਓ. ਪ੍ਰਗਟ ਸਿੰਘ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਲਾਸ਼ ਨੂੰ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸੜਕ ਹਾਦਸੇ 'ਚ ਜ਼ਖਮੀ ਵਿਅਕਤੀ ਦੀ ਇਲਾਜ ਦੌਰਾਨ ਹੋਈ ਮੌਤ

ਫਿਰੋਜ਼ਪੁਰ 29 ਅਪ੍ਰੈਲ। ਮੁੱਦਕੀ ਵਿਖੇ ਹੋਏ ਸੜਕ ਹਾਦਸੇ 'ਚ ਜ਼ਖਮੀ ਹੋਏ ਇਕ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਗਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਵਾਰਡ ਨੰਬਰ-11 ਮੁੱਦਕੀ ਨੇ ਦੱਸਿਆ ਕਿ ਉਸ ਦਾ ਪੁੱਤਰ ਕੁਲਵਿੰਦਰ ਸਿੰਘ ਮੋਗਾ ਵਿਖੇ ਪ੍ਰਾਈਵੇਟ ਨੌਕਰੀ ਕਰਦਾ ਸੀ, ਜੋ 25 ਅਪ੍ਰੈਲ 2026 ਨੂੰ ਆਪਣੇ ਕੰਮ ਤੋਂ ਵਾਪਸ ਆਪਣੀ ਕਾਰ 'ਤੇ ਵਾਪਸ ਮੋਗਾ ਤੋਂ ਆ ਰਿਹਾ ਸੀ। ਮੰਗਾ ਸਿੰਘ ਨੇ ਦੱਸਿਆ ਕਿ ਜਦ ਉਸ ਦਾ ਪੁੱਤਰ ਮੁੱਦਕੀ ਪੁਲ ਉੱਪਰ ਪੁੱਜਿਆ ਤਾਂ ਕਿਸੇ ਕਾਰਨ ਆਪਣੀ ਕਾਰ ਤੋਂ ਬਾਹਰ ਨਿਕਲਣ ਲੱਗਾ ਤਾਂ ਪਿੱਛੇ ਤੋਂ ਆ ਰਹੀ ਤੇਜ਼ ਰਫ਼ਤਾਰ ਕਾਰ ਉਸ ਦੇ ਵਿਚ ਵੱਜਣ ਕਾਰਨ ਉਸ ਦੇ ਸੱਟਾਂ ਵੱਜ ਗਈਆਂ। ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾਖ਼ਲ ਕਰਵਾਇਆ ਗਿਆ। ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵ?ਹੀਕਲ ਚਾਲਕ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਨਸ਼ਾ ਤਸਕਰਾਂ ਦੇ ਨਿਸ਼ਾਨੇ 'ਤੇ ਹੁਣ ਸਕੂਲ-ਕਾਲਜ, ਵਿਦਿਆਰਥੀਆਂ ਨੂੰ ਬਣਾ ਰਹੇ ਮੋਹਰਾ : ਸੁਪਰੀਮ ਕੋਰਟ

ਨਵੀਂ ਦਿੱਲੀ 29 ਅਪ੍ਰੈਲ। ਦੇਸ਼ ਵਿਚ ਵਧ ਰਹੇ ਨਸ਼ਿਆਂ ਦੇ ਜਾਲ 'ਤੇ ਚਿੰਤਾ ਪ੍ਰਗਟ ਕਰਦਿਆਂ ਸੁਪਰੀਮ ਕਰੋਟ ਨੇ ਇਕ ਅਹਿਮ ਸੁਣਵਾਈ ਦੌਰਾਨ ਸਖ਼ਤ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਹੁਣ ਸਕੂਲ ਅਤੇ ਕਾਲਜ ਸਿੱਧੇ ਤੌਰ 'ਤੇ ਡਰੱਗ ਤਸਕਰਾਂ ਦੇ ਨਿਸ਼ਾਨੇ 'ਤੇ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਤਸਕਰ ਵਿਦਿਆਰਥੀਆਂ ਨੂੰ ਸਿਰਫ਼ ਨਸ਼ੇ ਦੇ ਆਦਿ ਹੀ ਨਹੀਂ ਬਣਾ ਰਹੇ ਸਗੋਂ ਉਨ੍ਹਾਂ ਦੀ ਵਰਤੋਂ ਅੱਗੇ ਨਸ਼ਾ ਵੇਚਣ ਲਈ ਕਰੀਅਰ ਵਜੋਂ ਵੀ ਕਰ ਰਹੇ ਹਨ। ਇਹ ਮਾਮਲਾ ਕਾਨੂੰਨ ਦੀ ਇਕ 21 ਸਾਲਾ ਵਿਦਿਆਰਥਣ ਨਾਲ ਜੁੜਿਆ ਹੋਇਆ ਹੈ, ਜਿਸ ਕੋਲੋਂ 20 ਗ੍ਰਾਮ ਗਾਂਜਾ ਮਿਲਣ ਦਾ ਦਾਅਵਾ ਕੀਤਾ ਗਿਆ ਸੀ। ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਵਿਜੇ ਬਿਸ਼ਨੋਈ ਦੇ ਬੈਂਚ ਨੇ ਵਿਦਿਆਰਥਣ ਦੇ ਕਰੀਅਰ ਨੂੰ ਮੁੱਖ ਰੱਖਦੇ ਹੋਏ ਉਸ ਵਿਰੁੱਧ ਫਿਲਹਾਲ ਕਿਸੇ ਵੀ ਸਖ਼ਤ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਵਿਦਿਆਰਥੀ ਦੇ ਕਰੀਅਰ ਨੂੰ ਧਿਆਨ ਵਿੱਚ ਰੱਖਦੇ ਅੰਤਰਿਮ ਰਾਹਤ ਦਿੱਤੀ ਹੈ ਪਰ ਮਾਮਲੇ ਦੀ ਗੰਭੀਰਤਾ 'ਤੇ ਜ਼ੋਰ ਦਿੱਤਾ ਹੈ। ਅਦਾਲਤ ਨੇ ਚਿਤਾਵਨੀ ਦਿੱਤੀ ਕਿ ਤਸਕਰਾਂ ਨੇ ਵਿਦਿਅਕ ਸੰਸਥਾਵਾਂ ਵਿਚ ਆਪਣਾ ਜਾਲ ਵਿਛਾ ਲਿਆ ਹੈ। ਪੁਲਸ ਹੁਣ ਸਕੂਲਾਂ ਅਤੇ ਕਾਲਜਾਂ ਦੇ ਆਲੇ-ਦੁਆਲੇ ਨਿਗਰਾਨੀ ਅਤੇ ਕਾਰਵਾਈ 'ਤੇ ਵਧੇਰੇ ਧਿਆਨ ਕੇਂਦਰਿਤ ਕਰੇਗੀ।

## ਆਖਿਰ ਲੱਭ ਗਿਆ ਵਿਸਾਖੀ ਬੰਪਰ ਦਾ 6 ਕਰੋੜ ਜਿੱਤਣ ਵਾਲਾ ਬੰਦਾ, ਕੌਣ ਬਣਿਆ ਕਰੋੜਪਤੀ

ਕੌਮੀ ਪਤ੍ਰਿਕਾ

ਲੁਧਿਆਣਾ 29 ਅਪ੍ਰੈਲ। 6 ਕਰੋੜ ਰੁਪਏ ਦਾ ਵਿਸਾਖੀ ਬੰਪਰ ਜਿੱਤਣ ਵਾਲੇ ਵਿਅਕਤੀ ਦੀ ਸ਼ਨਾਖਤ ਹੋ ਗਈ ਹੈ। ਇਹ ਲਾਟਰੀ ਦਿੱਲੀ ਦੇ ਇਕ ਸੇਵਾਮੁਕਤ ਪੋਸਟਮਾਸਟਰ ਨੇ ਲੁਧਿਆਣਾ ਦੀ ਇਕ ਏਜੰਸੀ ਤੋਂ ਖਰੀਦੀ ਸੀ, ਜਿਸ ਨੇ ਉਸ ਨੂੰ ਕਰੋੜਪਤੀ ਬਣਾ ਦਿੱਤਾ। ਮਿਲੀ ਜਾਣਕਾਰੀ ਮੁਤਾਬਕ ਇਹ ਇਨਾਮ ਦਿੱਲੀ ਦੇ ਪੱਛਮੀ ਵਿਹਾਰ ਵਿਚ ਰਹਿਣ ਵਾਲੇ ਇਕ ਸੇਵਾਮੁਕਤ ਪੋਸਟਮਾਸਟਰ ਓਮਪ੍ਰਕਾਸ਼ ਨੇ ਜਿੱਤਿਆ ਹੈ। ਓਮਪ੍ਰਕਾਸ਼ ਪਿਛਲੇ 30 ਸਾਲਾਂ ਤੋਂ ਲਾਟਰੀ ਟਿਕਟਾਂ ਖਰੀਦ ਰਿਹਾ ਸੀ। ਉਨ੍ਹਾਂ ਨੇ ਇਹ ਟਿਕਟ 1 ਅਪ੍ਰੈਲ ਨੂੰ ਘੰਟਾ ਘਰ ਸਥਿਤ ਇਕ ਦੁਕਾਨ ਤੋਂ ਖਰੀਦੀ ਸੀ। 18 ਅਪ੍ਰੈਲ ਨੂੰ ਉਨ੍ਹਾਂ ਨੇ ਵਿਸਾਖੀ ਬੰਪਰ ਡਰਾਅ ਵਿਚ 6 ਕਰੋੜ ਦਾ ਪਹਿਲਾ ਇਨਾਮ ਜਿੱਤਿਆ। ਪਹਿਲੇ ਇਨਾਮ ਲਈ ਜੇਤੂ ਨੰਬਰ ਬੀ-




ਸੀਰੀਜ਼ 520720 ਹੈ। ਓਮਪ੍ਰਕਾਸ਼ ਨੇ ਇਹ ਲਾਟਰੀ ਟਿਕਟ 500 ਵਿਚ ਖਰੀਦੀ ਸੀ। ਇਥੇ ਇਹ ਵੀ ਦੱਸਣਯੋਗ ਹੈ ਕਿ ਵਿਸਾਖੀ ਬੰਪਰ ਦਾ ਨਤੀਜਾ ਐਲਾਨਣ ਤੋਂ ਬਾਅਦ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਇਹ ਟਿਕਟ ਕਿਸ ਕੋਲ ਹੈ। ਬੜੀ ਹੈਰਾਨੀ ਦੀ ਗੱਲ ਸੀ ਕਿ ਇਨਾਮ ਨਿਕਲਣ ਤੋਂ ਦੋ-ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਵੀ ਜੇਤੂ ਦਾ ਪਤਾ ਨਹੀਂ ਲੱਗ ਸਕਿਆ ਸੀ। ਹੁਣ ਜਦੋਂ ਓਮਪ੍ਰਕਾਸ਼ ਨੂੰ ਪਤਾ ਲੱਗ ਗਿਆ ਹੈ ਕਿ ਉਹ 6 ਕਰੋੜ ਰੁਪਏ ਦਾ ਮਾਲਕ ਬਣ ਗਿਆ ਹੈ ਤਾਂ ਉਸ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ। ਓਮਪ੍ਰਕਾਸ਼ ਦੇ ਪੁੱਤਰ ਮਨੋਜ ਨੇ ਕਿਹਾ ਕਿ ਉਸਦੇ ਪਿਤਾ ਨੂੰ ਡਾਕਘਰ ਤੋਂ ਪੈਨਸ਼ਨ ਮਿਲਦੀ ਹੈ, ਇਸ ਲਈ ਉਨ੍ਹਾਂ ਨੂੰ ਪੈਸੇ ਦਾ ਕੋਈ ਲਾਲਚ ਨਹੀਂ ਹੈ। ਉਹ ਮਿਲਣ ਵਾਲੀ ਇਨਾਮੀ ਰਕਮ ਦੀ ਸਹੀ ਵਰਤੋਂ ਕਰਨ ਦਾ ਇਰਾਦਾ ਰੱਖਦੇ ਹਨ। ਉਹ ਆਪਣੇ ਇਲਾਕੇ ਦੇ ਲੋੜਵੰਦਾਂ ਦੇ ਨਾਲ-ਨਾਲ ਅਨਾਥ ਆਸ਼ਰਮਾਂ ਦੀ ਵੀ ਮਦਦ ਜ਼ਰੂਰ ਕਰਨਗੇ। ਇਹ ਰਕਮ ਉਨ੍ਹਾਂ ਦੇ ਪਰਿਵਾਰ ਲਈ ਕਾਫ਼ੀ ਹੈ। ਅੱਜ ਪੂਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਹੈ। ਦੂਜੇ ਪਾਸੇ ਸੇਵਾਮੁਕਤ ਪੋਸਟਮਾਸਟਰ ਓਮ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਲੁਧਿਆਣਾ ਵਿਚ ਰਹਿੰਦੇ ਹਨ। ਉਹ ਅਕਸਰ ਲੁਧਿਆਣਾ ਆਉਂਦੇ ਰਹਿੰਦੇ ਹਨ। ਉਹ ਪਿਛਲੇ 30 ਸਾਲਾਂ ਤੋਂ ਲਾਟਰੀ ਟਿਕਟਾਂ ਖਰੀਦ ਰਹੇ ਹਨ। ਕਈ ਵਾਰ ਉਨ੍ਹਾਂ ਦੇ ਰਿਸ਼ਤੇਦਾਰਾਂ ਵੱਲੋਂ ਕੋਰੀਅਰ ਰਾਹੀਂ ਭੇਜੀਆਂ ਗਈਆਂ ਲਾਟਰੀ ਟਿਕਟਾਂ ਉਨ੍ਹਾਂ ਨੂੰ ਮਿਲਦੀਆਂ ਸਨ। ਜਦੋਂ ਮੈਂ ਲਾਟਰੀ ਅਰਜ਼ੀ ਦੀ ਜਾਂਚ ਕੀਤੀ ਤਾਂ ਮੈਨੂੰ ਪਤਾ ਲੱਗਾ ਕਿ ਮੈਂ ਬੰਪਰ ਇਨਾਮ ਜਿੱਤ ਲਿਆ ਹੈ।

## ਵਿਅਕਤੀ ਨੇ ਸਰਹਿੰਦ ਨਹਿਰ 'ਚ ਮਾਰੀ ਛਾਲ

ਬਠਿੰਡਾ : ਸਵੇਰੇ ਇਕ ਅਣਪਛਾਤੇ ਵਿਅਕਤੀ ਵਲੋਂ ਅਚਾਨਕ ਸਰਹਿੰਦ ਨਹਿਰ 'ਚ ਛਾਲ ਮਾਰ ਦਿੱਤੀ ਗਈ। ਸੂਚਨਾ ਮਿਲਣ 'ਤੇ ਸਹਾਰਾ ਜਨ ਸੇਵਾ ਦੀ ਲਾਈਫ਼ ਸੇਵਿੰਗ ਬ੍ਰਿਗੇਡ ਅਤੇ ਐੱਨ. ਡੀ. ਆਰ. ਐੱਫ਼. ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਰਾਹਤ ਕਾਰਜ ਸ਼ੁਰੂ ਕੀਤੇ। ਜਾਣਕਾਰੀ ਅਨੁਸਾਰ ਸਵੇਰੇ ਇਕ ਅਣਪਛਾਤੇ ਵਿਅਕਤੀ ਵਲੋਂ ਅਚਾਨਕ ਸਰਹਿੰਦ ਨਹਿਰ ਦੀ ਬਠਿੰਡਾ ਬ੍ਰਾਂਚ 'ਚ ਛਾਲ ਮਾਰ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਸੰਸਥਾ ਵਰਕਰ ਅਤੇ ਐੱਨ. ਡੀ. ਆਰ. ਐੱਫ. ਦੇ ਜਵਾਨ ਮੌਕੇ 'ਤੇ ਪਹੁੰਚੇ ਅਤੇ ਨਹਿਰ 'ਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਥਰਮਲ ਪੁਲਸ ਦੀ ਟੀਮ ਵੀ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈ ਰਹੀ ਹੈ। ਨਹਿਰ ਦੇ ਤੇਜ਼ ਵਹਾਅ ਕਾਰਨ ਬਚਾਅ ਕਾਰਜਾਂ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪਵਨ ਗੁਪਤਾ ਉਤਰਾਖੰਡ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਲਈ 2 ਦਿਨਾ ਦੌਰੇ 'ਤੇ ਜਾਣਗੇ ਹਰਿਦੁਆਰ



**ਪਟਿਆਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ 26 ਅਪ੍ਰੈਲ ਨੂੰ ਪਟਿਆਲਾ, ਪੰਜਾਬ ਤੋਂ ਦੋ ਦਿਨਾਂ ਦੌਰੇ (26 ਤੋਂ 27 ਅਪ੍ਰੈਲ, 2026) ਲਈ ਹਰਿਦੁਆਰ ਜਾਣਗੇ, ਜਿੱਥੇ ਉਹ ਸ਼ਿਵ ਸੈਨਾ ਹਿੰਦੁਸਤਾਨ ਉਤਰਾਖੰਡ ਦੇ ਸੀਨੀਅਰ ਆਗੂਆਂ ਦੀ ਇੱਕ ਮੀਟਿੰਗ ਵਿੱਚ ਹਿੱਸਾ ਲੈਣਗੇ ਅਤੇ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੇ ਪ੍ਰਗਟ ਉਤਸਵ ਦੇ ਸਬੰਧ ਵਿੱਚ ਸ਼੍ਰੀ ਅਖੰਡ ਪਰਸ਼ੂਰਾਮ ਅਖਾੜੇ ਦੀ ਅਗਵਾਈ ਵਿੱਚ ਹਰਿਦੁਆਰ ਵਿੱਚ ਕੱਢੀ ਜਾ ਰਹੀ ਸੋਭਾ ਯਾਤਰਾ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਿੱਸਾ ਲੈਣਗੇ।

ਜਿੱਥੇ ਉਹ ਸ਼ਿਵ ਸੈਨਾ ਹਿੰਦੁਸਤਾਨ ਉਤਰਾਖੰਡ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਵਿੱਚ ਹਿੱਸਾ ਲੈਣਗੇ ਅਤੇ ਅਤੇ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਪ੍ਰਗਟ ਉਤਸਵ ਦੇ ਖੁਸ਼ੀ ਵਿੱਚ ਕੱਢੀ ਜਾ ਰਹੀ ਸ਼ੋਭਾ ਯਾਤਰਾ ਵਿੱਚ ਹਿੱਸਾ ਲੈਣਗੇ, ਉੱਥੇ ਹੀ ਉਹ ਧਾਰਮਿਕ ਸ਼ਹਿਰ ਹਰਿਦੁਆਰ ਵਿੱਚ ਵੱਖ-ਵੱਖ ਸੰਤਾਂ, ਮਹਾਂਮੰਡਲੇਸ਼ਵਰਾਂ ਅਤੇ ਆਚਾਰੀਆ ਨਾਲ ਵਿਸ਼ੇਸ਼ ਮੀਟਿੰਗਾਂ ਵੀ ਕਰਨਗੇ ਤਾਂ ਜੋ ਸਨਾਤਨ ਹਿੰਦੂ ਧਰਮ ਦੇ ਇੱਕ ਮਹੱਤਵਪੂਰਨ ਕਾਨੂੰਨ, ਆਲ ਇੰਡੀਆ ਹਿੰਦੂ ਮੰਦਰ ਪ੍ਰਬੰਧਨ ਐਕਟ ਲਈ ਉਨ੍ਹਾਂ ਦਾ ਆਸ਼ੀਰਵਾਦ ਅਤੇ ਸਮਰਥਨ ਪ੍ਰਾਪਤ ਕੀਤਾ ਜਾ ਸਕੇ।

ਇਹ ਜ਼ਿਕਰਯੋਗ ਹੈ ਕਿ ਫਰਵਰੀ 2026 ਵਿੱਚ ਪਟਿਆਲਾ ਦੇ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਸਾਲਾਨਾ ਪਾਠ ਹੋਇਆ ਸੀ। ਉਸ ਸਮੇਂ ਹਰਿਦੁਆਰ ਤੋਂ ਕਈ ਮਹਾਨ ਸੰਤ ਵੀ ਇਸ ਧਾਰਮਿਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਆਏ ਸਨ ਅਤੇ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਅਖਿਲ ਭਾਰਤੀ ਹਿੰਦੂ ਮੰਦਰ ਪ੍ਰਬੰਧਨ ਐਕਟ 'ਤੇ ਆਪਣਾ ਆਸ਼ੀਰਵਾਦ ਅਤੇ ਸਮਰਥਨ ਦੇਣ ਬਾਰੇ ਗੱਲ ਕੀਤੀ ਸੀ। ਹੁਣ ਜਦੋਂ ਸ਼੍ਰੀ ਅਖੰਡ ਪਰਸ਼ੂਰਾਮ ਅਖਾੜੇ ਦੇ ਰਾਸ਼ਟਰੀ ਪ੍ਰਧਾਨ ਪੰਡਿਤ ਅਧੀਰ ਕੌਸ਼ਿਕ ਜੀ ਨੇ ਇੱਕ ਵਿਸ਼ੇਸ਼ ਸੱਦਾ ਦਿੱਤਾ ਹੈ ਅਤੇ ਇਸ ਵਿੱਚ ਹਿੱਸਾ ਲੈਣ ਲਈ ਬੇਨਤੀ ਕੀਤੀ ਹੈ, ਤਾਂ ਇਸ ਸ਼ੁਭ ਮੌਕੇ 'ਤੇ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਸਾਰੇ ਸੰਤਾਂ ਅਤੇ ਮਹਾਨ ਮੰਡਲੇਸ਼ਵਰ ਆਚਾਰੀਆ ਨੂੰ ਮਿਲਣਗੇ ਅਤੇ ਇਸ ਮੁੱਦੇ 'ਤੇ ਉਨ੍ਹਾਂ ਦਾ ਸਮਰਥਨ ਅਤੇ ਆਸ਼ੀਰਵਾਦ ਲੈਣਗੇ। 27 ਅਪ੍ਰੈਲ 2026 ਨੂੰ, ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਹਰਿਦੁਆਰ (ਉੱਤਰਾਖੰਡ) ਤੋਂ ਆਪਣਾ ਦੌਰਾ ਪੂਰਾ ਕਰਨ ਤੋਂ ਬਾਅਦ ਪਟਿਆਲਾ, ਪੰਜਾਬ ਵਾਪਸ ਆਉਣਗੇ।

# ਸਬ ਡਵੀਜਨ ਦਿੜ੍ਹਬਾ 'ਚ ਪੁਲਿਸ ਨੇ 15 ਨਸ਼ਾ ਤਸਕਰ ਕਾਬੂ ਕਰਕੇ 12 ਜਣਿਆਂ ਦੀ ਨਸ਼ਾ ਮੁਕਤੀ ਅਰੰਭੀ :. ਸਰਤਾਜ ਸਿੰਘ ਚਾਹਲ



**ਸੰਗਰੂਰ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਪੁਲਿਸ ਨੇ ਸਬ ਡਵੀਜਨ ਦਿੜ੍ਹਬਾ ਅੰਦਰ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਮੁਹਿੰਮ ਦੌਰਾਨ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ ਕਰਦਿਆਂ 15 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਪ੍ਰਗਟਾਵਾ ਸੰਗਰੂਰ ਦੇ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਨੇ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਨਸ਼ ?ਆਂ ਵਿਰੁੱਧ ਮੁਹਿੰਮ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਦਿੜ੍ਹਬਾ ਸਬ ਡਵੀਜਨ ਦੀ ਪੁਲਿਸ ਨੇ ਮਿਤੀ 17 ਅਪ੍ਰੈਲ ਤੋਂ 23 ਅਪ੍ਰੈਲ 2026 ਤੱਕ ਐੱਨ.ਡੀ.ਪੀ.ਐੱਸ ਐਕਟ ਤਹਿਤ 09 ਮੁੱਕਦਮੇ ਦਰਜ ਕਰਕੇ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਤੇ ਇੰਨਾਂ ਵੱਖ-ਵੱਖ ਮੁੱਕਦਮਿਆਂ ਵਿੱਚ 228 ਨਸ਼ੀਲੀਆਂ ਗੋਲੀਆਂ ਅਤੇ 24 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਤੋਂ ਇਲਾਵਾ ਨਸ਼ੇ ਦੀ ਦਲਦਲ ਵਿੱਚ ਫਸੇ 07 ਵਿਅਕਤੀਆਂ ਨੂੰ ਨਸ਼ਾ ਮੁਕਤੀ ਕੇਂਦਰ ਵਿੱਚ ਭਰਤੀ ਕਰਵਾਇਆ ਹੈ ਅਤੇ 05 ਵਿਅਕਤੀਆਂ ਦੀ ਓਟ ਸੈਂਟਰ ਵਿੱਚ ਰਜਿਸਟਰੇਸ਼ਨ ਕਰਵਾਕੇ ਦਵਾਈ ਸ਼ੁਰੂ ਕਰਵਾਈ ਗਈ ਹੈ।

ਉਨ੍ਹਾਂ ਹੋਰ ਦੱਸਿਆ ਕਿ ਸਬ ਡਵੀਜਨ ਦਿੜ੍ਹਬਾ ਦੀ ਪੁਲਿਸ ਵੱਲੋਂ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲਾਂ ਦੇ ਵੱਖ-ਵੱਖ ਜੁਰਮਾਂ ਤਹਿਤ 105 ਟਰੈਫਿਕ ਚਲਾਣ ਕੀਤੇ ਗਏ ਅਤੇ ਅਮਨ ਕਾਨੂੰਨ ਵਿੱਚ ਖਲਲ ਪਾਉਣ ਵਾਲੇ 18 ਵਿਅਕਤੀਆਂ ਖ਼ਿ ?ਲਾਫ਼ ਰੋਕੂ ਕਾਰਵਾਈ ਕੀਤੀ ਗਈ। ਇਲਾਕੇ ਵਿੱਚ ਆਮ ਪਬਲਿਕ ਦੀ ਸੁਰੱਖਿਆ ਦੇ ਮੱਦੇ ਨਜ਼ਰ ਦਿਨ-ਰਾਤ ਸਮੇਂ ਨਾਕਾਬੰਦੀ ਅਤੇ ਪੈਟਰੋਲਿੰਗ ਦੌਰਾਨ 60 ਸ਼ੱਕੀ ਵਿਅਕਤੀਆਂ ਖਿਲਾਫ 172 ਬੀ.ਐਨ.ਐਸ.ਐਸ. ਤਹਿਤ ਕਾਰਵਾਈ ਕੀਤੀ ਗਈ ਹੈ। ਐਸ.ਐਸ.ਪੀ ਚਾਹਲ ਨੇ ਲੋਕਾਂ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ ?ਆਂ ਦੇ ਕਾਲੇ ਕਾਰੋਬਾਰ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹ ਦੇਣ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੰਗਰੂਰ ਪੁਲਿਸ ਇਸ ਗੱਲੋਂ ਵਚਨਬੱਧ ਹੈ ਕਿ ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾਣ।

# ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸਤਲੁਜ ਦਰਿਆ ਵਿੱਚ ਮੱਛੀਆਂ ਦੇ ਮਰਨ ਦੀ ਜਾਂਚ

**ਪਟਿਆਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹਰੀਕੇ ਹੈੱਡ ਵਰਕਸ ਦੇ ਨੇੜੇ ਸਤਲੁਜ ਦਰਿਆ ਵਿੱਚ ਮੱਛੀਆਂ ਦੇ ਮਰਨ ਦੀ ਘਟਨਾ ਦੀ ਵਿਸਤ੍ਰਿਤ ਫੀਲਡ ਜਾਂਚ ਮੁਕੰਮਲ ਕਰ ਲਈ ਗਈ ਹੈ। ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਦੇ ਨਤੀਜਿਆਂ ਅਨੁਸਾਰ, ਦਰਿਆ ਦੇ ਸੈਂਪਲ ਲਏ ਗਏ ਹਿੱਸੇ ਵਿੱਚ ਅਜਿਹਾ ਕੋਈ ਵੀ ਜ਼ਹਿਰੀਲਾ ਤੱਤ ਨਹੀਂ ਪਾਇਆ ਗਿਆ ਹੈ ਜੋ ਉਦਯੋਗਿਕ ਪ੍ਰਦੂਸ਼ਣ ਵੱਲ ਇਸ਼ਾਰਾ ਕਰਦਾ ਹੋਵੇ। ਬੁਲਾਰੇ ਨੇ ਅੱਗੇ ਦੱਸਿਆ ਕਿ ਬੋਰਡ ਨੂੰ 3 ਅਪ੍ਰੈਲ ਨੂੰ ਇੱਕ ਵੀਡੀਓ ਪ੍ਰਾਪਤ ਹੋਈ ਸੀ, ਜਿਸ ਵਿੱਚ ਮਰੀਆਂ ਹੋਈਆਂ ਮੱਛੀਆਂ ਦਿਖਾਈ ਦੇ ਰਹੀਆਂ ਸਨ। ਅਗਲੇ ਹੀ ਦਿਨ ਪੀ.ਪੀ.ਸੀ.ਬੀ. ਦੀ ਟੀਮ ਨੇ ਵਿਗਿਆਨਕ ਸਟਾਫ ਅਤੇ ਮੱਛੀ ਪਾਲਣ ਵਿਭਾਗ ਦੇ ਸਹਿਯੋਗ ਨਾਲ ਪਿੰਡ ਗੱਟਾ ਬਾਦਸ਼ਾਹ, ਦੀਨੇਕੇ ਨੇੜੇ ਹਰੀਕੇ ਹੈੱਡ ਵਰਕਸ ਵਾਲੀ ਥਾਂ ਦਾ ਦੌਰਾ ਕੀਤਾ। ਮੌਕੇ ਦੇ ਨਿਰੀਖਣ ਦੌਰਾਨ ਹਰੀਕੇ ਹੈੱਡ ਵਰਕਸ ਦੇ ਹੇਠਲੇ ਪਾਸੇ (ਡਾਊਨਸਟ੍ਰੀਮ), ਖਾਸ ਕਰਕੇ ਫਿਸ਼ ਲੈਡਰ ਅਤੇ ਬੈਰਾਜ ਦੇ ਕੁਝ ਖਾਸ ਗੇਟਾਂ ਕੋਲ ਮਰੀਆਂ ਹੋਈਆਂ ਮੱਛੀਆਂ ਪਾਈਆਂ ਗਈਆਂ, ਜਦਕਿ ਉੱਪਰਲੇ ਪਾਸੇ (ਅੱਪਸਟ੍ਰੀਮ) ਕੋਈ ਵੀ ਮਰੀ ਹੋਈ ਮੱਛੀ ਨਹੀਂ ਦੇਖੀ ਗਈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਬੁਲਾਰੇ ਨੇ ਕਿਹਾ ਕਿ ਮੁੱਢਲੇ ਟੈਸਟਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਪਾਣੀ ਵਿੱਚ ਆਕਸੀਜਨ ਦੀ ਮਾਤਰਾਅਤੇ ਤੇਜ਼ਾਬੀਪਣ ਦਾ ਪੱਧਰ ਆਮ ਹੈ, ਜੋ ਜਲਜੀ ਜੀਵਾਂ ਲਈ ਢੁਕਵਾਂ ਹੈ। ਸੈਂਪਲਾਂ ਦੀ ਰਿਪੋਰਟ ਵਿੱਚ ਕੋਈ ਗੰਭੀਰ ਜ਼ਹਿਰੀਲਾਪਣ ਨਹੀਂ ਪਾਇਆ ਗਿਆ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਮੱਛੀਆਂ ਦੀ ਮੌਤ ਉਦਯੋਗਿਕ ਪ੍ਰਦੂਸ਼ਣ ਕਾਰਨ ਨਹੀਂ ਹੋਈ। ਪਾਣੀ ਦੇ ਨਮੂਨਿਆਂ ਦੇ ਵਿਸ਼ਲੇਸ਼ਣ ਨੇ ਨਤੀਜੇ ਦਿਖਾਏ, ਜਿਸ ਵਿੱਚ, ਡਿਜ਼ੌਲਵਡ ਆਕਸੀਜਨ (ਡੀਓ) ਦਾ ਪੱਧਰ 6.2 ਤੋਂ 7.7 ਮਿਲੀਗ੍ਰਾਮ ਪ੍ਰਤੀ ਲੀਟਰਦੇ ਵਿਚਕਾਰ ਰਿਹਾ, ਜੋ ਜਲਜੀ ਜੀਵਾਂ ਲਈ ਢੁਕਵਾਂ ਹੈ। ਪੀ ਐਚ ਪੱਧਰ 6.8 ਤੋਂ 7.5 ਦੇ ਵਿਚਕਾਰ ਸੀ, ਜੋ ਪ੍ਰਵਾਨਿਤ ਸੀਮਾ ਦੇ ਅੰਦਰ ਹੈ। ਭਾਰੀ ਧਾਤਾਂ, ਸੂਖਮ ਤੱਤਾਂ ਅਤੇ ਕੀਟਨਾਸ਼ਕਾਂ ਦੀ ਮਾਤਰਾ ਵੀ ਤੈਅ ਸੀਮਾ ਦੇ ਅੰਦਰ ਪਾਈ ਗਈ।

ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ ਇਕੱਠੇ ਕੀਤੇ ਗਏ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਵੱਲੋਂ ਜਾਂਚੇ ਗਏ ਮੱਛੀਆਂ ਦੇ ਨਮੂਨਿਆਂ ਵਿੱਚ ਵੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ, ਕਿਉਂਕਿ ਨਮੂਨੇ ਬਹੁਤ ਜ਼ਿਆਦਾ ਗਲ਼-ਸੜ ਚੁੱਕੇ ਸਨ। ਪੁਰਾਣੇ ਇਤਿਹਾਸ ਅਨੁਸਾਰ ਅਪ੍ਰੈਲ ਅਤੇ ਮਈ ਦੇ ਮਹੀਨੇ ਮੱਛੀਆਂ ਦੇ ਪ੍ਰਜਨਨ ਦਾ ਸਮਾਂ ਹੁੰਦਾ ਹੈ ਅਤੇ ਇਸ ਦੌਰਾਨ ਮੱਛੀਆਂ ਦਾ ਮਰਨਾ ਇੱਕ ਆਮ ਗੱਲ ਹੈ।

ਬੁਲਾਰੇ ਅਨੁਸਾਰ ਬੋਰਡ ਵੱਲੋਂ ਸਤਲੁਜ ਵਿੱਚ ਮੱਛੀਆਂ ਦੇ ਮਰਨ ਦੇ ਹੋਰ ਸਥਾਨਕ ਜਾਂ ਸੰਭਾਵਿਤ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

# ਸਮਾਣਾ ਟਾਵਰ ਮੋਰਚਾ: 560 ਦਿਨਾਂ ਬਾਅਦ ਟਾਵਰ ਤੋਂ ਸੁਰੱਖਿਅਤ ਹੇਠਾਂ ਉਤਾਰੇ ਗਏ 'ਗੁਰਜੀਤ ਸਿੰਘ ਖ਼ਾਲਸਾ'

## ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਫਾਇਰ ਬ੍ਰਿਗੇਡ ਟੀਮ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਦੇ ਸਹਿਯੋਗ ਨਾਲ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਬਚਾਅ ਉਪਰੇਸ਼ਨ



**ਸਮਾਣਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਸਵੇਰੇ ਸਮਾਣਾ ਵਿਖੇ ਇੱਕ ਸਾਂਝਾ ਬਚਾਅ ਉਪਰੇਸ਼ਨ ਚਲਾ ਕੇ ਭਾਈ ਗੁਰਜੀਤ ਸਿੰਘ ਖ਼ਾਲਸਾ ਨੂੰ ਟਾਵਰ ਤੋਂ ਸੁਰੱਖਿਅਤ ਹੇਠਾਂ ਉਤਾਰ ਲਿਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਹੇਠ ਫਾਇਰ ਬ੍ਰਿਗੇਡ ਟੀਮ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਦੇ ਸਹਿਯੋਗ ਨਾਲ ਇਸ ਬਚਾਅ ਉਪਰੇਸ਼ਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) 2026 ਕਾਨੂੰਨ ਲਾਗੂ ਕਰਨ ਮਗਰੋਂ ਟਾਵਰ ਮੋਰਚਾ ਸਮਾਣਾ ਨੇ ਭਾਈ ਖਾਲਸਾ ਨੂੰ ਹੇਠ ਉਤਾਰਨ ਲਈ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਗਰੋਂ ਪ੍ਰਸ਼ਾਸਨ ਨੇ ਪੰਜਾਬ ਫਾਇਰ ਸਰਵਿਸ ਸਮੇਤ ਵੱਖ-ਵੱਖ ਟੀਮਾਂ ਨੂੰ ਚੌਕਸ ਕਰਦਿਆਂ ਭਾਰਤੀ ਫੌਜ ਤੋਂ ਵੀ ਤਕਨੀਕੀ ਸਹਾਇਤਾ ਲਈ ਹੈ।

ਅੱਜ ਸਮਾਣਾ ਵਿਖੇ ਇਸ ਸਮੁੱਚੇ ਉਪਰੇਸ਼ਨ ਦੀ ਦੇਖਰੇਖ ਕਰ ਰਹੇ ਏਡੀਸੀ (ਜ) ਸਿਮਰਪ੍ਰੀਤ ਕੌਰ, ਐਸ ਪੀ (ਐਚ) ਵੈਭਵ ਚੌਧਰੀ, ਉਪਰੇਸ਼ਨ ਦੇ ਨੋਡਲ ਅਫ਼ਸਰ-ਐਸ ਡੀ ਐਮ ਸਮਾਣਾ ਰਿਚਾ ਗੋਇਲ ਅਤੇ ਡੀਐਸਪੀ ਫਤਹਿ ਸਿੰਘ ਬਰਾੜ ਦੀ ਹਾਜ਼ਰੀ ਵਿੱਚ ਪੰਜਾਬ ਫਾਇਰ ਸਰਵਿਸ ਦੇ ਸਹਾਇਕ ਮੰਡਲ ਫਾਇਰ ਅਫ਼ਸਰ ਹਰਿੰਦਰਪਾਲ ਸਿੰਘ ਦੀ ਫਾਇਰ ਬ੍ਰਿਗੇਡ ਟੀਮ ਨੇ ਇਹ ਬਚਾਅ ਕਾਰਜ ਨੇਪਰੇ ਚੜ੍ਹਾਇਆ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਪੂਰੇ ਉਪਰੇਸ਼ਨ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਭਾਈ ਖ਼ਾਲਸਾ ਦੀ ਸਿਹਤ ਤੇ ਜ਼ਿੰਦਗੀ ਦੀ ਸੁਰੱਖਿਆ ਨੂੰ ਮੁੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਹੇਠ ਉਤਰਦਿਆਂ ਹੀ ਸਮਾਣਾ ਦੇ ਐਸ ਐਮ ਓ ਡਾ ਨੰਦਨੀ ਸ਼ਰਮਾ ਅਤੇ ਸਰਕਾਰੀ ਮੈਡੀਕਲ ਕਾਲਜ ਦੇ ਸਹਾਇਕ ਪ੍ਰੋਫੈਸਰ ਡਾ. ਪਰਮਿੰਦਰ ਪਾਲ ਸਿੰਘ ਦੀ ਮੈਡੀਕਲ ਟੀਮ ਨੇ ਉਨ੍ਹਾਂ ਦੀ ਸਿਹਤ ਦਾ ਨਿਰੀਖਣ ਕਰਕੇ ਲੋੜੀਂਦੀ ਮੈਡੀਕਲ ਸਹਾਇਤਾ ਪ੍ਰਦਾਨ ਕੀਤੀ।

ਟਾਵਰ ਤੋਂ ਸੁਰੱਖਿਅਤ ਹੇਠਾਂ ਉਤਾਰਨ ਲਈ ਟਾਵਰ ਮੋਰਚਾ ਸਮਾਣਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ।

ਉਨ੍ਹਾਂ ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਤੇ ਐਸ ਐਸ ਪੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਐਸ ਡੀ ਐਮ ਰਿਚਾ ਗੋਇਲ, ਡੀਐਸਪੀ ਫ਼ਤਿਹ ਸਿੰਘ ਬਰਾੜ, ਪੰਜਾਬ ਫਾਇਰ ਸਰਵਿਸ ਅਤੇ ਮੈਡੀਕਲ ਟੀਮ ਦੇ ਪ੍ਰਬੰਧਾਂ ਤੇ ਯਤਨਾਂ ਦੀ ਸ਼ਲਾਘਾ ਕੀਤੀ ਹੈ।

ਉਪਰੇਸ਼ਨ ਦੇ ਨੋਡਲ ਅਫ਼ਸਰ-ਐਸ ਡੀ ਐਮ ਰਿਚਾ ਗੋਇਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਇਹ ਬਚਾਅ ਉਪਰੇਸ਼ਨ ਸਫਲਤਾਪੂਰਵਕ ਮੁਕੰਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਵੱਲੋਂ ਨਗਰ ਨਿਗਮ ਲੁਧਿਆਣਾ ਤੋਂ ਟਰਨ ਟੇਬਲ ਲੈਡਰ ਲਿਆਂਦੀ ਗਈ ਸੀ।

ਇਸ ਬਚਾਅ ਉਪਰੇਸ਼ਨ ਬਾਰੇ ਦੱਸਦਿਆਂ ਫਾਇਰ ਬ੍ਰਿਗੇਡ ਦੇ ਸਹਾਇਕ ਮੰਡਲ ਫਾਇਰ ਅਫ਼ਸਰ ਹਰਿੰਦਰਪਾਲ ਸਿੰਘ, ਫਾਇਰ ਸਟੇਸ਼ਨ ਅਫ਼ਸਰ ਰਜਿੰਦਰ ਕੌਸ਼ਲ ਅਤੇ ਰਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਫਾਇਰ ਸਰਵਿਸ ਦੀ ਟਰੇਂਡ ਰੈਸਕਿਊ ਟੀਮ (ਫਸਟ ਰਿਸਪੌਂਡਰ) ਨੇ ਟਰਨ ਟੇਬਲ ਲੈਡਰ (ਟੀਟੀਐਲ) ਰਾਹੀਂ ਟਾਵਰ ਉਤੇ 180 ਫੁੱਟ ਉੱਚਾਈ ਤੱਕ ਪਹੁੰਚ ਬਣਾਈ। ਉਸ ਤੋਂ ਉਪਰ ਟੀਮ ਨੇ 150 ਫੁੱਟ ਤੱਕ ਹਾਰਨੈਸ ਪੁਲੀ, ਰੱਸੀ ਆਦਿ ਨਾਲ ਭਾਈ ਖਾਲਸਾ ਦੇ ਟਿਕਾਣੇ 'ਤੇ ਪਹੁੰਚ ਕੇ ਉਸ ਨੂੰ ਹਰ ਪੱਖੋਂ ਸੁਰੱਖਿਅਤ ਕਰਕੇ ਪੌੜੀ ਰਾਹੀਂ ਹਾਰਨੈਸ ਕਰਕੇ ਰੱਸੀ ਨਾਲ 125 ਫੁੱਟ ਹੇਠਾਂ ਲਿਆਂਦਾ ਅਤੇ ਫਾਇਰ ਬ੍ਰਿਗੇਡ ਦੀ ਟਰਨ ਟੇਬਲ ਲੈਡਰ ਹਾਈਡਰੋਲਿਕ ਦੇ ਕੈਬਿਨ ਵਿੱਚ ਸ਼ਿਫਟ ਕੀਤਾ।

ਇਸ ਦੌਰਾਨ ਟਾਵਰ ਉਤੇ ਗਏ ਸਬ ਫਾਇਰ ਅਫਸਰ ਰਮਨ ਕੁਮਾਰ ਦੀ ਟੀਮ ਮੈਂਬਰਾਂ ਫਾਇਰਮੈਨ ਕਮਲਜੀਤ ਸਿੰਘ, ਗਗਨਦੀਪ ਸਿੰਘ, ਗੁਰਚਰਨ ਸਿੰਘ, ਅਮਨਦੀਪ ਸਿੰਘ ਤੇ ਕ੍ਰਿਸ਼ਨ ਕੁਮਾਰ ਨੇ ਫੁਲ ਬਾਡੀ ਹਾਰਨੈਸ (ਬੈਲਟ), ਸਟਰੈਚਰ, ਪੁਲੀ, ਰੱਸਾ, ਨਾਨ ਸਲਿਪਰੀ ਸੇਫਟੀ ਗਲੱਵਜ, ਸੇਫਟੀ ਲਈ ਹਾਈ ਵੋਲਟੇਜ ਸਿਸਟਮ ਅਤੇ ਵਾਇਰਲੈਸ ਸੈਟ ਦੀ ਵਰਤੋਂ ਕਰਕੇ ਇਹਤਿਆਤ ਤੇ ਸੁਰੱਖਿਅਤ ਢੰਗ ਨਾਲ ਪੂਰੇ ਉਪਰੇਸ਼ਨ ਨੂੰ ਸਿਰੇ ਚੜ੍ਹਾਇਆ। ਟੀਟੀਐਲ ਦੇ ਉਪਰੇਟਰ ਰਵੀ ਸ਼ੰਕਰ ਅਤੇ ਅਮਨਿੰਦਰ ਸਿੰਘ ਨੇ ਪੂਰੇ ਤਕਨੀਕੀ ਢੰਗ ਨਾਲ ਇਸ ਅਤਿਆਧੁਨਿਕ ਲਿਫ਼ਟ ਨੂੰ ਉਪਰੇਟ ਕੀਤਾ।

# ਰੱਖ-ਰਖਾਅ ਦੇ ਨਾਮ 'ਤੇ ਲੰਬੇ ਬਿਜਲੀ ਕੱਟਾਂ ਨਾਲ ਲੋਕ ਪਰੇਸ਼ਾਨ : ਮੱਲੀ, ਡਾ. ਸਤੀਸ਼



**ਲੁਧਿਆਣਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਭਾਜਪਾ ਦੇ ਜਨਰਲ ਸਕੱਤਰ ਸ. ਨਰਿੰਦਰ ਸਿੰਘ ਮੱਲੀ ਅਤੇ ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ ਨੇ ਪੰਜਾਬ ਵਿੱਚ ਰੱਖ-ਰਖਾਅ ਦੇ ਨਾਮ 'ਤੇ ਲਗ ਰਹੇ ਦਿਨ-ਭਰ ਦੇ ਬਿਜਲੀ ਕੱਟਾਂ ਦੀ ਕੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗਰਮੀਆਂ ਦੇ ਦੌਰਾਨ ਲੰਬੇ ਬਿਜਲੀ ਕੱਟਾਂ ਕਾਰਨ ਆਮ ਲੋਕਾਂ ਦੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਭਾਜਪਾ ਆਗੂਆਂ ਨੇ 300 ਯੂਨਿਟ ਮੁਫ਼ਤ ਬਿਜਲੀ ਦੇ ਦਾਅਵੇ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਜਦੋਂ ਬਿਜਲੀ ਹੀ ਨਿਯਮਿਤ ਤੌਰ 'ਤੇ ਉਪਲਬਧ ਨਹੀਂ, ਤਾਂ ਇਸ ਯੋਜਨਾ ਦਾ ਕੋਈ ਵਾਸਤਵਿਕ ਲਾਭ ਨਹੀਂ। ਉਨ੍ਹਾਂ ਦੱਸਿਆ ਕਿ ਐਲਾਨੇ ਅਤੇ ਅਣ-ਐਲਾਨੇ ਬਿਜਲੀ ਕੱਟਾਂ ਕਰਕੇ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੋ ਰਹੀ ਹੈ, ਜਿਸ ਨਾਲ ਲੋਕਾਂ ਨੂੰ ਰੋਜ਼ਾਨਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਨੇ ਸਵਾਲ ਕੀਤਾ ਕਿ ਇਹ ਰੱਖ-ਰਖਾਅ ਦਾ ਕੰਮ ਫਰਵਰੀ ਜਾਂ ਮਾਰਚ ਵਿੱਚ ਕਿਉਂ ਨਹੀਂ ਕੀਤਾ ਗਿਆ ਅਤੇ ਹੁਣ ਜਦੋਂ ਗਰਮੀ ਚਰਮ 'ਤੇ ਹੈ, ਤਦ ਇਹ ਕੱਟ ਕਿਉਂ ਲਗਾਏ ਜਾ ਰਹੇ ਹਨ। ਨਾਲ ਹੀ, ਬਿਜਲੀ ਨਿਗਮ ਵਿੱਚ ਨਿਯਮਤ ਚੇਅਰਮੈਨ ਦੀ ਗੈਰਹਾਜ਼ਰੀ 'ਤੇ ਵੀ ਚਿੰਤਾ ਜਤਾਈ ਗਈ।

# ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਵੱਲੋਂ ਸਕੂਲਾਂ, ਆਂਗਣਵਾੜੀ ਕੇਂਦਰਾਂ ਅਤੇ ਡਿਪੂਆਂ ਦੀ ਅਚਨਚੇਤੀ ਚੈਕਿੰਗ



**ਮਲੇਰਕੋਟਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਵੱਖ-ਵੱਖ ਸਰਕਾਰੀ ਸਕੂਲਾਂ, ਆਂਗਣਵਾੜੀ ਸੈਂਟਰਾਂ ਅਤੇ ਰਾਸ਼ਨ ਡਿਪੂਆਂ ਦਾ ਅਚਨਚੇਤੀ ਦੌਰਾ ਕਰਕੇ ਪ੍ਰਬੰਧਾਂ ਦੀ ਵਿਸਥਾਰਪੂਰਵਕ ਜਾਂਚ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਖਾਸ ਤੌਰ 'ਤੇ ਮਿਡ ਡੇ ਮੀਲ ਦੀ ਗੁਣਵੱਤਾ, ਪੈਕਿੰਗ ਵਾਲੇ ਭੋਜਨ ਪਦਾਰਥਾਂ ਦੀ ਮਿਆਦ, ਸਫਾਈ ਪ੍ਰਬੰਧ ਅਤੇ ਪੀਣ ਵਾਲੇ ਪਾਣੀ ਦੀ ਉਪਲਬਧਤਾ ਦਾ ਜਾਇਜ਼ਾ ਲਿਆ। ਉਨ੍ਹਾਂ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੀਣ ਵਾਲੇ ਪਾਣੀ ਦੇ ਸੈਂਪਲ ਖੁਦ ਲਏ ਅਤੇ ਪਾਣੀ ਦੇ ਟੀ.ਡੀ.ਐਸ ਪੱਧਰ ਚੈਕਿੰਗ ਵੀ ਕੀਤੀ।

ਇਸ ਮੌਕੇ ਉਨ੍ਹਾਂ ਮਿਡ ਡੇ ਮੀਲ ਵਿੱਚ ਤਿਆਰ ਕੀਤੀ ਸਬਜੀ ਦਾ ਜਾਇਕਾ ਲਿਆ ਅਤੇ ਸੁਆਦ ਅਤੇ ਕੁਆਲਟੀ ਤੇ ਤਸੱਲੀ ਦਾ ਪ੍ਰਗਟਾਵਾ ਵੀ ਕੀਤਾ। ਸੇਖੋਂ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਿਹਤ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ, ਇਸ ਲਈ ਮਿਡ ਡੇ ਮੀਲ ਦੀ ਗੁਣਵੱਤਾ ਅਤੇ ਸੁਰੱਖਿਆ ਯਕੀਨੀ ਬਣਾਉਣਾ ਅਤਿ ਜ਼ਰੂਰੀ ਹੈ। ਉਨ੍ਹਾਂ ਨੇ ਹਦਾਇਤ ਕੀਤੀ ਕਿ ਕੁਕਿੰਗ ਸਟਾਫ ਦੀ ਨਿਯਮਿਤ ਮੈਡੀਕਲ ਜਾਂਚ ਕਰਵਾਈ ਜਾਵੇ ਅਤੇ ਖਾਣਾ ਤਿਆਰ ਕਰਨ ਸਮੇਂ ਸਫਾਈ ਦੇ ਸਾਰੇ ਮਾਪਦੰਡਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਸਿੱਖਿਆ ਵਿਭਾਗ ਅਤੇ ਬਾਲ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੀਣ ਵਾਲੇ ਪਾਣੀ ਦੇ ਸੈਂਪਲ ਲਏ ਜਾਣ ਅਤੇ ਟੀ.ਡੀ.ਐਸ. ਦੇ ਨਿਰਧਾਰਿਤ ਮਾਪਦੰਡਾਂ ਅਨੁਸਾਰ ਹੀ ਸਾਫ਼ ਪਾਣੀ ਉਪਲਬਧ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਦੀ ਗੁਣਵੱਤਾ ਸਿੱਧੇ ਤੌਰ 'ਤੇ ਬੱਚਿਆਂ ਦੀ ਸਿਹਤ ਨਾਲ ਜੁੜੀ ਹੋਈ ਹੈ, ਇਸ ਲਈ ਇਸ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੈਂਬਰ ਸੇਖੋਂ ਨੇ ਮਿਡ ਡੇ ਮੀਲ ਲਈ ਵਰਤੇ ਜਾਣ ਵਾਲੇ ਅਨਾਜ ਅਤੇ ਰਸਦ ਦੇ ਸਟੋਰੇਜ ਤਰੀਕਿਆਂ ਦੀ ਵੀ ਜਾਂਚ ਕੀਤੀ ਅਤੇ ਹਦਾਇਤ ਕੀਤੀ ਕਿ ਅਨਾਜ ਨੂੰ ਲੰਮੇ ਸਮੇਂ ਲਈ ਸਟੋਰ ਨਾ ਕੀਤਾ ਜਾਵੇ ਅਤੇ ਸਮੇਂ-ਸਮੇਂ 'ਤੇ ਧੁੱਪ ਅਤੇ ਹਵਾ ਲਗਾ ਕੇ ਇਸਦੀ ਗੁਣਵੱਤਾ ਬਣਾਈ ਰੱਖੀ ਜਾਵੇ।

ਫੀਲਡ ਵਿਜਟ ਦੌਰਾਨ ਉਨ੍ਹਾਂ ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਗੀਵਾਲ ਵਿਖੇ ਸਥਾਪਿਤ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਯ ਦੇ ਹੋਸਟਲ ਮੈਸ, ਮਾਡਲ ਆਂਗਣਵਾੜੀ ਸੈਂਟਰ ਰਾਣਵਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁਰਥਲਾ ਮੰਡੇਰ ਦੇ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਹਦਾਇਤ ਕੀਤੀ ਕਿ ਹਰ ਸਕੂਲ ਅਤੇ ਆਂਗਣਵਾੜੀ ਕੇਂਦਰ ਵਿੱਚ ਪੰਜਾਬ ਸਟੇਟ ਫੂਡ ਕਮਿਸ਼ਨ ਦਾ ਹੈਲਪਲਾਈਨ ਨੰਬਰ 98767-64545 ਅਤੇ ਈ-ਮੇਲ punjabfoodcom mission @gmail.com ਸਪੱਸ਼ਟ ਤੌਰ 'ਤੇ ਦਰਸਾਇਆ ਜਾਵੇ ਅਤੇ ਸ਼ਿਕਾਇਤ ਪੇਟੀ ਲਗਾਈ ਜਾਵੇ, ਤਾਂ ਜੋ ਲੋਕ ਆਪਣੀਆਂ ਸਮੱਸਿਆਵਾਂ ਸਿੱਧੇ ਤੌਰ 'ਤੇ ਦਰਜ ਕਰਵਾ ਸਕਣ।

# ਜ਼ਿਲ੍ਹਾ ਪਟਿਆਲਾ ਵਿਖੇ ਜਨਗਣਨਾ-2027 ਸਬੰਧੀ ਡਿਪਟੀ ਡਾਇਰੈਕਟਰ ਸੈਂਸਜ਼ ਓਪਰੇਸ਼ਨ ਵੱਲੋਂ ਡਿਪਟੀ ਕਮਿਸ਼ਨਰ ਨਾਲ ਬੈਠਕ



**ਪਟਿਆਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ ਵਿਖੇ ਜਨਗਣਨਾ-2027 ਦੇ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਸਬੰਧੀ ਸੈਂਸਜ਼ ਓਪਰੇਸ਼ਨ ਪੰਜਾਬ, ਚੰਡੀਗੜ੍ਹ ਦੇ ਡਿਪਟੀ ਡਾਇਰੈਕਟਰ ਅਮਿਤ ਭਾਰਗਵ ਨੇ ਅੱਜ ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ਼ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨਾਲ ਇੱਕ ਮੀਟਿੰਗ ਕੀਤੀ।

ਇਸ ਦੌਰਾਨ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' ਤਹਿਤ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਸ ਵਿੱਚ ਕੋਈ ਵੀ ਨਾਗਰਿਕ ਆਪ ਇੰਟਰਨੈਟ ਰਾਹੀਂ https://se.census.gov.in/ ਸਾਈਟ ਉਪਰ ਜਾ ਕੇ ਆਪਣੇ ਘਰ ਬੈਠ ਕੇ ਹੀ ਘਰ ਦੀ ਗਿਣਤੀ ਮਿਤੀ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਆਪ ਕਰ ਸਕਦਾ ਹੈ।

ਇਸ ਉਪਰੰਤ ਜਨਗਣਨਾ ਦਾ ਪਹਿਲਾ ਫੇਜ਼ 15 ਮਈ 2026 ਤੋਂ 13 ਜੂਨ 2026 ਤੱਕ ਹਾਊਸ ਲਿਸਟਿੰਗ ਵਜੋਂ ਸ਼ੁਰੂ ਕੀਤਾ ਜਾਵੇਗਾ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਹਾਊਸ ਲਿਸਟਿੰਗ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 33 ਸਵਾਲ ਪੁੱਛੇ ਜਾਣਗੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਭਾਰਤ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਲਗਾਏ ਗਏ ਗਿਣਤੀਕਾਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

ਉਨ੍ਹਾਂ ਦੱਸਿਆ ਕਿ ਤਹਿਸੀਲ ਪੱਧਰ 'ਤੇ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਫੀਲਡ ਟ੍ਰੇਨਰਾਂ ਵੱਲੋਂ ਟ੍ਰੇਨਿੰਗ ਦਿੱਤੀ ਜਾ ਰਹੀ ਹੈ।

ਇਸ ਮੀਟਿੰਗ ਵਿੱਚ ਸਟੈਟਿਸਟੀਕਲ ਇੰਨਵੈਸਟੀਗੇਟਰ ਗ੍ਰੇਡ-99 ਨਿਧੀ, ਇੰਨਵੈਸਟੀਗੇਟਰ ਦਫ਼ਤਰ ਉਪ ਅਰਥ ਅਤੇ ਅੰਕੜਾ ਸਲਾਹਕਾਰ ਬਿਕਰਮਜੀਤ ਸਿੰਘ, ਵੀ ਹਾਜਰ ਰਹੇ।

# ਹਰਭਜਨ ਸਿੰਘ ਈਟੀਓ ਵੱਲੋਂ ਜੰਡਿਆਲਾ ਗੁਰੂ ਵਿੱਚ ਬਿਜਲੀ ਪ੍ਰਣਾਲੀ 'ਚ ਸੁਧਾਰ ਅਤੇ ਸ਼ਹਿਰੀ ਸੁੰਦਰੀਕਰਨ ਲਈ ਵੱਡੇ ਪ੍ਰੋਜੈਕਟ ਦੀ ਸ਼ੁਰੂਆਤ



**ਅੰਮ੍ਰਿਤਸਰ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ. ਵੱਲੋਂ ਜੰਡਿਆਲਾ ਗੁਰੂ ਸ਼ਹਿਰ ਵਿੱਚ ਲਟਕੀਆਂ ਬੇਤਰਤੀਬ ਤਾਰਾਂ, ਸੜੇ/ਗਲੇ 20 ਬਾਈ 1 ਪਿੱਲਰ ਬਕਸਿਆਂ ਦੀ ਬਦਲੀ ਅਤੇ ਬਿਜਲੀ ਸਬੰਧੀ ਸ਼ਹਿਰ ਦੀ ਦਿੱਖ ਸੁਧਾਰਨ ਲਈ ਇੱਕ ਵੱਡੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪ੍ਰੋਜੈਕਟ ਤਹਿਤ ਪੀ.ਐੱਸ.ਪੀ.ਸੀ.ਐਲ. ਵੱਲੋਂ ਜੰਡਿਆਲਾ ਗੁਰੂ ਦੇ ਨਿਵਾਸੀਆਂ ਨੂੰ ਸਹੀ ਵੋਲਟੇਜ ਅਤੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਅਤੇ ਐਲ.ਡੀ. ਸਿਸਟਮ ਵਿੱਚ ਸੁਧਾਰ ਕਰਨ ਲਈ 55.41 ਲੱਖ ਰੁਪਏ ਦੇ ਅਨੁਮਾਨ ਤਿਆਰ ਕੀਤੇ ਗਏ ਹਨ। ਇਸ ਵਿੱਚ ਟਰਾਂਸਫਾਰਮਰਾਂ ਉੱਤੇ ਲੱਗੇ ਖਰਾਬ 20 ਬਾਈ 1 ਪਿੱਲਰ ਬਕਸਿਆਂ ਨੂੰ 4 ਬਾਈ 1 ਬਕਸਿਆਂ ਨਾਲ ਬਦਲਿਆ ਜਾਵੇਗਾ। ਇਸ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਜੰਡਿਆਲਾ ਗੁਰੂ ਸ਼ਹਿਰ ਵਿੱਚ 2 ਕੋਰ ਪੀ.ਵੀ.ਸੀ. ਕੇਬਲਾਂ ਦੀ ਲੰਬਾਈ ਅਤੇ 4 ਕੋਰ ਕੇਬਲਾਂ ਦੀ ਖਰਾਬ ਹਾਲਤ ਕਾਰਨ ਖਪਤਕਾਰਾਂ ਨੂੰ ਘੱਟ ਵੋਲਟੇਜ ਅਤੇ ਬਿਜਲੀ ਸਪਲਾਈ ਵਿੱਚ ਦਿੱਕਤ ਆ ਰਹੀ ਸੀ। ਇਸ ਸਮੱਸਿਆ ਨੂੰ ਦੂਰ ਕਰਨ ਲਈ ਕੇਬਲਾਂ ਦੀ ਮੁਰੰਮਤ, ਨੀਵੀਆਂ ਤਾਰਾਂ ਨੂੰ ਵਾਧੂ ਪੋਲ ਲਗਾ ਕੇ ਉੱਚਾ ਚੁੱਕਣਾ, ਖਰਾਬ ਬਕਸਿਆਂ ਦੀ ਬਦਲੀ ਅਤੇ ਸੜੀਆਂ/ਖਰਾਬ ਤਾਰਾਂ ਨੂੰ ਬਦਲ ਕੇ ਐਲ.ਡੀ. ਸਿਸਟਮ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਜੰਡਿਆਲਾ ਗੁਰੂ ਦੇ ਨਿਵਾਸੀਆਂ ਨੂੰ ਸਹੀ ਵੋਲਟੇਜ ਨਾਲ ਨਿਰਵਿਘਨ ਬਿਜਲੀ ਸਪਲਾਈ ਪ੍ਰਾਪਤ ਹੋਵੇਗੀ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਹੋਵੇਗਾ। ਇਸ ਦੇ ਨਾਲ-ਨਾਲ ਸ਼ਹਿਰ ਦੀ ਦਿੱਖ ਵਿੱਚ ਵੀ ਸੁਧਾਰ ਆਵੇਗਾ।

ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਹੋਰ ਦੱਸਿਆ ਕਿ ਉਪਰੋਕਤ 55.41 ਲੱਖ ਰੁਪਏ ਤੋਂ ਇਲਾਵਾ ਆਰ.ਡੀ.ਐੱਸ.ਐੱਸ ਸਕੀਮ ਅਧੀਨ 16.30 ਕਰੋੜ ਰੁਪਏ ਦੇ ਬਿਜਲੀ ਸਬੰਧੀ ਕੰਮ ਜੰਡਿਆਲਾ ਗੁਰੂ ਹਲਕੇ ਲਈ ਮਨਜ਼ੂਰ ਹੋ ਚੁੱਕੇ ਹਨ। ਇਸ ਤੋਂ ਇਲਾਵਾ ਸ਼ਹਿਰ ਦੇ ਸੁੰਦਰੀਕਰਨ ਲਈ ਲਗਭਗ 4 ਕਰੋੜ ਰੁਪਏ ਦੇ ਟੈਂਡਰ ਵੀ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੁੱਲ ਮਿਲਾ ਕੇ ਜੰਡਿਆਲਾ ਗੁਰੂ ਹਲਕੇ ਵਿੱਚ ਬਿਜਲੀ ਸੁਧਾਰ ਲਈ 20.85 ਕਰੋੜ ਰੁਪਏ ਦੇ ਕੰਮ ਆਉਣ ਵਾਲੇ ਸਮੇਂ ਵਿੱਚ ਪੂਰੇ ਕੀਤੇ ਜਾਣਗੇ।

# ਨੌਜਵਾਨ ਪੁੱਤਰਾਂ ਦੀਆਂ ਅਰਥੀਆਂ ਨੂੰ ਮਾਪਿਆਂ ਵੱਲੋਂ ਮੋਢਾ ਦੇਣਾ ਬਹੁਤ ਹੀ ਚਿੰਤਾ ਦਾ ਵਿਸ਼ਾ: ਡਾ. ਮਲਕੀਤ ਮਾਨ




**ਪਟਿਆਲਾ,29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਆਈਂ ਟੀ ਆਈ ਲੜਕਿਆਂ ਵਿਖੇ ਯੁਵਕ ਸੇਵਾਵਾਂ ਵਿਭਾਗ ਪਟਿਆਲਾ,ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਪ੍ਰਿੰਸੀਪਲ-ਕਮ-ਐਸਟਿਟ ਡਾਇਰੈਕਟਰ ਹਰਵਿੰਦਰ ਸਿੰਘ ਦੀ ਅਗਵਾਈ ਅਤੇ ਪੰਜ ਪੰਜਾਬ ਬਟਾਲੀਅਨ ਐਨ ਸੀ ਸੀ ਦੇ ਬ੍ਰਿਗੇਡੀਅਰ ਐਚ ਐਸ ਸੰਧੂ,ਕਰਨਲ ਸੰਦੀਪ ਰੋਏ, ਐਡਮਿਨ ਅਫਸਰ ਕਰਨਲ ਸ੍ਰੀ ਨਿਵਾਸਨ, ਸੂਬੇਦਾਰ ਮੇਜਰ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤ ਭਾਰਤ ਅਭਿਆਨ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਮਲਕੀਤ ਸਿੰਘ ਮਾਨ ਐਸਟਿਟ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪਟਿਆਲਾ ਨੇ ਸ਼ਿਰਕਤ ਕੀਤੀ।ਜਿਸ ਵਿੱਚ ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤਾ। ਇਸ ਮੌਕੇ ਲੈਫਟੀਨੈਂਟ ਅਤੇ ਟ੍ਰੇਨਿੰਗ ਅਫ਼ਸਰ ਸਰਕਾਰੀ ਆਈ ਟੀ ਆਈ ਲੜਕੇ ਜਗਦੀਪ ਸਿੰਘ ਜੋਸ਼ੀ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ ਤੇ ਆਈ ਟੀ ਆਈ ਦੇ ਟ੍ਰੇਨਿੰਗ ਅਫ਼ਸਰ ਸੁਖਵੰਤ ਸਿੰਘ, ਹੋਸਟਲ ਸੁਪਰਡੈਂਟ ਅਨਿਲ ਖੰਨਾ,ਉਪਕਾਰ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ, ਜੁਗਰਾਜ ਚਹਿਲ, ਤੇਜਿੰਦਰ ਮਡੋੜ,ਰਾਮ ਸਿੰਘ, ਕਿਰਨਾਂ ਦੇਵੀ, ਰਾਜ ਕੁਮਾਰ ਵੀ ਹਾਜ਼ਰ ਸਨ।ਇਸ ਮੌਕੇ ਡਾਕਟਰ ਮਲਕੀਤ ਸਿੰਘ ਮਾਨ ਐਸਟਿਟ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਐਨ ਸੀ ਸੀ ਕੈਡਿਟਸ,ਐਨ ਐਸ ਐਸ ਅਤੇ ਰੈਡ ਰਿਬਨ ਕਲੱਬ ਦੇ ਵਲੰਟੀਅਰਜ਼ ਵੱਲੋਂ ਭਾਰਤ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਚਲਣ ਦਾ ਪ੍ਰਣ ਲੈਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਅਤੇ ਹਰ ਦਿਨ ਨਸ਼ਿਆਂ ਕਾਰਨ ਨੌਜਵਾਨਾ ਦੀਆਂ ਮੌਤਾ ਹੋ ਰਹੀਆਂ ਹਨ ਜੌਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਕਾਰਨ ਬੁਢਾਪੇ ਦਾ ਸਹਾਰਾ ਨੌਜਵਾਨ ਪੁੱਤਰਾ ਦੀਆਂ ਅਰਥੀਆਂ ਨੂੰ ਮੌਢਾ ਮਾਪਿਆਂ ਨੂੰ ਦੇਣਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਗੋਲਾ ਬਰੂਦ ਦੇ ਅੱਤਵਾਦ ਵਾਂਗ ਪੰਜਾਬ ਵਿਚੋਂ ਨਸ਼ਿਆਂ ਰੂਪੀ ਅੱਤਵਾਦ ਦੇ ਖਾਤਮੇ ਲਈ ਨੌਜਵਾਨਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹੋ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣ ਤਾ ਹੀ ਅਸੀਂ ਮੁੜ ਆਪਣੇ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਸਕਾਂਗੇ।ਇਸ ਮੌਕੇ ਐਨ ਸੀ ਸੀ ਕੈਡਿਟਸ ਪਲਕ, ਸ਼ਗਨਪ੍ਰੀਤ ਕੌਰ, ਮਨੀਸ਼ਾ ਦੇਵੀ, ਪ੍ਰਦੀਪ ਕੋਰ, ਅੰਕਿਤ, ਜਸਪ੍ਰੀਤ ਸਿੰਘ, ਇੰਦਰਜੀਤ ਸਿੰਘ, ਲਵਪ੍ਰੀਤ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ ਵੱਲੋਂ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੀ ਵੰਡੀਆਂ ਗਈਆਂ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਜਾਰੀ

**ਗੁਰਦਾਸਪੁਰ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਨਿਰਵਿਘਨ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ 269399 ਮੀਟਰਕ ਟਨ ਕਣਕ ਦੀ ਫਸਲ ਦੀ ਆਮਦ ਹੋਈ ਸੀ, ਜਿਸ ਵਿੱਚੋਂ 262882 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਫਸਲ ਦੀ ਚੁਕਾਈ ਵੀ ਕੀਤੀ ਜਾ ਰਹੀ। ਕਿਸਾਨਾਂ ਦੇ ਖਾਤਿਆਂ ਵਿੱਚ 543 ਕਰੋੜ 06 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜੋ 96 ਫੀਸਦ ਬਣਦੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਫਸਲ ਦੀ ਖਰੀਦ ਤੇ ਚੁਕਾਈ ਪ੍ਰਕਿਰਿਆ ਨਿਰਵਿਘਨ ਚੱਲ ਰਹੀ ਹੈ।

# ਹਰਿਆਣਾ ਵਿੱਚ ਬਣੇਗਾ ਖਿਡੌਣਾ ਉਦਯੋਗ ਲਈ ਵਿਸ਼ੇਸ਼ ਕਲੱਸਟਰ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ ਖਿਡੌਣਾ ਉਦਯੋਗ ਨੂੰ ਪ੍ਰੋਤਸਾਹਨ ਦੇਣ ਲਈ 250 ਤੋਂ 300 ਏਕੜ ਵਿੱਚ ਇੱਕ ਵਿਸ਼ੇਸ਼ ਕਲੱਸਟਰ ਵਿਕਸਤ ਕੀਤਾ ਜਾਵੇਗਾ। ਖਿਡੌਣਾ ਉਦਯੋਗ ਕਲੱਸਟਰ ਵਿਕਸਤ ਹੋਣ ਨਾਲ ਨਾ ਸਿਰਫ਼ ਹਰਿਆਣਾ ਦੇ ਉਦਯੋਗ ਜਗਤ ਨੂੰ ਨਵੀਂ ਪਛਾਣ ਮਿਲੇਗੀ ਸਗੋਂ ਨਿਰਯਾਤ ਵਧਣ ਨਾਲ ਦੇਸ਼ ਦੀ ਆਰਥਿਕਤਾ ਮਜ਼ਬੂਤ ਹੋਵੇਗੀ। ਉਨ੍ਹਾਂ ਨੇ ਇਹ ਜਾਣਕਾਰੀ ਵੀਰਵਾਰ ਸ਼ਾਮ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਹਰਿਆਣਾ ਦੇ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਸ਼੍ਰੀ ਮੋਹਨ ਲਾਲ ਬਡੌਲੀ ਵੀ ਮੌਜੂਦ ਸਨ।



ਮੁੱਖ ਮੰਤਰੀ ਦੀ ਅਗਵਾਈ ਹੇਠ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ ਵਿੱਚ ਹਰਿਆਣਾ ਦੀ ਨਵੀਂ ਉਦਯੋਗ ਨੀਤੀ 2026 ਦੇ ਫਾਈਨਲ ਡਰਾਫਟ ਨੂੰ ਲੈ ਕੇ ਦੋ ਦਿਨਾਂ ਉੱਚ ਪੱਧਰੀ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਖੇਤਰਾਂ ਦੇ ਹਿੱਤਧਾਰਕਾਂ ਨੇ ਹਿੱਸਾ ਲਿਆ। ਕਰੀਬ 40 ਵਫਦਾਂ ਨੇ ਨੀਤੀ ਦੇ ਪ੍ਰਾਵਧਾਨਾਂ ਦੀ ਸ਼ਲਾਘਾ ਕਰਦੇ ਹੋਏ ਆਪਣੇ ਸੁਝਾਅ ਵੀ ਪੇਸ਼ ਕੀਤੇ, ਜਿਨ੍ਹਾਂ ਨੂੰ ਨਵੀਂ ਨੀਤੀ ਵਿੱਚ ਸ਼ਾਮਲ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਪਿਛਲੇ ਸਾਢੇ 11 ਸਾਲਾਂ ਵਿੱਚ ਬੇਮਿਸਾਲ ਤਬਦੀਲੀਆਂ ਹੋਈਆਂ ਹਨ ਅਤੇ ਹਰਿਆਣਾ ਇਸ ਰਾਸ਼ਟਰੀ ਵਿਜ਼ਨ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ' ਦੇ ਸੰਕਲਪ ਨਾਲ 'ਵਿਕਸਿਤ ਹਰਿਆਣਾ' ਦੇ ਟੀਚੇ ਨੂੰ ਸਾਕਾਰ ਕਰਨ ਲਈ ਰਾਜ ਸਰਕਾਰ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਉਦਯੋਗ ਨੀਤੀ 2026 ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਹਿੱਤਧਾਰਕਾਂ ਨਾਲ ਸਿੱਧਾ ਸੰਵਾਦ ਸਥਾਪਿਤ ਕਰਕੇ ਉਨ੍ਹਾਂ ਦੀਆਂ ਲੋੜਾਂ ਅਤੇ ਤਜ਼ਰਬਿਆਂ ਨੂੰ ਨੀਤੀ ਵਿੱਚ ਸ਼ਾਮਲ ਕੀਤਾ ਗਿਆ ਹੈ। ਮੀਟਿੰਗ ਵਿੱਚ ਆਟੋਮੋਬਾਈਲ, ਟੈਕਸਟਾਈਲ, ਏਅਰੋਸਪੇਸ, ਡਿਫੈਂਸ ਸਮੇਤ ਵੱਖ-ਵੱਖ ਖੇਤਰਾਂ ਦੇ ਪ੍ਰਤੀਨਿਧਾਂ ਨੇ ਸੂਬੇ ਵਿੱਚ ਨਿਵੇਸ਼ ਪ੍ਰਤੀ ਵਿਸ਼ੇਸ਼ ਦਿਲਚਸਪੀ ਦਿਖਾਈ ਅਤੇ ਕਈ ਪ੍ਰਸਤਾਵ ਵੀ ਪੇਸ਼ ਕੀਤੇ।ਮੁੱਖ ਮੰਤਰੀ ਨੇ ਕਿਹਾ ਕਿ ਆਪਣੀਆਂ ਉਦਯੋਗ ਪੱਖੀ ਨੀਤੀਆਂ ਕਾਰਨ ਹਰਿਆਣਾ ਦੇਸ਼-ਵਿਦੇਸ਼ ਦੇ ਨਿਵੇਸ਼ਕਾਂ ਦੀ ਪਹਿਲੀ ਪਸੰਦ ਬਣ ਕੇ ਉਭਰਿਆ ਹੈ। ਨਵੀਂ ਉਦਯੋਗ ਨੀਤੀ ਦੀ ਤਰਜੀਹ ਹੈ ਕਿ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਨਿਵੇਸ਼ ਪਹੁੰਚੇ, ਜਿਸ ਨਾਲ ਸੰਤੁਲਿਤ ਉਦਯੋਗਿਕ ਵਿਕਾਸ ਯਕੀਨੀ ਹੋ ਸਕੇ।

ਉਨ੍ਹਾਂ ਕਿਹਾ ਕਿ ਨਵੀਂ ਉਦਯੋਗ ਨੀਤੀ ਨਾਲ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਹੋਵੇਗਾ ਅਤੇ ਹਰਿਆਣਾ ਦੇ ਉਦਯੋਗਿਕ ਵਿਕਾਸ ਨੂੰ ਨਵੀਆਂ ਉਚਾਈਆਂ ਮਿਲਣਗੀਆਂ। ਮੁੱਖ ਮੰਤਰੀ ਨੇ ਸਾਰੇ ਹਿੱਤਧਾਰਕਾਂ ਦਾ ਕੀਮਤੀ ਸੁਝਾਅ ਦੇਣ ਲਈ ਧੰਨਵਾਦ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਨਵੀਂ ਨੀਤੀ ਰਾਜ ਦੇ ਉਦਯੋਗਿਕ ਦ੍ਰਿਸ਼ ਨੂੰ ਹੋਰ ਮਜ਼ਬੂਤ ਕਰੇਗੀ।

ਇਸ ਮੌਕੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਾਜੀਵ ਜੇਤਲੀ ਅਤੇ ਚੀਫ਼ ਕੋਆਰਡੀਨੇਟਰ ਇੰਡਸਟਰੀਜ਼ ਸੁਨੀਲ ਸ਼ਰਮਾ ਵੀ ਮੌਜੂਦ ਸਨ।

# ਹਰਿਆਣਾ ਬਣੇਗਾ ਇਲੈਕਟ੍ਰਾਨਿਕਸ, ਆਈ.ਟੀ., ਐਨੀਮੇਸ਼ਨ, ਵਿਜ਼ੂਅਲ ਇਫੈਕਟ, ਗੇਮਿੰਗ, ਕਾਮਿਕਸ ਸੈਕਟਰ ਦਾ ਗਲੋਬਲ ਹਬ, ਕੰਪਨੀਆਂ ਕਰਨਗੀਆਂ ਭਾਰੀ ਨਿਵੇਸ਼ : ਸੈਣੀ

**ਚੰਡੀਗੜ੍ਹ,29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਨਾਇਬ ਸਰਕਾਰ ਰਾਜ ਨੂੰ ਇਲੈਕਟ੍ਰਾਨਿਕ ਸਿਸਟਮ ਡਿਜ਼ਾਈਨ ਐਂਡ ਮੈਨੂਫੈਕਚਰਿੰਗ, ਆਈ.ਟੀ., ਐਨੀਮੇਸ਼ਨ, ਵਿਜ਼ੂਅਲ ਇਫੈਕਟ, ਗੇਮਿੰਗ ਸੈਕਟਰ ਦਾ ਗਲੋਬਲ ਹਬ ਬਣਾਉਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕਦਮ ਵਧਾ ਰਹੀ ਹੈ। ਸਰਕਾਰ ਅਜਿਹੀ ਉਦਯੋਗਿਕ ਨੀਤੀ ਤਿਆਰ ਕਰ ਰਹੀ ਹੈ, ਜੋ ਇਨ੍ਹਾਂ ਉਭਰਦੇ ਖੇਤਰਾਂ ਵਿੱਚ ਨਿਵੇਸ਼ਕਾਂ ਲਈ ਬਹੁਤ ਆਕਰਸ਼ਕ ਹੋਣ ਦੇ ਨਾਲ-ਨਾਲ ਵੱਡੇ ਪੱਧਰ 'ਤੇ ਰੁਜ਼ਗਾਰ ਸਿਰਜਣ, ਇਨੋਵੇਸ਼ਨ ਅਤੇ ਅਤਿ-ਆਧੁਨਿਕ ਤਕਨੀਕੀ ਵਿਕਾਸ ਨੂੰ ਵੀ ਗਤੀ ਦੇਵੇਗੀ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਨਵੀਂ ਉਦਯੋਗਿਕ ਨੀਤੀ ਦੇ ਸਬੰਧ ਵਿੱਚ ਉਦਯੋਗਪਤੀਆਂ ਨਾਲ ਸੰਵਾਦ ਕਰਦਿਆਂ ਕਿਹਾ ਕਿ ਆਈ.ਟੀ., ਐਨੀਮੇਸ਼ਨ, ਵਿਜ਼ੂਅਲ ਇਫੈਕਟ, ਗੇਮਿੰਗ, ਕਾਮਿਕਸ ਅਤੇ ESDM ਸੈਕਟਰ ਦੇਸ਼ ਦੀ ਆਰਥਿਕਤਾ ਦਾ ਇੱਕ ਮਹੱਤਵਪੂਰਨ ਥੰਮ੍ਹ ਬਣ ਕੇ ਉਭਰ ਰਿਹਾ ਹੈ। ਹਰਿਆਣਾ, ਆਪਣੇ ਬਿਹਤਰ ਇਨਫਰਾਸਟਰੱਕਚਰ, ਮਜ਼ਬੂਤ ਕਨੈਕਟੀਵਿਟੀ ਅਤੇ ਇੰਡਸਟਰੀ-ਫ੍ਰੈਂਡਲੀ ਮਾਹੌਲ ਦੇ ਚਲਦਿਆਂ ਇਸ ਸੈਕਟਰ ਵਿੱਚ ਵਿਸ਼ਵ ਪੱਧਰੀ ਨਿਵੇਸ਼ ਨੂੰ ਆਕਰਸ਼ਿਤ ਕਰਨ ਦੀਆਂ ਅਪਾਰ ਸੰਭਾਵਨਾਵਾਂ ਰੱਖਦਾ ਹੈ। ਮੀਟਿੰਗ ਵਿੱਚ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ ਵੀ ਮੌਜੂਦ ਰਹੇ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਹੈ ਕਿ ਹਰਿਆਣਾ ਨੂੰ ਗਲੋਬਲ ਕੰਪਨੀਆਂ ਦਾ ਪ੍ਰਮੁੱਖ ਕੇਂਦਰ ਬਣਾਇਆ ਜਾਵੇ, ਜਿੱਥੇ ਦੇਸ਼-ਵਿਦੇਸ਼ ਦੀਆਂ ਮੋਹਰੀ ਕੰਪਨੀਆਂ ਨਿਵੇਸ਼ ਕਰਨ। ਨਵੀਂ ਉਦਯੋਗਿਕ ਨੀਤੀ ਵਿੱਚ ESDM ਕੰਪਨੀਆਂ ਨੂੰ ਵਿਸ਼ੇਸ਼ ਪ੍ਰੋਤਸਾਹਨ ਦਿੱਤੇ ਜਾਣਗੇ। ਇਸ ਵਿੱਚ ਕੈਪੀਟਲ ਸਬਸਿਡੀ, ਟੈਕਸ ਬੈਨੀਫਿਟਸ, ਸਕਿੱਲ ਡਿਵੈਲਪਮੈਂਟ ਸਪੋਰਟ ਅਤੇ 'ਈਜ਼ ਆਫ ਡੂਇੰਗ ਬਿਜ਼ਨਸ' ਵਰਗੇ ਪ੍ਰਬੰਧ ਸ਼ਾਮਲ ਕੀਤੇ ਜਾਣਗੇ, ਤਾਂ ਜੋ ਉਦਯੋਗਾਂ ਨੂੰ ਸਥਾਪਿਤ ਕਰਨ ਅਤੇ ਵਿਸਤਾਰ ਕਰਨ ਵਿੱਚ ਕੋਈ ਰੁਕਾਵਟ ਨਾ ਆਵੇ।

ਪ੍ਰਤੀਨਿਧੀਆਂ ਨੇ ਸੁਝਾਅ ਦਿੰਦੇ ਹੋਏ ਕਿਹਾ ਕਿ ਫਿਊਚਰਿਸਟਿਕ ਪ੍ਰੋਡਕਟ ਅਤੇ ਕੁਝ ਕੰਪਨੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਗਲੋਬਲ ਕੰਪਨੀ ਬਣਾਉਣ ਵਿੱਚ ਮਦਦ ਕੀਤੀ ਜਾਵੇ, ਜਿਸ ਨਾਲ ਉਸ ਉਦਯੋਗ ਨਾਲ ਜੁੜੀਆਂ ਛੋਟੀਆਂ ਕੰਪਨੀਆਂ ਨੂੰ ਵੀ ਫਾਇਦਾ ਮਿਲੇਗਾ। ਇਸ ਤੋਂ ਇਲਾਵਾ, ਸਟਾਰਟਅੱਪਸ ਲਈ ਰਿਸਰਚ ਐਂਡ ਡਿਵੈਲਪਮੈਂਟ 'ਤੇ ਵੀ ਵਿਸ਼ੇਸ਼ ਫੋਕਸ ਕੀਤਾ ਜਾਵੇ ਅਤੇ ਖੋਜ ਲਈ 'ਸੈਂਟਰ ਆਫ ਐਕਸੀਲੈਂਸ' ਸਥਾਪਿਤ ਕੀਤੇ ਜਾਣ।

ਐਕਸਪੋਰਟ ਇੰਡਸਟਰੀ ਲਈ ਵਿਦੇਸ਼ਾਂ ਵਿੱਚ ਪ੍ਰੋਡਕਟ ਸਟੋਰੇਜ ਦੀਆਂ ਦਿੱਕਤਾਂ ਦੇ ਹੱਲ ਲਈ ਗਲੋਬਲ ਵੇਅਰਹਾਊਸ ਸਥਾਪਿਤ ਕੀਤੇ ਜਾਣ ਤਾਂ ਜੋ ਵੱਖ-ਵੱਖ ਕੰਪਨੀਆਂ ਇਨ੍ਹਾਂ ਗਲੋਬਲ ਵੇਅਰਹਾਊਸਾਂ ਵਿੱਚ ਆਪਣੇ ਉਤਪਾਦ ਸਟੋਰ ਕਰ ਸਕਣ। ਮੀਟਿੰਗ ਦੌਰਾਨ ਸਕਿੱਲ ਵਰਕਫੋਰਸ ਦੀ ਉਪਲਬਧਤਾ ਲਈ ਕਈ ਕੰਪਨੀਆਂ ਨੇ ਆਈ.ਟੀ.ਆਈ. ਅਡਾਪਟ ਕਰਨ ਵਿੱਚ ਰੁਚੀ ਦਿਖਾਈ, ਜਿਸ ਨਾਲ ਕੰਪਨੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਮੈਨਪਾਵਰ ਮਿਲ ਸਕੇਗੀ।

ਮਾਈਕ੍ਰੋਸਾਫਟ ਤੋਂ ਸੰਦੀਪ ਅਰੋੜਾ ਨੇ ਨੌਜਵਾਨਾਂ ਨੂੰ ਭਵਿੱਖ ਦੀਆਂ ਉਭਰਦੀਆਂ ਤਕਨੀਕਾਂ ਅਨੁਸਾਰ ਸਮਰੱਥ ਬਣਾਉਣ ਦੇ ਉਦੇਸ਼ ਨਾਲ ਮਾਈਕ੍ਰੋਸਾਫਟ ਦੇ ਸਹਿਯੋਗ ਨਾਲ ਸਕੂਲਾਂ, ਆਈ.ਟੀ.ਆਈ. ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਆਧਾਰਿਤ ਸਟੱਡੀ ਨੂੰ ਪ੍ਰੋਤਸਾਹਿਤ ਕਰਨ 'ਤੇ ਚਰਚਾ ਕੀਤੀ। ਇਸ ਪਹਿਲ ਦੇ ਤਹਿਤ ਵਿਦਿਆਰਥੀਆਂ ਨੂੰ ਸ਼ੁਰੂਆਤੀ ਪੱਧਰ ਤੋਂ ਹੀ ਏ.ਆਈ., ਮਸ਼ੀਨ ਲਰਨਿੰਗ ਅਤੇ ਡੇਟਾ ਐਨਾਲਿਟਿਕਸ ਵਰਗੀਆਂ ਆਧੁਨਿਕ ਸਕਿੱਲਜ਼ ਨਾਲ ਲੈਸ ਕੀਤਾ ਜਾਵੇਗਾ, ਤਾਂ ਜੋ ਉਹ ਵਿਸ਼ਵ ਪੱਧਰੀ ਮੁਕਾਬਲੇ ਵਿੱਚ ਆਪਣੀ ਮਜ਼ਬੂਤ ਭਾਗੀਦਾਰੀ ਯਕੀਨੀ ਬਣਾ ਸਕਣ। ਨਾਲ ਹੀ, ਰਾਜ ਸਰਕਾਰ ਵੱਲੋਂ ਰਿਸਰਚ ਐਂਡ ਡਿਵੈਲਪਮੈਂਟ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਨੀਤੀਗਤ ਸਹਿਯੋਗ ਅਤੇ ਇਨਸੈਂਟਿਵ ਪ੍ਰਦਾਨ ਕੀਤੇ ਜਾਣਗੇ, ਜਿਸ ਨਾਲ ਨਵੀਨਤਾ ਨੂੰ ਹੁਲਾਰਾ ਮਿਲੇਗਾ।

ਐਨੀਮੇਸ਼ਨ, ਵਿਜ਼ੂਅਲ ਇਫੈਕਟ, ਗੇਮਿੰਗ, ਕਾਮਿਕਸ ਸੈਕਟਰ ਨੂੰ ਪ੍ਰੋਤਸਾਹਿਤ ਕਰਨ ਲਈ ਰਾਜ ਸਰਕਾਰ ਵੱਖਰੇ ਤੌਰ 'ਤੇ ਇੱਕ ਸਮਰਪਿਤ ਸੈਕਟਰ ਪਾਲਿਸੀ ਲਿਆਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਤਾਂ ਜੋ ਇਸ ਉਭਰ ਰਹੇ ਕ੍ਰਿਏਟਿਵ ਅਤੇ ਟੈਕਨਾਲੋਜੀ ਆਧਾਰਿਤ ਉਦਯੋਗ ਨੂੰ ਇੱਕ ਢਾਂਚਾਗਤ ਵਿਕਾਸ ਦਾ ਪਲੇਟਫਾਰਮ ਮਿਲ ਸਕੇ। ਇਸ ਦੌਰਾਨ ਚੇਅਰਮੈਨ, ਫਿੱਕੀ ਏ.ਵੀ.ਜੀ.ਸੀ.-ਐਕਸ.ਆਰ. ਫੋਰਮ ਸ੍ਰੀ ਆਸ਼ੀਸ਼ ਕੁਲਕਰਨੀ, ਡਾਇਰੈਕਟਰ ਪਬਲਿਕ ਪਾਲਿਸੀ (ਈ-ਗੇਮਿੰਗ ਫੈਡਰੇਸ਼ਨ) ਦੇਵਭੂਤੀ ਬਖਸ਼ੀ, ਸੀ.ਈ.ਓ. ਮੀਡੀਆ ਐਂਡ ਸਕਿੱਲ ਐਂਟਰਟੇਨਮੈਂਟ ਕੌਂਸਲ ਮੋਹਿਤ ਸੋਨੀ ਨੇ ਸੁਝਾਅ ਦਿੱਤਾ ਕਿ ਈ-ਸਪੋਰਟਸ ਈਕੋਸਿਸਟਮ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਤਾਂ ਜੋ ਨੌਜਵਾਨਾਂ ਨੂੰ ਨਵੇਂ ਮੌਕੇ ਮਿਲਣ ਅਤੇ ਰਾਜ ਇਸ ਖੇਤਰ ਵਿੱਚ ਮੁਕਾਬਲੇਬਾਜ਼ੀ ਵਾਲੀ ਬੜ੍ਹਤ ਹਾਸਲ ਕਰ ਸਕੇ। ਕ੍ਰਿਏਟਿਵ ਅਤੇ ਪਰਫਾਰਮਿੰਗ ਸਕਿੱਲਜ਼ ਦੇ ਵਿਕਾਸ ਲਈ ਇਨਕਿਊਬੇਟਰਜ਼ ਅਤੇ 'ਸੈਂਟਰ ਆਫ ਐਕਸੀਲੈਂਸ' ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਵੀਨਤਾ, ਸਟਾਰਟਅੱਪਸ ਅਤੇ ਟੈਲੈਂਟ ਨੂੰ ਹੁਲਾਰਾ ਮਿਲ ਸਕੇ ਅਤੇ ਹਰਿਆਣਾ ਨੂੰ ਏ.ਵੀ.ਜੀ.ਸੀ.-ਐਕਸ.ਆਰ. ਸੈਕਟਰ ਵਿੱਚ ਇੱਕ ਪ੍ਰਮੁੱਖ ਹਬ ਵਜੋਂ ਸਥਾਪਿਤ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪਿੰਜੌਰ ਸਥਿਤ ਇਤਿਹਾਸਕ ਯਾਦਵਿੰਦਰ ਗਾਰਡਨ ਵਿੱਚ 'ਵੈਡਿੰਗ ਸਿਟੀ' ਵਿਕਸਿਤ ਕਰਨ ਦੀਆਂ ਅਪਾਰ ਸੰਭਾਵਨਾਵਾਂ ਮੌਜੂਦ ਹਨ, ਅਤੇ ਇਸ ਨੂੰ ਰਾਜ ਦੇ ਪ੍ਰਮੁੱਖ ਡੈਸਟੀਨੇਸ਼ਨ ਵੈਡਿੰਗ ਹਬ ਵਜੋਂ ਸਥਾਪਿਤ ਕੀਤਾ ਜਾ ਸਕਦਾ ਹੈ।

ਆਈ.ਐਚ.ਸੀ.ਐਲ. ਦੇ ਪ੍ਰਤੀਨਿਧੀ ਪੁਨੀਤ ਮੱਕੜ ਨੇ ਜਾਣਕਾਰੀ ਦਿੱਤੀ ਕਿ ਇਸ ਪ੍ਰੋਜੈਕਟ ਨੂੰ ਵਿਸ਼ਵ ਪੱਧਰੀ ਰੂਪ ਦੇਣ ਲਈ ਤਾਜ ਗਰੁੱਪ ਨਾਲ ਵਿਸਤ੍ਰਿਤ ਚਰਚਾ ਚੱਲ ਰਹੀ ਹੈ। ਇਸ ਸਾਂਝੇਦਾਰੀ ਰਾਹੀਂ ਇਹ ਪ੍ਰੋਜੈਕਟ ਨਾ ਸਿਰਫ਼ ਸੈਰ-ਸਪਾਟੇ ਨੂੰ ਪ੍ਰੋਤਸਾਹਨਦੇਵੇਗਾ, ਸਗੋਂ ਸਥਾਨਕ ਆਰਥਿਕਤਾ ਨੂੰ ਵੀ ਨਵੀਂ ਗਤੀ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਮੀਟਿੰਗ ਵਿੱਚ ਫਾਰਮਾਸਿਊਟੀਕਲ ਐਂਡ ਮੈਡੀਕਲ ਡਿਵਾਈਸਿਜ਼ ਅਤੇ ਈ-ਵੇਸਟ ਸੈਕਟਰ ਦੇ ਪ੍ਰਤੀਨਿਧੀਆਂ ਨਾਲ ਵੀ ਵਿਸਤਾਰ ਨਾਲ ਸੰਵਾਦ ਕੀਤਾ ਗਿਆ ਅਤੇ ਉਨ੍ਹਾਂ ਦੇ ਸੁਝਾਅ ਲਏ ਗਏ।

ਇਸ ਮੌਕੇ ਉਦਯੋਗ ਅਤੇ ਵਣਜ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ, ਨਿਰਦੇਸ਼ਕ ਸ੍ਰੀ ਯਸ਼ ਗਰਗ, ਵਧੀਕ ਨਿਰਦੇਸ਼ਕ (ਸਿਵਲ ਐਵੀਏਸ਼ਨ) ਸ੍ਰੀ ਮਨੀਸ਼ ਕੁਮਾਰ ਲੋਹਾਨ, ਸੀ.ਈ.ਓ. ਅਤੇ ਐਗਜ਼ੀਕਿਊਟਿਵ ਡਾਇਰੈਕਟਰ (ਇਲੈਕਟ੍ਰਾਨਿਕ ਕੰਪਿਊਟਰ ਸਾਫਟਵੇਅਰ ਐਕਸਪੋਰਟ ਪ੍ਰਮੋਸ਼ਨ ਕੌਂਸਲ) ਗੁਰਮੀਤ ਸਿੰਘ, ਹੈੱਡ ਪਬਲਿਕ ਪਾਲਿਸੀ ਐਂਡ ਡਿਜੀਟਲ ਇੰਫਰਾ (ਮਾਈਕ੍ਰੋਸਾਫਟ) ਸ੍ਰੀ ਸੰਦੀਪ, ਹੈਡ ਕਾਰਪੋਰੇਟ ਅਫੇਅਰਜ਼ ਇੰਡੀਆ ਐਂਡ ਪਬਲਿਕ ਪਾਲਿਸੀ ਸ੍ਰੀ ਰੋਹਿਤ ਚੌਹਾਨ, ਚੀਫ਼ ਆਪਰੇਟਿੰਗ ਅਫਸਰ (ਜਿੰਦਲ ਸਟੇਨਲੈਸ ਲਿਮਟਿਡ) ਸ੍ਰੀ ਜਗਮੋਹਨ ਸੂਦ, ਸੀ.ਐਮ.ਡੀ. (ਪ੍ਰੀਸੀਜਨ ਇਲੈਕਟ੍ਰਾਨਿਕਸ) ਸ੍ਰੀ ਅਸ਼ੋਕ ਕਨੋਡੀਆ, ਵਾਈ.ਐਸ.ਐਮ. ਜਾਇਰੋਕਸ ਐਵੀਏਸ਼ਨ ਪ੍ਰਾਈਵੇਟ ਲਿਮਟਿਡ ਬ੍ਰਿਗੇਡੀਅਰ ਹਿਤੇਨ, ਐਮ.ਡੀ. ਅਤੇ ਸੀ.ਈ.ਓ. (ਓਸਟਿਕ ਫਾਰਮਾ ਪ੍ਰਾਈਵੇਟ ਲਿਮਟਿਡ) ਡਾ. ਵਿਨੈ ਸੈਣੀ ਸਮੇਤ ਵੱਖ-ਵੱਖ ਉਦਯੋਗਿਕ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਮੌਜੂਦ ਸਨ।

# ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਪਰਸਨਲ ਪ੍ਰੋਫਾਈਲ ਬਿਲਡਿੰਗ ਤੇ ਵਰਕਸ਼ਾਪ ਕਰਵਾਈ

**ਬਟਾਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਵਿਖੇ ਆਖਰੀ ਸਾਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਰੋਜ਼ਗਾਰ ਅਤੇ ਇੰਟਰਵਿਊ ਲਈ ਤਿਆਰ ਕਰਨ ਦੇ ਮੰਤਵ ਨਾਲ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਯੋਗ ਅਗਵਾਈ ਅਤੇ ਪਲੇਸਮੈਂਟ ਅਫਸਰ ਜਸਬੀਰ ਸਿੰਘ ਦੀ ਦੇਖ ਰੇਖ ਹੇਠ ਕੈਰੀਅਰ ਕਾਉਂਸਲਿੰਗ ਵਿਭਾਗ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਹਿਯੋਗ ਨਾਲ ਪਰਸਨਲ ਪ੍ਰੋਫਾਈਲ ਬਿਲਡਿੰਗ (ਸਾਫਟ ਸਕਿਲ) ਤੇ ਇੱਕ ਵਿਸ਼ੇਸ਼ ਵਰਕਸ਼ਾਪ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਲਈ ਐਲ. ਪੀ. ਯੂ. ਤੋਂ ਪ੍ਰੋ ਦਿਵਿਆ ਅਤੇ ਸੁਰਿੰਦਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ।

ਵਰਕਸ਼ਾਪ ਦੀ ਸ਼ੁਰੂਆਤ ਕਰਦਿਆਂ ਪਲੇਸਮੈਂਟ ਅਫਸਰ ਜਸਬੀਰ ਸਿੰਘ ਨੇ ਆਏ ਹੋਏ ਮਾਹਰਾਂ ਦਾ ਜੀ ਆਇਆਂ ਕੀਤਾ ਅਤੇ ਵਿਦਿਆਰਥੀਆਂ ਨੂੰ ਕਿਹਾ ਕਿ ਕੋਰਸ ਦੀ ਪੜ੍ਹਾਈ ਦੇ ਨਾਲ ਨਾਲ ਭਵਿੱਖ ਵਿੱਚ ਉਨ੍ਹਾਂ ਲਈ ਸਾਫਟ ਸਕਿਲ ਦੀ ਮਹੱਤਤਾ ਹੋਰ ਵੱਧ ਜਾਵੇਗੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਤੇ ਮਿਲਣ ਵਾਲੀ ਜਾਣਕਾਰੀ ਨੂੰ ਧਿਆਨ ਨਾਲ ਗ੍ਰਹਿਣ ਕਰਨ ਅਤੇ ਉਸ ਦਾ ਪੂਰੀ ਤਰ੍ਹਾਂ ਲਾਭ ਲੈਣ।

ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥੀਆਂ ਦੀ ਸਮੂਹਿਕ ਵਿਕਾਸ ਲਈ ਬਹੁਤ ਲਾਭਦਾਇਕ ਹੁੰਦੀਆਂ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਮੁਕਾਬਲੇ ਭਰੇ ਦੌਰ ਵਿੱਚ ਸਿਰਫ਼ ਅਕਾਦਮਿਕ ਗਿਆਨ ਹੀ ਨਹੀਂ, ਸਗੋਂ ਸਾਫਟ ਸਕਿਲਜ਼ ਵੀ ਬਰਾਬਰ ਮਹੱਤਵ ਰੱਖਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਅਜਿਹੇ ਮੌਕਿਆਂ ਦਾ ਪੂਰਾ ਲਾਭ ਉਠਾਉਣ।

ਪ੍ਰੋ ਦਿਵਿਆ ਅਤੇ ਸੁਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਇੰਟਰਵਿਊ ਦੇ ਮੌਕੇ ਤੇ ਆਉਣ ਵਲੀਆਂ ਚੁਣੌਤੀਆਂ ਅਤੇ ਉਨ੍ਹਾਂ ਦਾ ਸਾਹਮਣਾ ਕਰਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ ਲਈ ਮਹੱਤਵਪੂਰਣ ਕਰੀਕੁਲਮ ਵਾਈਟੇ (ਸੀ. ਵੀ.) ਤਿਆਰ ਕਰਨ ਦੀ ਵੀ ਟ੍ਰੇਨਿਗ ਦਿੱਤੀ। ਇਹ ਵਰਕਸ਼ਾਪ ਸਿਰਫ ਲੈਕਚਰ ਤੱਕ ਹੀ ਸੀਮਿਤ ਨਹੀ ਰਹੀ, ਬਲਕਿ ਵਿਦਿਆਰਥੀਆਂ ਦੀ ਭਾਗੀਦਾਰੀ ਨਾਲ ਗਤੀਵਿਧੀਆਂ 'ਤੇ ਵੀ ਕੇਂਦ੍ਰਤ ਰਹੀ ਅਤੇ ਵਿਦਿਆਰਥੀਆਂ ਨੇ ਹੱਸਦੇ-ਖੇਡਦੇ ਕਈ ਨਵੀਆਂ ਗੱਲਾਂ ਸਿੱਖੀਆਂ।

ਵਰਕਸ਼ਾਪ ਦੀ ਸਮਾਪਤੀ ਤੇ ਪਲੇਸਮੈਂਟ ਅਫਸਰ ਜਸਬੀਰ ਸਿੰਘ ਨੇ ਆਏ ਹੋਏ ਮਾਹਰਾਂ ਦਾ ਧੰਨਵਾਦ ਕੀਤਾ ਅਤੇ ਆਸ ਜਤਾਈ ਕਿ ਉਹ ਅੱਗੋਂ ਤੋਂ ਵੀ ਕਾਲਜ ਵਿੱਚ ਅਜਿਹੀਆਂ ਵਰਕਸ਼ਾਪ ਕਰਨ ਲਈ ਆਉਂਦੇ ਰਹਿਣਗੇ। ਵਿਦਿਆਰਥੀਆਂ ਨੇ ਵੀ ਉਤਸ਼ਾਹ ਦਿਖਾਉਂਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਇਹ ਵਰਕਸ਼ਾਪ ਬਹੁਤ ਲਾਭਦਾਇਕ ਲੱਗੀ। ਇਸ ਵਰਕਸ਼ਾਪ ਦੌਰਾਨ ਵਿਭਾਗੀ ਇੰਚਾਰਜ ਵਿਜੇ ਮਿਨਹਾਸ, ਸ਼ਿਵਰਾਜਨ ਪੁਰੀ, ਹਰਜਿੰਦਰ ਪਾਲ ਸਿੰਘ, ਮੈਡਮ ਰਮਨਦੀਪ ਕੌਰ, ਮੈਡਮ ਰੇਖਾ ਅਤੇ ਜਗਦੀਪ ਸਿੰਘ ਵੀ ਮੌਜੂਦ ਰਹੇ ।

# ਨਿਵਾਰਕ ਸਿਹਤ ਸੇਵਾ ਵਿੱਚ ਇੱਕ ਵੱਡਾ ਕਦਮ : ਡਾ. ਸੁਮਿਤਾ ਮਿਸ਼ਰਾ

**ਚੰਡੀਗੜ੍ਹ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਪ੍ਰਮੁੱਖ ਨਿਵਾਰਕ ਸਿਹਤ ਪ੍ਰੋਗਰਾਮ 'ਨਿਰੋਗੀ ਹਰਿਆਣਾ' ਨੇ ਇੱਕ ਮਹੱਤਵਪੂਰਨ ਉਪਲਬਧੀ ਹਾਸਲ ਕੀਤੀ ਹੈ। ਇਸ ਯੋਜਨਾ ਤਹਿਤ ਹੁਣ ਤੱਕ ਇੱਕ ਕਰੋੜ ਤੋਂ ਵੱਧ ਲੋਕਾਂ ਦੀ ਸਿਹਤ ਜਾਂਚ (ਸਕ੍ਰੀਨਿੰਗ) ਕੀਤੀ ਜਾ ਚੁੱਕੀ ਹੈ, ਜਦਕਿ 5.86 ਕਰੋੜ ਤੋਂ ਵੱਧ ਲੈਬ ਟੈਸਟ ਮੁਫ਼ਤ ਕੀਤੇ ਗਏ ਹਨ। ਇਸ ਨਾਲ ਰਾਜ ਵਿੱਚ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਅਤੇ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਵਿਆਪਕ ਮਜ਼ਬੂਤੀ ਮਿਲੀ ਹੈ।



ਹਰਿਆਣਾ ਦੇ ਸਿਹਤ ਅਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਇਹ ਗੱਲ ਉੱਚ ਪੱਧਰੀ ਸਮੀਖਿਆ ਮੀਟਿੰਗ ਦੌਰਾਨ ਕਹੀ।

ਉਨ੍ਹਾਂ ਦੱਸਿਆ ਕਿ 21 ਅਪ੍ਰੈਲ, 2026 ਤੱਕ ਇਸ ਯੋਜਨਾ ਦੇ ਅਧੀਨ ਅੰਤੋਦਿਆ ਪਰਿਵਾਰਾਂ ਦੇ 1,00,07,430 ਲਾਭਕਾਰਾਂ ਦੀ ਸਕ੍ਰੀਨਿੰਗ ਕੀਤੀ ਜਾ ਚੁੱਕੀ ਹੈ। ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਸ਼ੁਰੂ ਕੀਤੀ ਗਈ ਇਸ ਪਹਿਲ ਤਹਿਤ 5,86,60,875 ਮੁਫ਼ਤ ਲੈਬ ਟੈਸਟ ਕੀਤੇ ਗਏ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦਾ ਹੋਣ ਵਾਲਾ ਖਰਚਾ ਘਟਿਆ ਹੈ।ਉਨ੍ਹਾਂ ਦੱਸਿਆ ਕਿ ਸ਼ੁਰੂ ਵਿੱਚ ਇਹ ਯੋਜਨਾ ਉਨ੍ਹਾਂ ਪਰਿਵਾਰਾਂ ਲਈ ਲਾਗੂ ਕੀਤੀ ਗਈ ਸੀ, ਜਿਨ੍ਹਾਂ ਦੀ ਸਾਲਾਨਾ ਆਮਦਨ 1.8 ਲੱਖ ਰੁਪਏ ਤੱਕ ਸੀ। ਹੁਣ ਇਸ ਦਾ ਵਿਸਤਾਰ ਕਰਕੇ 3 ਲੱਖ ਰੁਪਏ ਤੱਕ ਦੀ ਆਮਦਨ ਵਾਲੇ ਪਰਿਵਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਬਦਲਾਅ ਨਾਲ ਲਾਭਕਾਰਾਂ ਦੀ ਗਿਣਤੀ 1.59 ਕਰੋੜ ਤੋਂ ਵਧ ਕੇ ਲਗਭਗ 2.30 ਕਰੋੜ ਹੋ ਗਈ ਹੈ। ਤੀਜੇ ਪੜਾਅ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਅਨੁਸਾਰ 70 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਨੂੰ, ਚਾਹੇ ਉਨ੍ਹਾਂ ਦੀ ਆਮਦਨ ਕਿੰਨੀ ਵੀ ਹੋਵੇ, ਇਸ ਯੋਜਨਾ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਹ ਕਦਮ ਬਜ਼ੁਰਗਾਂ ਦੀ ਸਿਹਤ ਸੁਰੱਖਿਆ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਮੰਨਿਆ ਜਾ ਰਿਹਾ ਹੈ।

ਡਾ. ਮਿਸ਼ਰਾ ਨੇ ਦੱਸਿਆ ਕਿ ਇਹ ਪ੍ਰੋਗਰਾਮ ਹੁਣ ਕੇਵਲ ਹਸਪਤਾਲਾਂ ਤੱਕ ਸੀਮਤ ਨਹੀਂ ਹੈ, ਸਗੋਂ ਲੋਕਾਂ ਦੇ ਘਰ-ਘਰ ਤੱਕ ਪਹੁੰਚ ਬਣਾ ਰਿਹਾ ਹੈ। ਇਸ ਦੇ ਤਹਿਤ 1,11,116 ਆਊਟਰੀਚ ਕੈਂਪ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ 38.63 ਲੱਖ ਤੋਂ ਵੱਧ ਲੋਕਾਂ ਦੀ ਸਕ੍ਰੀਨਿੰਗ ਕੀਤੀ ਗਈ। ਮੋਬਾਈਲ ਮੈਡੀਕਲ ਯੂਨਿਟਾਂ ਰਾਹੀਂ 12,579 ਕੈਂਪ ਲਗਾ ਕੇ ਲਗਭਗ 2.8 ਲੱਖ ਲੋਕਾਂ ਤੱਕ ਸੇਵਾਵਾਂ ਪਹੁੰਚਾਈਆਂ ਗਈਆਂ। ਨਾਲ ਹੀ, 25,907 ਆਂਗਣਵਾੜੀਆਂ, 14,316 ਸਕੂਲਾਂ ਅਤੇ 13,034 ਉਦਯੋਗਿਕ ਅਤੇ ਉੱਚ ਜੋਖਮ ਵਾਲੇ ਖੇਤਰਾਂ ਵਿੱਚ ਵੀ ਸਕ੍ਰੀਨਿੰਗ ਕੀਤੀ ਗਈ ਹੈ, ਤਾਂ ਜੋ ਸਾਰੇ ਉਮਰ ਵਰਗਾਂ ਅਤੇ ਖੇਤਰਾਂ ਦੇ ਲੋਕਾਂ ਨੂੰ ਇਸ ਯੋਜਨਾ ਦਾ ਲਾਭ ਮਿਲ ਸਕੇ।ਉਨ੍ਹਾਂ ਦੱਸਿਆ ਕਿ 'ਨਿਰੋਗੀ ਹਰਿਆਣਾ' ਪ੍ਰੋਗਰਾਮ ਉਮਰ ਵਰਗ ਅਨੁਸਾਰ ਵਿਸ਼ੇਸ਼ ਸਿਹਤ ਜਾਂਚ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਸ ਵਿੱਚ ਸਰੀਰਕ ਜਾਂਚ, ਜ਼ਰੂਰੀ ਸੰਕੇਤਾਂ ਦੀ ਨਿਗਰਾਨੀ, ਲੈਬ ਜਾਂਚ, ਬੀਮਾਰੀਆਂ ਦੀ ਪਛਾਣ, ਇਲਾਜ ਅਤੇ ਲੋੜ ਅਨੁਸਾਰ ਉੱਚ ਸੰਸਥਾਵਾਂ ਵਿੱਚ ਰੈਫਰਲ ਵਰਗੀਆਂ ਸੇਵਾਵਾਂ ਸ਼ਾਮਲ ਹਨ। ਇਹ ਪ੍ਰੋਗਰਾਮ ਐਨੀਮੀਆ, ਡਾਇਬੀਟੀਜ਼, ਹਾਈ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਕੈਂਸਰ ਅਤੇ ਜਨਮਜਾਤ ਵਿਕਾਰਾਂ ਵਰਗੀਆਂ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਯਕੀਨੀ ਬਣਾਉਂਦਾ ਹੈ।

ਵਧੀਕ ਮੁੱਖ ਸਕੱਤਰ ਨੇ ਦੱਸਿਆ ਕਿ ਇਸ ਰਾਹੀਂ ਕਈ ਗੰਭੀਰ ਬਿਮਾਰੀਆਂ ਦਾ ਸ਼ੁਰੂਆਤੀ ਪੜਾਅ ਵਿੱਚ ਹੀ ਪਤਾ ਲੱਗ ਸਕਿਆ ਹੈ। ਕੈਂਸਰ, ਦਿਲ ਦੇ ਰੋਗ, ਦਿਮਾਗੀ ਪ੍ਰਣਾਲੀ ਨਾਲ ਸਬੰਧਤ ਦੁਰਲੱਭ ਬਿਮਾਰੀਆਂ ਅਤੇ ਗੰਭੀਰ ਐਨੀਮੀਆ ਤੋਂ ਪੀੜਤ ਮਰੀਜ਼ਾਂ ਨੂੰ ਸਮੇਂ ਸਿਰ ਉੱਚ ਪੱਧਰੀ ਮੈਡੀਕਲ ਸੰਸਥਾਵਾਂ ਵਿੱਚ ਭੇਜ ਕੇ ਇਲਾਜ ਮੁਹੱਈਆ ਕਰਵਾਇਆ ਗਿਆ, ਜਿਸ ਨਾਲ ਕਈ ਜਾਨਾਂ ਬਚਾਉਣ ਵਿੱਚ ਮਦਦ ਮਿਲੀ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਸਾਲ 2026-27 ਦੇ ਬਜਟ ਵਿੱਚ ਕੀਤੀ ਗਈ ਘੋਸ਼ਣਾ ਅਨੁਸਾਰ, ਹੁਣ ਇਹ ਪ੍ਰੋਗਰਾਮ 70 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਨੂੰ ਕਵਰ ਕਰੇਗਾ, ਚਾਹੇ ਉਨ੍ਹਾਂ ਦੀ ਆਮਦਨ ਕਿੰਨੀ ਵੀ ਹੋਵੇ। ਇਸ ਕਦਮ ਨਾਲ ਬਜ਼ੁਰਗ ਨਾਗਰਿਕਾਂ ਨੂੰ ਸੁਰੱਖਿਆ ਦਾ ਇੱਕ ਵੱਡਾ ਸਹਾਰਾ ਮਿਲੇਗਾ। ਇਸ ਯੋਜਨਾ ਤਹਿਤ ਹੁਣ ਤੱਕ ਕੁੱਲ 8,69,966 ਬੀਮਾਰੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚ ਐਨੀਮੀਆ ਦੇ 2,99,090, ਹਾਈ ਬਲੱਡ ਪ੍ਰੈਸ਼ਰ ਦੇ 1,33,528, ਡਾਇਬੀਟੀਜ਼ ਦੇ 1,05,238, ਦਿਲ ਦੇ ਰੋਗ ਦੇ 6,410, ਕੈਂਸਰ ਦੇ 1,257 ਅਤੇ ਟੀਬੀ ਦੇ 3,518 ਮਾਮਲੇ ਸ਼ਾਮਲ ਹਨ।

ਇਹ ਪਹਿਲ ਸ਼ੁਰੂਆਤੀ 32 ਸਥਾਨਾਂ ਤੋਂ ਵਧ ਕੇ ਹੁਣ ਪੂਰੇ ਰਾਜ ਵਿੱਚ 2,000 ਤੋਂ ਵੱਧ ਸਿਹਤ ਕੇਂਦਰਾਂ ਤੱਕ ਫੈਲ ਚੁੱਕੀ ਹੈ। ਇਸ ਪ੍ਰੋਗਰਾਮ ਦੇ ਸਫਲਤਾਪੂਰਵਕ ਲਾਗੂਕਰਨ ਵਿੱਚ ਡਿਜੀਟਲ ਪਲੇਟਫਾਰਮ, ਮਜ਼ਬੂਤ ਲੈਬਾਰਟਰੀ ਨੈੱਟਵਰਕ, ਸਿਖਲਾਈ ਪ੍ਰਾਪਤ ਸਿਹਤ ਕਰਮਚਾਰੀਆਂ ਅਤੇ ਲਗਾਤਾਰ ਨਿਗਰਾਨੀ ਪ੍ਰਣਾਲੀ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਕਾਰਜਕੁਸ਼ਲਤਾ ਯਕੀਨੀ ਹੋ ਰਹੀ ਹੈ।

# ਮ੍ਹਾਰੀ ਸੜਕ ਐਪ: ਜਨ-ਭਾਗੀਦਾਰੀ ਨਾਲ ਬਦਲ ਰਹੀ ਹਰਿਆਣਾ ਵਿੱਚ ਸੜਕਾਂ ਦੀ ਤਸਵੀਰ

**ਚੰਡੀਗੜ੍ਹ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਵੱਲੋਂ ਸੜਕਾਂ ਦੀ ਮੁਰੰਮਤ ਅਤੇ ਰੱਖ-ਰਖਾਅ ਪ੍ਰਣਾਲੀ ਨੂੰ ਆਧੁਨਿਕ, ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣ ਦੀ ਦਿਸ਼ਾ ਵਿੱਚ ਸ਼ੁਰੂ ਕੀਤੀ ਗਈ 'ਮ੍ਹਾਰੀ ਸੜਕ ਐਪ' ਇੱਕ ਪ੍ਰਭਾਵੀ ਡਿਜੀਟਲ ਪਹਿਲ ਵਜੋਂ ਸਥਾਪਿਤ ਹੋ ਰਹੀ ਹੈ। ਇਸ ਦੇ ਰਾਹੀਂ ਆਮ ਨਾਗਰਿਕਾਂ ਨੂੰ ਸਿੱਧਾ ਸ਼ਾਸਨ ਪ੍ਰਣਾਲੀ ਨਾਲ ਜੋੜਦੇ ਹੋਏ ਸੜਕਾਂ ਦੀ ਹਾਲਤ ਸੁਧਾਰਨ ਵਿੱਚ ਜਨ-ਭਾਗੀਦਾਰੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਰਾਜ ਸਰਕਾਰ ਵੱਲੋਂ ਵਿਕਸਿਤ ਕੀਤੀ ਗਈ ਇਹ ਐਪ ਨਾਗਰਿਕਾਂ ਦੇ ਫੀਡਬੈਕ 'ਤੇ ਆਧਾਰਿਤ ਹੈ, ਜਿਸ ਦੇ ਜ਼ਰੀਏ ਸੜਕਾਂ ਨਾਲ ਸਬੰਧਤ ਸ਼ਿਕਾਇਤਾਂ ਦਾ ਨਾ ਸਿਰਫ਼ ਤੁਰੰਤ ਨੋਟਿਸ ਲਿਆ ਜਾ ਰਿਹਾ ਹੈ, ਸਗੋਂ ਸਬੰਧਤ ਵਿਭਾਗਾਂ ਦੀ ਜਵਾਬਦੇਹੀ ਵੀ ਸਪੱਸ਼ਟ ਤੌਰ 'ਤੇ ਤੈਅ ਕੀਤੀ ਜਾ ਰਹੀ ਹੈ।

ਐਪ 'ਤੇ ਪ੍ਰਾਪਤ ਸ਼ਿਕਾਇਤਾਂ ਦਾ ਨਿਵਾਰਨ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਇਆ ਜਾ ਰਿਹਾ ਹੈ, ਜਿਸ ਨਾਲ ਸੜਕਾਂ ਦੀ ਗੁਣਵੱਤਾ ਵਿੱਚ ਲਗਾਤਾਰ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ।ਇਸ ਐਪ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਲੋਕ ਨਿਰਮਾਣ ਵਿਭਾਗ, ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ, ਜ਼ਿਲ੍ਹਾ ਪ੍ਰੀਸ਼ਦ, ਪੰਚਾਇਤੀ ਰਾਜ ਸੰਸਥਾਵਾਂ, ਸ਼ਹਿਰੀ ਸਥਾਨਕ ਇਕਾਈਆਂ ਅਤੇ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਸਮੇਤ ਸਾਰੇ ਸਬੰਧਤ ਵਿਭਾਗਾਂ ਅਧੀਨ ਆਉਣ ਵਾਲੀਆਂ ਸੜਕਾਂ ਦਾ ਡਾਟਾ ਜੀਓ-ਲੋਕੇਸ਼ਨ ਦੇ ਨਾਲ ਏਕੀਕ੍ਰਿਤ ਕੀਤਾ ਗਿਆ ਹੈ। ਨਾਗਰਿਕ ਕਿਸੇ ਵੀ ਸੜਕ ਨਾਲ ਸਬੰਧਤ ਜਾਣਕਾਰੀ ਫੋਟੋ ਜਾਂ ਵੀਡੀਓ ਰਾਹੀਂ ਸਿੱਧਾ ਐਪ 'ਤੇ ਅਪਲੋਡ ਕਰ ਸਕਦੇ ਹਨ। ਸ਼ਿਕਾਇਤ ਦਰਜ ਹੁੰਦੇ ਹੀ ਉਸ ਦੀ ਲੋਕੇਸ਼ਨ ਆਪਣੇ-ਆਪ ਸਬੰਧਤ ਵਿਭਾਗ ਤੱਕ ਪਹੁੰਚ ਜਾਂਦੀ ਹੈ ਅਤੇ ਸ਼ਿਕਾਇਤਕਰਤਾ ਨੂੰ ਐਸ.ਐਮ.ਐਸ. ਰਾਹੀਂ ਸੂਚਨਾ ਵੀ ਪ੍ਰਾਪਤ ਹੁੰਦੀ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਖ਼ੁਦ 'ਮ੍ਹਾਰੀ ਸੜਕ ਐਪ' 'ਤੇ ਪ੍ਰਾਪਤ ਸ਼ਿਕਾਇਤਾਂ ਦੀ ਨਿਯਮਤ ਮਾਨੀਟਰਿੰਗ ਕਰ ਰਹੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਸੜਕਾਂ ਦੇ ਰੱਖ-ਰਖਾਅ ਅਤੇ ਮੁਰੰਮਤ ਦੇ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਸਾਰੀਆਂ ਸ਼ਿਕਾਇਤਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਇਆ ਜਾਵੇ। ਮੁੱਖ ਮੰਤਰੀ ਦੀ ਇਸ ਸਿੱਧੀ ਨਿਗਰਾਨੀ ਨਾਲ ਪ੍ਰਸ਼ਾਸਨਿਕ ਤੰਤਰ ਵਿੱਚ ਸਰਗਰਮੀ ਅਤੇ ਜਵਾਬਦੇਹੀ ਦੋਵਾਂ ਵਿੱਚ ਵਰਣਨਯੋਗ ਵਾਧਾ ਹੋਇਆ ਹੈ।

'ਮ੍ਹਾਰੀ ਸੜਕ ਐਪ' ਰਾਹੀਂ ਸ਼ਾਸਨ ਵਿਵਸਥਾ ਅਤੇ ਨਾਗਰਿਕਾਂ ਵਿਚਕਾਰ ਸੰਵਾਦ ਦਾ ਇੱਕ ਮਜ਼ਬੂਤ ਮਾਧਿਅਮ ਵਿਕਸਿਤ ਹੋਇਆ ਹੈ, ਜਿਸ ਨਾਲ ਨਾ ਸਿਰਫ਼ ਸ਼ਿਕਾਇਤਾਂ ਦੇ ਹੱਲ ਵਿੱਚ ਤੇਜ਼ੀ ਆਈ ਹੈ, ਸਗੋਂ ਕਾਰਜਪ੍ਰਣਾਲੀ ਵਿੱਚ ਪਾਰਦਰਸ਼ਤਾ ਵੀ ਯਕੀਨੀ ਹੋਈ ਹੈ। ਇਹ ਪਹਿਲ 'ਡਿਜੀਟਲ ਹਰਿਆਣਾ' ਦੇ ਵਿਜ਼ਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਵਰਨਣਯੋਗ ਹੈ ਕਿ ਰਾਜ ਸਰਕਾਰ ਨੇ ਮੌਜੂਦਾ ਵਿੱਤੀ ਸਾਲ ਵਿੱਚ ਪ੍ਰਦੇਸ਼ ਦੀ 63,170 ਕਿਲੋਮੀਟਰ ਲੰਬੀ ਸੜਕਾਂ ਦੇ ਨਿਰਮਾਣ ਅਤੇ ਮੁਰੰਮਤ ਦਾ ਟੀਚਾ ਮਿੱਥਿਆ ਹੈ। ਇਸ ਟੀਚੇ ਨੂੰ ਸਮਾਂਬੱਧ ਅਤੇ ਗੁਣਵੱਤਾਪੂਰਣ ਢੰਗ ਨਾਲ ਪੂਰਾ ਕਰਨ ਲਈ ਡਿਜੀਟਲ ਤਕਨੀਕਾਂ ਦੀ ਵਿਆਪਕ ਵਰਤੋਂ ਕੀਤੀ ਜਾ ਰਹੀ ਹੈ। 'ਮ੍ਹਾਰੀ ਸੜਕ ਐਪ' ਇਸ ਦਿਸ਼ਾ ਵਿੱਚ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਕੰਮ ਕਰ ਰਹੀ ਹੈ, ਜੋ ਕੰਮਾਂ ਦੀ ਨਿਗਰਾਨੀ ਅਤੇ ਲਾਗੂਕਰਨ ਦੋਵਾਂ ਨੂੰ ਮਜ਼ਬੂਤ ਬਣਾ ਰਹੀ ਹੈ।

ਆਮ ਨਾਗਰਿਕ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਐਪ ਦੀ ਵਰਤੋਂ ਕਰਨ ਅਤੇ ਆਪਣੇ ਖੇਤਰ ਦੀਆਂ ਸੜਕਾਂ ਨਾਲ ਸਬੰਧਤ ਸਮੱਸਿਆਵਾਂ ਸਾਂਝੀਆਂ ਕਰਨ, ਤਾਂ ਜੋ ਸਮੂਹਿਕ ਯਤਨਾਂ ਨਾਲ ਹਰਿਆਣਾ ਦੀਆਂ ਸੜਕਾਂ ਨੂੰ ਸੁਰੱਖਿਅਤ, ਸੁਖਾਲਾ ਅਤੇ ਵਿਸ਼ਵ ਪੱਧਰੀ ਬਣਾਇਆ ਜਾ ਸਕੇ। 'ਮ੍ਹਾਰੀ ਸੜਕ ਐਪ' ਨੂੰ ਕੋਈ ਵੀ ਨਾਗਰਿਕ ਗੂਗਲ ਪਲੇ ਸਟੋਰ ਤੋਂ ਡਾਊਨਲੋਡ ਕਰਕੇ ਆਸਾਨੀ ਨਾਲ ਵਰਤ ਸਕਦਾ ਹੈ।

# ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਵਿਕਾਸ ਦੇ ਨਵੇਂ ਯੁੱਗ ਵਿੱਚ ਦਾਖਲ

**ਬਟਾਲਾ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਦੀ ਅਗਵਾਈ ਹੇਠ ਸੂਬੇ ਵਿੱਚ ਵੱਖ ਵੱਖ ਵਿਕਾਸ ਕਾਰਜਾਂ ਦੇ ਨਾਲ ਲੋਕ-ਭਲਾਈ ਯੋਜਨਾਵਾਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਨਾਲ ਸੂਬਾ ਵਾਸੀਆਂ ਦੀ ਜ਼ਿੰਦਗੀ ਵਿੱਚ ਸੁਧਾਰ ਆਇਆ ਹੈ ਅਤੇ ਲੋਕ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੁੱਖ ਸਹੂਲਤਾਂ ਦਾ ਨਿੱਘ ਮਾਣ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਨੇ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਘਰੇਲੂ ਖਪਤਕਾਰਾਂ ਨੂੰ ਹਰ ਮਹੀਨੇ 600 ਯੂਨਿਟ ਤੱਕ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਨੂੰ ਵੱਡੀ ਆਰਥਿਕ ਰਾਹਤ ਮਿਲੀ ਹੈ। ਇਸਦੇ ਨਾਲ ਹੀ ਗਰੀਬ ਅਤੇ ਲੋੜਵੰਦ ਵਰਗਾਂ ਲਈ ਰਾਸ਼ਨ ਕਿੱਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਕਿਸੇ ਵੀ ਪਰਿਵਾਰ ਨੂੰ ਖਾਣ-ਪੀਣ ਦੀ ਕਮੀ ਨਾ ਆਵੇ।

ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਨੇ ਦੱਸਿਆ ਕਿ ਕਿਸਾਨਾਂ ਲਈ ਟਿਊਬਵੈੱਲਾਂ 'ਤੇ ਮੁਫ਼ਤ ਬਿਜਲੀ ਦੀ ਸਹੂਲਤ ਜਾਰੀ ਰੱਖ ਕੇ ਖੇਤੀਬਾੜੀ ਨੂੰ ਮਜ਼ਬੂਤ ਕੀਤਾ ਗਿਆ ਹੈ। ਸੂਬੇ ਵਿੱਚ ਨਵੀਆਂ ਸੜਕਾਂ ਦੇ ਨਿਰਮਾਣ ਅਤੇ ਪੁਰਾਣੀਆਂ ਸੜਕਾਂ ਦੀ ਮਰੰਮਤ ਨਾਲ ਆਵਾਜਾਈ ਪ੍ਰਣਾਲੀ ਸੁਧਰੀ ਹੈ ਅਤੇ ਪਿੰਡਾਂ ਤੋਂ ਸ਼ਹਿਰਾਂ ਤੱਕ ਜੁੜਾਅ ਹੋਰ ਮਜ਼ਬੂਤ ਹੋਇਆ ਹੈ।ਸਿੱਖਿਆ ਖੇਤਰ ਦੀ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਬੱਚਿਆਂ ਨੂੰ ਉੱਚ ਪੱਧਰੀ ਅਤੇ ਮੁਫ਼ਤ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

# ਫਿਨਲੈਂਡ ਦੀ ਯੂਨੀਵਰਸਿਟੀ ਆਫ਼ ਟੁਰਕੂ ਨਾਲ ਪੰਜਾਬ ਦੀ ਭਾਈਵਾਲੀ ਵਿਸ਼ਵਵਿਆਪੀ ਅਧਿਆਪਨ ਜੁਗਤਾਂ ਨੂੰ ਪੰਜਾਬ ਦੇ ਕਲਾਸਰੂਮਾਂ ਤੱਕ ਪਹੁੰਚਾਉਣ ਵਿੱਚ ਮਦਦਗਾਰ: ਭਗਵੰਤ ਸਿੰਘ ਮਾਨ

**ਚੰਡੀਗੜ੍ਹ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਅਤੇ ਫਿਨਲੈਂਡ ਦੀ ਟੁਰਕੂ ਯੂਨੀਵਰਸਿਟੀ ਦਰਮਿਆਨ ਸਹਿਯੋਗ ਦੇ ਨਾਲ ਪੰਜਾਬ ਦੇ ਕਲਾਸਰੂਮਾਂ ਵਿੱਚ ਪ੍ਰਤੱਖ ਤਬਦੀਲੀਆਂ ਦਿਖਣੀਆਂ ਸ਼ੁਰੂ ਹੋ ਗਈਆਂ ਹਨ, ਜਿਸਨੇ ਅਧਿਆਪਨ ਅਭਿਆਸਾਂ ਨੂੰ ਵਧੇਰੇ ਆਨੰਦਮਈ ਅਤੇ ਵਿਹਾਰਕ ਬਣਾ ਦਿੱਤਾ ਹੈ ਅਤੇ ਵਿਦਿਆਰਥੀਆਂ ਲਈ ਸਿੱਖਣ ਦਾ ਮਾਹੌਲ ਵਧੇਰੇ ਪ੍ਰਭਾਵਸ਼ਾਲੀ ਬਣ ਰਿਹਾ ਹੈ।ਇਸ ਪਹਿਲਕਦਮੀ ਦੇ ਹਿੱਸੇ ਵਜੋਂ ਪੜ੍ਹਾਈ-ਲਿਖਾਈ ਰੱਟੇ ਮਾਰਨ ਦੇ ਢੰਗ-ਤਰੀਕਿਆਂ ਤੋਂ ਹਟ ਕੇ ਹੁਣ ਵਧੇਰੇ ਅਨੰਦਮਈ ਅਤੇ ਸ਼ਮੂਲੀਅਤ ਭਰੇ ਸਿੱਖਣ ਦੇ ਮਾਹੌਲ ਵੱਲ ਵਧ ਰਹੀ ਹੈ। ਪੰਜਾਬ ਦੀ ਵਿਆਪਕ ਸਿੱਖਿਆ ਕ੍ਰਾਂਤੀ ਵਿੱਚ ਸ਼ਾਮਲ ਇਹ ਪ੍ਰੋਗਰਾਮ ਸਥਾਨਕ ਕਲਾਸਰੂਮ ਵਿੱਚ ਵਿਸ਼ਵਵਿਆਪੀ ਮੁਹਾਰਤ ਨੂੰ ਸ਼ਾਮਲ ਕਰਨ 'ਤੇ ਕੇਂਦਰਿਤ ਹੈ, ਜੋ ਇੱਕ ਢਾਂਚਾਗਤ ਟ੍ਰੇਨ-ਦ-ਟ੍ਰੇਨਰਜ਼ ਮਾਡਲ ਰਾਹੀਂ ਪੈਮਾਨੇ ਨੂੰ ਤੈਅ ਕਰਦਾ ਹੈ, ਜਿਸ ਵਿੱਚ ਬੁਨਿਆਦੀ ਸਿੱਖਿਆ ਦੀ ਮਜ਼ਬੂਤੀ ਲਈ ਮਈ ਤੱਕ ਲਗਪਗ 300 ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ।



ਫਿਨਲੈਂਡ ਦੀ ਆਪਣੀ ਸਰਕਾਰੀ ਫੇਰੀ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਕੁਲੋ-ਮੋਈਕੋਇਨੇਨ ਅਰਲੀ ਚਾਈਲਡਹੁੱਡ ਐਜੂਕੇਸ਼ਨ ਐਂਡ ਕੇਅਰ ਸੈਂਟਰ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪਹਿਲਾਂ ਹੀ ਸਥਾਨਕ ਕਲਾਸਰੂਮਾਂ ਨਾਲ ਵਿਸ਼ਵਵਿਆਪੀ ਸਿੱਖਿਆ ਮੁਹਾਰਤ ਨੂੰ ਇਕਸਾਰ ਕਰਕੇ ਸ਼ਾਨਦਾਰ ਨਤੀਜੇ ਦੇ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਅਧੀਨ ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ ਰਾਹੀਂ ਸ਼ੁਰੂ ਹੋਈ ਇਹ ਭਾਈਵਾਲੀ ਸ਼ੁਰੂਆਤੀ ਅਤੇ ਬੁਨਿਆਦੀ ਸਿੱਖਿਆ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਦੇ ਯਤਨਾਂ ਵੱਲ ਸੇਧਿਤ ਹੈ। ਇਹ ਥੋੜ੍ਹੇ ਸਮੇਂ ਦੀ ਦਖਲਅੰਦਾਜ਼ੀ ਵਜੋਂ ਨਹੀਂ ਸਗੋਂ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਬਾਲ-ਕੇਂਦ੍ਰਿਤ ਅਤੇ ਖੇਡ-ਅਧਾਰਤ ਸਿੱਖਿਆ ਨੂੰ ਸ਼ਾਮਲ ਕਰਨ ਲਈ ਲੰਬੇ ਸਮੇਂ ਦੇ ਸੰਸਥਾਗਤ ਯਤਨ ਵਜੋਂ ਤਿਆਰ ਕੀਤੀ ਗਈ ਹੈ, ਜਿਸ ਵਿੱਚ ਬਿਹਤਰੀਨ ਸਿੱਖਿਆ ਅਭਿਆਸਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਇਹ ਪ੍ਰੋਗਰਾਮ ਅਧਿਆਪਕਾਂ ਨੂੰ ਖੋਜ-ਅਧਾਰਤ ਤਰੀਕਿਆਂ ਨਾਲ ਲੈਸ ਕਰਨ 'ਤੇ ਕੇਂਦਰਿਤ ਹੈ, ਇਹ ਯਕੀਨੀ ਬਣਾਉਂਦਿਆਂ ਕਿ ਇਹ ਪਹੁੰਚ ਪੰਜਾਬ ਦੇ ਸਮਾਜਿਕ-ਸੱਭਿਆਚਾਰਕ ਸੰਦਰਭ ਦੇ ਅਨੁਕੂਲ ਹੋਵੇ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਸੈਸ਼ਨ ਚੰਡੀਗੜ੍ਹ ਅਤੇ ਫਿਨਲੈਂਡ ਦੇ ਸ਼ਹਿਰਾਂ ਟੁਰਕੂ ਅਤੇ ਰਾਊਮਾ ਦੋਵੇਂ ਜਗ੍ਹਾ ਕਰਵਾਏ ਗਏ, ਜਿਸ ਵਿੱਚ ਅਧਿਆਪਕਾਂ ਨੂੰ ਵਰਕਸ਼ਾਪਾਂ, ਮਾਰਗਦਰਸ਼ਨ ਅਭਿਆਸਾਂ ਅਤੇ ਸਕੂਲਾਂ ਦੇ ਦੌਰਿਆਂ ਰਾਹੀਂ ਕਲਾਸਰੂਮ ਵਿਚਲੀਆਂ ਨਵੀਆਂ ਜੁਗਤਾਂ ਤੋਂ ਜਾਣੂ ਕਰਵਾਉਣਾ ਸ਼ਾਮਲ ਹੈ। ਦੱਸਣਯੋਗ ਹੈ ਕਿ ਮਈ 2026 ਤੱਕ ਚਾਰ ਗਰੁੱਪਾਂ ਵਿੱਚ ਲਗਪਗ 300 ਅਧਿਆਪਕ ਸਿਖਲਾਈ ਪ੍ਰਾਪਤ ਕਰ ਲੈਣਗੇ, ਜਿਸ ਨਾਲ ਪੰਜਾਬ ਭਰ ਦੇ ਵਿਦਿਆਰਥੀਆਂ ਨੂੰ ਲਾਭ ਹੋਵੇਗਾਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦਿੰਦਿਆਂ ਕਿਹਾ, ਸਿੱਖਿਆ ਨੂੰ ਆਨੰਦਮਈ ਅਤੇ ਦਿਲਚਸਪ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਲਈ ਅਸੀਂ ਰੱਟੇ ਲਾਉਣ ਦੇ ਪੁਰਾਣੇ ਤਰੀਕਿਆਂ ਦੀ ਥਾਂ ਸਰਗਰਮ ਸ਼ਮੂਲੀਅਤ ਵੱਲ ਵਧ ਰਹੇ ਹਾਂ। ਅਧਿਆਪਕਾਂ ਨੂੰ ਮਾਹਿਰਾਂ ਦੀ ਸਹਾਇਤਾ ਵਾਲੇ ਸੰਦਰਭ-ਵਿਸ਼ੇਸ਼ ਪ੍ਰਾਜੈਕਟ ਡਿਜ਼ਾਈਨ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ ਹੈ ਤਾਂ ਜੋ ਇਨ੍ਹਾਂ ਵਿਚਾਰਾਂ ਨੂੰ ਉਨ੍ਹਾਂ ਦੇ ਆਪਣੇ ਕਲਾਸਰੂਮਾਂ ਵਿੱਚ ਲਾਗੂ ਕੀਤਾ ਜਾ ਸਕੇ। ਖੇਤਰ ਤੋਂ ਮਿਲੇ ਫੀਡਬੈਕ ਨਾਲ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਪ੍ਰੇਰਨਾ ਵਿੱਚ ਸੁਧਾਰ ਹੁੰਦਾ ਹੈ ਅਤੇ ਕਲਾਸਰੂਮ ਵਾਤਾਵਰਣ ਸਾਕਾਰਾਤਮਕ ਬਣਦਾ ਹੈ। ਉਨ੍ਹਾਂ ਕਿਹਾ, ਅਧਿਆਪਕਾਂ ਨੇ ਨਵੇਂ ਤਰੀਕਿਆਂ ਨਾਲ ਪ੍ਰਯੋਗ ਕਰਨ ਅਤੇ ਸਿੱਖਣ ਦੀਆਂ ਵੱਖ-ਵੱਖ ਲੋੜਾਂ ਅਨੁਸਾਰ ਪਾਠਾਂ ਨੂੰ ਢਾਲਣ ਵਿੱਚ ਵਧੇਰੇ ਵਿਸ਼ਵਾਸ ਪ੍ਰਗਟ ਕੀਤਾ ਹੈ।

ਇਸ ਪਹਿਲਕਦਮੀ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਵਿਦੇਸ਼ੀ ਮਾਡਲਾਂ ਨੂੰ ਸਿੱਧੇ ਲਾਗੂ ਕਰਨ ਦੀ ਬਜਾਏ ਪ੍ਰਸੰਗਿਕ ਅਨੁਕੂਲਨ 'ਤੇ ਜ਼ੋਰ ਦੇਣਾ ਹੈ। ਫਿਨਲੈਂਡ ਦੇ ਮਾਹਿਰਾਂ ਤੋਂ ਨਿਰੰਤਰ ਸਲਾਹ ਸਹਾਇਤਾ ਨੇ ਇਸ ਤਬਦੀਲੀ ਨੂੰ ਸਮਰੱਥ ਬਣਾਇਆ ਹੈ ਅਤੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਆਲਮੀ ਪੱਧਰ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਸਥਾਨਕ ਪ੍ਰਣਾਲੀਆਂ ਵਿੱਚ ਅਰਥਪੂਰਨ ਢੰਗ ਨਾਲ ਏਕੀਕ੍ਰਿਤ ਕੀਤਾ ਜਾਵੇ।

# ਗੁਰਦਾਸਪੁਰ ਦੇ ਪਿੰਡ ਰਾਜੂਵਾਲ ਵਿਖੇ ਬਣੀ ਅਣ-ਅਧਿਕਾਰਤ ਕਲੋਨੀਆਂ ਉੱਪਰ ਚੱਲਿਆ ਪੀਲਾ ਪੰਜਾ

**ਗੁਰਦਾਸਪੁਰ, 29 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਗੁਰਸਿਮਰਨ ਸਿੰਘ ਢਿੱਲੋ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਹਿਲਾਂ ਵੀ ਅਣ-ਅਧਿਕਾਰਤ ਕਲੋਨੀਆਂ ਨੂੰ ਸਮੇ-ਸਮੇ ਤੇ ਪਾਪਰਾ ਐਕਟ 1995 ਦੀ ਉਲੰਘਣਾਂ ਤਹਿਤ ਨੋਟਿਸ ਜਾਰੀ ਕੀਤੇ ਗਏ ਅਤੇ ਸਮੇ-ਸਮੇ ਤੇ ਡਿਮੋਲਿਸ ਕੀਤਾ ਗਿਆ।

ਅੱਜ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਗੁਰਸਿਮਰਨ ਸਿੰਘ ਢਿੱਲੋ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਰੁਪਿੰਦਰ ਕੌਰ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਰਿਤੇਸ਼ ਗੋਇੰਕਾ ਜਿਲ੍ਹਾ ਨਗਰ ਯੋਜਨਾਕਾਰ, ਪੁਨੀਤ ਡਿਗਰਾ ਸਹਾਇਕ ਨਗਰ ਯੋਜਨਾਕਾਰ, ਪ੍ਰਭਜੋਤ ਸਿੰਘ ਸਹਾਇਕ ਨਗਰ ਯੋਜਨਾਕਾਰ ਅਤੇ ਜ਼ਿਲ੍ਹਾ ਪਰਸ਼ਾਸਨ/ ਰੈਗੂਲੇਟਰੀ ਟੀਮ ਵੱਲੋਂ ਵੱਡੀ ਕਾਰਵਾਈ ਕਰਦਿਆਂ ਪਿੰਡ ਰਾਜੂਵਾਲ ਵਿਖੇ ਪਾਪਰਾ ਐਕਟ 1995 ਦੀ ਉਲੰਘਣਾਂ ਕਰਦੇ ਹੋਏ ਹੋਂਦ ਵਿੱਚ ਲਿਆਂਦੀਆਂ ਅਣ-ਅਧਿਕਾਰਤ ਕਲੋਨੀ ਨੂੰ ਢਾਹ ਦਿੱਤਾ ਗਿਆ।ਵਧੀਕ ਡਿਪਟੀ ਕਮਿਸ਼ਨਰ (ਜ), ਗੁਰਸਿਮਰਨ ਸਿੰਘ ਢਿੱਲੋ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿੰਡ ਰਾਜੂਵਾਲ ਵਿਖੇ ਵਿਕਸਿਤ ਕੀਤੀ ਗਈ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਕਿ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।



ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।ਇਸ ਮੌਕੇ ਉਹਨਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮੰਨਜੂਰਸ਼ੁਦਾ ਨਹੀਂ ਹਨ, ਵਿੱਚ ਪਲਾਟ ਨਾ ਖਰੀਦਿਆ ਜਾਵੇ ਅਤੇ ਕਿਸੇ ਵੀ ਕਲੋਨੀ ਵਿੱਚ ਪਲਾਟ ਖਰੀਦਣ ਤੋਂ ਪਹਿਲਾਂ ਸਰਕਾਰ ਦੀ ਮੰਨਜੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਹਨਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਕਿਸੇ ਵੀ ਤਰ੍ਹਾ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

**ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ, ਪੰਛੀਆਂ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ।**

ਸਪੈਸ਼ਲ ਰਿਪੋਰਟ

# ਲੱਗੀ ਨਜ਼ਰ ਪੰਜਾਬ ਨੂੰ

ਜੁਝਾਰ ਸਿੰਘ (ਬਿੱਟੂ)





ਬਜ਼ੁਰਗ ਦੱਸਦੇ ਹਨ ਕਿ ਅੱਜ ਤੋਂ 50 ਕੁ ਸਾਲ ਪਹਿਲਾਂ ਪੰਜਾਬੀ ਸੱਭਿਆਚਾਰ ਭਰ ਜੋਬਨ 'ਤੇ ਸੀ ਅਤੇ ਸਾਦਗੀ, ਭੋਲਾਪਨ, ਮਿਹਨਤ, ਈਮਾਨਦਾਰੀ ਅਤੇ ਹਮਦਰਦੀ ਨਾਲ ਭਰਪੂਰ ਸੀ। ਵੱਡੇ ਤੜਕੇ ਕੁੱਕੜਾਂ ਦੀਆਂ ਬਾਗਾਂ ਸੁਣਨ ਨਾਲ ਲੋਕ ਉੱਠ ਜਾਂਦੇ ਸਨ। ਔਰਤਾਂ ਚੱਕੀ ਝੋਅ ਲੈਂਦੀਆਂ, ਰਿੜਕਣਿਆਂ ਵਿੱਚ ਮਧਾਣੀਆਂ ਘੁੰਮਣ ਲੱਗ ਜਾਂਦੀਆਂ ਅਤੇ ਹਾਲੀ ਬਲਦਾਂ ਦੇ ਗਲ ਹਲ ਪੰਜਾਲੀ ਪਾ ਕੇ ਖੇਤਾਂ ਵੱਲ ਤੁਰ ਜਾਂਦੇ ਸਨ। ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ। ਪਹੁ ਫੁਟਦਿਆਂ ਸਾਰ ਲੋਕ ਚਾਹ ਪੀ ਕੇ ਬਾਹਰ ਖੇਤਾਂ ਵੱਲ ਜੰਗਲ ਪਾਣੀ ਜਾਂਦੇ ਸਨ। ਇਸੇ ਬਹਾਨੇ ਸਵੇਰ ਦੀ ਸੈਰ ਅਤੇ ਦਾਤਣ ਕੁਰਲਾ ਹੋ ਜਾਂਦਾ ਸੀ। ਉਦੋਂ ਪਿੰਡ ਵਿੱਚ ਕੋਈ ਹੀ ਅਜਿਹਾ ਘਰ ਹੁੰਦਾ ਜਿਸ ਦੇ ਦੁੱਧ ਲੱਸੀ ਨਾ ਹੋਵੇ। ਜੇ ਕਿਸੇ ਗਰੀਬ ਘਰ ਦੁੱਧ ਨਹੀਂ ਸੀ ਹੁੰਦਾ, ਉਹ ਕਿਸੇ ਵੀ ਘਰੋਂ ਦੁੱਧ ਦੀ ਗੜਵੀ ਲੈ ਕੇ ਆਪਣਾ ਚਾਹ-ਪਾਣੀ ਬਣਾ ਲੈਂਦੇ ਸਨ। ਉਦੋਂ ਦੁੱਧ ਵੇਚਣਾ ਪੁੱਤ ਵੇਚਣ ਦੇ ਬਰਾਬਰ ਸਮਝਿਆ ਜਾਂਦਾ ਸੀ। ਅੱਜ ਕੋਈ ਵਿਰਲਾ ਘਰ ਹੀ ਹੋਵੇਗਾ, ਜੋ ਦੁੱਧ ਨਾ ਵੇਚਦਾ ਹੋਵੇ। ਹੁਣ ਤਾਂ ਨਕਲੀ ਦੁੱਧ ਬਣਾ ਕੇ ਵੀ ਵੇਚਿਆ ਜਾ ਰਿਹਾ ਹੈ।

ਸਵੇਰੇ ਮਿੱਸੇ ਆਟੇ ਦੀ ਹਾਜਰੀ ਰੋਟੀ, ਮੱਖਣ, ਦਹੀਂ, ਦੇਸੀ ਘਿਉ, ਚਿੱਬੜਾਂ ਦੀ ਚੱਟਨੀ ਅਤੇ ਖੱਟੀ ਲੱਸੀ ਨਾਲ ਬਹੁਤ ਸਵਾਦ ਲੱਗਦੀ ਸੀ। ਹਾਜਰੀ ਰੋਟੀ ਖਾ ਕੇ ਲੋਕ ਆਪਣੇ-ਆਪਣੇ ਧੰਦਿਆਂ ਵਿੱਚ ਲੱਗ ਜਾਂਦੇ ਸਨ। ਸਾਡੇ ਬਜ਼ੁਰਗ ਦੱਸਦੇ ਹਨ ਕਿ ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਚਲੇ ਜਾਂਦੇ। ਬਹੁਤੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਸਨ। ਅੱਗੇ ਪੜ੍ਹਨ ਲਈ ਨਾਲ ਦੇ ਸ਼ਹਿਰ ਜਾਣਾ ਪੈਂਦਾ ਸੀ। ਬੱਚਿਆਂ ਨੂੰ ਸਕੂਲ ਵਿੱਚ ਅਧਿਆਪਕ ਇੰਨਾ ਪੜ੍ਹਾ ਦਿੰਦੇ ਸਨ ਕਿ ਟਿਊਸ਼ਨ ਰੱਖਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮੁੰਡੇ ਕੁੜੀਆਂ ਪੰਜਵੀਂ-ਛੇਵੀਂ ਕਲਾਸ ਤਕ ਇਕੱਠੇ ਹੀ ਖੇਡਦੇ ਸਨ। ਕਿਸੇ ਦੇ ਮਨ ਵਿੱਚ ਕਪਟ ਜਾਂ ਚਲਾਕੀ ਵਾਲੀ ਕੋਈ ਗੱਲ ਹੀ ਨਹੀਂ ਸੀ ਹੁੰਦੀ। ਹਰੇਕ ਪਿੰਡ ਖੂਹ ਅਤੇ ਹਲਟੀਆਂ ਹੁੰਦੀਆਂ ਸਨ। ਦਿਨ ਚੜ੍ਹੇ ਕੁੜੀਆਂ ਦੀਆਂ ਟੋਲੀਆਂ ਖੂਹਾਂ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਂਦੀਆਂ। ਕਈ ਘਰਾਂ ਦੇ ਘੜੇ ਮਸ਼ਕ ਨਾਲ ਵੀ ਭਰੇ ਜਾਂਦੇ ਸਨ। ਕੁੜੀਆਂ/ਬੁੜੀਆਂ ਹਲਟੀ 'ਤੇ ਆਪੋ-ਆਪਣੇ ਪਰਿਵਾਰਾਂ ਦੇ ਕੱਪੜੇ ਧੋਣ ਆਉਂਦੀਆਂ। ਕੱਪੜੇ ਧੋਂਦਿਆਂ ਪਿੰਡ ਵਿੱਚ ਵਾਪਰੀ ਹਰੇਕ ਗੱਲ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਸੀ। ਆਉਣ ਜਾਣ ਦਾ ਸਾਧਨ ਪੈਦਲ ਜਾਂ ਊਠ ਘੋੜੀਆਂ ਹੋਣ ਕਾਰਨ ਆਉਂਦੇ ਜਾਂਦੇ ਰਾਹ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਪੀਂਦੇ ਸਨ। ਖੇਤਾਂ ਨੂੰ ਪਾਣੀ ਦੇਣ ਦਾ ਸਾਧਨ ਨਹਿਰਾਂ ਅਤੇ ਹਲਟ ਸਨ। ਬੱਚੇ ਹਲਟ ਦੀ ਗਰਧਲ (ਲੱਠ) 'ਤੇ ਬੈਠ ਕੇ ਝੂਟੇ ਲੈਂਦੇ ਅਤੇ ਟੱਕ-ਟੱਕ ਕਰਦੇ ਕੁੱਤੇ ਦੀ ਆਵਾਜ਼ ਸੁਣ ਕੇ ਬੜੇ ਖ਼ੁਸ਼ ਹੁੰਦੇ ਸਨ। ਖੂਹ ਦੀਆਂ ਟਿੰਡਾਂ ਦਾ ਪਾਣੀ ਪਾੜਸ਼ੇ ਵਿੱਚ ਡਿੱਗਦਾ ਕੋਈ ਰਾਗ ਅਲਾਪਦਾ ਜਾਪਦਾ ਸੀ।

ਹਾਲੀਆਂ ਅਤੇ ਖੇਤਾਂ ਵਿੱਚ ਸਵੱਖਤੇ ਆਏ ਹੋਰ ਕਾਮਿਆਂ ਨੂੰ ਭੱਤੇ ਦੀ ਉਡੀਕ ਹੁੰਦੀ ਸੀ। ਸੁਆਣੀਆਂ ਖੱਦਰ ਦੇ ਪੋਣਿਆਂ ਵਿੱਚ ਰੋਟੀਆਂ ਬੰਨ੍ਹ ਕੇ, ਲੱਸੀ ਦਾ ਕੁੱਜਾ ਭਰ ਕੇ, ਦਹੀਂ, ਮੱਖਣ, ਸਰ੍ਹੋਂ ਦਾ ਸਾਗ ਅਤੇ ਦੁਪਹਿਰ ਦੀ ਚਾਹ ਲਈ ਗੁੜ, ਮੋਟੀ ਫਲੀ ਦੀ ਚਾਹ ਪੱਤੀ ਅਤੇ ਬੋਤਲ ਵਿੱਚ ਦੁੱਧ ਆਦਿ ਸਾਰਾ ਸਮਾਨ ਟੋਕਰੇ ਵਿੱਚ ਧਰ ਕੇ ਖੇਤਾਂ ਵੱਲ ਚੱਲ ਪੈਂਦੀਆਂ ਸਨ। ਖੇਤ ਵਿੱਚ ਭੁੰਜੇ ਬੈਠ ਕੇ ਰੋਟੀ ਖਾਣ ਦਾ ਵੱਖਰਾ ਹੀ ਨਜ਼ਾਰਾ ਹੁੰਦਾ। ਰੋਟੀ ਖਵਾ ਕੇ ਔਰਤਾਂ ਘਰ ਨੂੰ ਮੁੜਨ ਲੱਗੀਆਂ ਰੁੱਤ ਅਨੁਸਾਰ ਗੁਆਰੇ ਦੀਆਂ ਫਲੀਆਂ, ਸਰ੍ਹੋਂ ਦਾ ਸਾਗ ਅਤੇ ਛੱਲੀਆਂ ਤੋੜ ਕੇ ਟੋਕਰੇ ਵਿੱਚ ਧਰ ਲਿਆਉਂਦੀਆਂ ਸਨ। ਸਾਰਾ ਸਿਆਲ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਧੀ ਜਾਂਦੀ ਸੀ। ਕਦੇ ਕੋਈ ਪ੍ਰਾਹੁਣਾ ਆਏ ਤੋਂ ਹੀ ਕਣਕ ਦੀ ਰੋਟੀ ਲਾਹੀ ਜਾਂਦੀ ਸੀ ਪਰ ਹੁਣ ਇਸ ਦੇ ਉਲਟ ਮੱਕੀ ਦੀ ਰੋਟੀ ਹੀ ਨਿਆਮਤ ਬਣ ਗਈ ਹੈ। ਲੋਕ ਘੁਲਾੜੀਆਂ ਤੋਂ ਗੰਨੇ ਦਾ ਰਸ ਅਤੇ ਤੱਤਾ ਗੁੜ ਖਾ ਕੇ ਮੌਜ ਕਰਦੇ ਸਨ। ਹਾੜ੍ਹੀ ਦੀ ਫ਼ਸਲ ਵੇਲੇ ਸਬਜ਼ੀ ਲਈ ਹਰਾ ਛੋਲੂਆ ਅਤੇ ਹੋਲਾਂ ਭੁੰਨਣ ਲਈ ਪੱਕਿਆ ਛੋਲੂਆ ਪੁੱਟ ਲਿਆਉਂਦੇ ਸਨ। ਹੋਲਾਂ ਬੜੀਆਂ ਸਵਾਦ ਲੱਗਦੀਆਂ ਸਨ। ਉਸ ਸਮੇਂ ਖੇਤਾਂ ਦੀ ਵਹਾਈ ਤੇ ਬਿਜਾਈ ਦਾ ਕੰਮ ਬਲਦਾਂ ਅਤੇ ਊਠਾਂ ਰਾਹੀਂ ਲੱਕੜ ਦੇ ਹਲਾਂ ਨਾਲ ਕੀਤਾ ਜਾਂਦਾ ਸੀ। ਫ਼ਸਲਾਂ ਦੀ ਢੋਅ-ਢੁਆਈ ਗੱਡਿਆਂ ਰਾਹੀਂ ਕੀਤੀ ਜਾਂਦੀ ਸੀ। ਕਣਕ ਦੀ ਗਹਾਈ ਲਈ ਬਲਦਾਂ ਪਿੱਛੇ ਫਲ ਪਾ ਕੇ ਇੱਕ ਮਹੀਨੇ ਤੋਂ ਵੱਧ ਸਮਾਂ ਨਿਆਈਆਂ ਵਿੱਚ ਪਿੜ ਲੱਗੇ ਰਹਿੰਦੇ ਸਨ। ਸਾਰਾ ਕੰਮ ਬਲਦਾਂ ਰਾਹੀਂ ਹੋਣ ਕਰਕੇ ਬਲਦਾਂ ਦੀ ਬਹੁਤ ਸੇਵਾ ਕੀਤੀ ਜਾਂਦੀ ਸੀ। ਗੱਭਰੂ ਹਰੇ ਚਾਰੇ (ਚਰ੍ਹੀ, ਬਾਜਰਾ, ਗਵਾਰਾ ਆਦਿ) ਦੇ ਕਈ-ਕਈ ਭਰੇ ਹੱਥਾਂ ਨਾਲ ਫੇਰਨ ਵਾਲੀ ਮਸ਼ੀਨ ਨਾਲ ਟੋਕਾ ਕਰਦੇ ਅਤੇ ਤੰਦਰੁਸਤ ਰਹਿੰਦੇ ਸਨ। ਸ਼ਾਮ ਨੂੰ ਰੋਟੀ ਵੇਲੇ ਹਾਰੇ ਦਾ ਕੜ੍ਹਿਆ ਦੁੱਧ ਛੰਨੇ ਭਰ-ਭਰ ਪੀਂਦੇ ਸਨ। ਸੀਰੀ ਸਾਂਝੀ ਨੂੰ ਵੀ ਪੀਣ ਲਈ ਦੁੱਧ ਦਿੱਤਾ ਜਾਂਦਾ ਸੀ। ਸਾਰਾ ਕੰਮ ਲੋਕ ਖ਼ੁਦ ਕਰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਪਿੰਡਾਂ ਵਿੱਚ ਹਰੇਕ ਪੱਤੀ (ਅਗਵਾੜ) ਵਿੱਚ ਥਾਈ ਅਤੇ ਦਰਵਾਜ਼ਾ ਹੁੰਦਾ ਜਿੱਥੇ ਬੈਠ ਕੇ ਲੋਕ ਆਪਣਾ ਵਿਹਲਾ ਸਮਾਂ ਗੱਲੀਂ- ਬਾਤੀਂ ਹੱਸ ਕੇ ਜਾਂ ਤਾਸ਼ ਅਤੇ ਬਾਰਾਂ-ਵੀਟੀ ਖੇਡ ਕੇ ਗੁਜ਼ਾਰਦੇ ਸਨ। ਇਨ੍ਹਾਂ ਥਾਈਆਂ ਵਿੱਚ ਹੀ ਬਰਾਤਾਂ ਠਹਿਰਾਈਆਂ ਜਾਂਦੀਆਂ ਸਨ।

ਸਾਡੀ ਬੇਬੇ ਦੱਸਿਆ ਕਰਦੀ ਸੀ ਕਿ ਉਨ੍ਹੀਂ ਦਿਨੀਂ ਕੁੜੀਆਂ ਦੇ ਕੱਤਣ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ। ਸਰਦੀਆਂ ਵਿੱਚ ਆਂਢ-ਗੁਆਂਢ ਦੀਆਂ ਕੁੜੀਆਂ-ਕੱਤਰੀਆਂ ਰਾਤ ਨੂੰ ਰੋਟੀ ਟੁੱਕ ਖਾ ਮੁਕਾ ਕੇ ਕਿਸੇ ਇੱਕ ਘਰ ਛੋਪ (ਤ੍ਰਿੰਝਣ) ਪਾਉਂਦੀਆਂ ਜਿੱਥੇ ਅੱਧੀ ਰਾਤ ਤਕ ਚਰਖੇ ਕੱਤੀ ਜਾਂਦੀਆਂ, ਜਿਸ ਘਰ ਛੋਪ ਪਾਉਂਦੀਆਂ, ਉੱਥੇ ਰਾਤ ਨੂੰ ਸੌਂ ਜਾਂਦੀਆਂ ਸਨ।

ਕਿੰਨਾ ਹੀ ਪਿਆਰ ਅਤੇ ਸੁਹਿਦਰਤਾ ਵਾਲਾ ਮਾਹੌਲ ਹੁੰਦਾ ਸੀ, ਉਨ੍ਹਾਂ ਕੁੜੀਆਂ-ਚਿੜੀਆਂ ਦਾ। ਘਰ ਦਾ ਸੂਤ ਕੱਤ ਕੇ ਕਈ ਕੁੜੀਆਂ ਰਲ ਕੇ ਤਾਣਾ ਤਣਦੀਆਂ, ਪਾਣ ਲਾਉਂਦੀਆਂ ਅਤੇ ਕੁੰਭਲਾਂ ਰਾਹੀਂ ਖੱਦਰ ਬੁਣ ਕੇ ਖੇਸ ਅਤੇ ਦੋੜੇ ਬਣਾ ਲੈਂਦੀਆਂ ਸਨ। ਸੂਈ ਧਾਗੇ ਨਾਲ ਚਾਦਰਾਂ, ਸਿਰਹਾਣੇ ਤੇ ਫੁਲਕਾਰੀਆਂ ਕੱਢਦੀਆਂ ਅਤੇ ਦਰੀਆਂ-ਪੱਖੀਆਂ ਨਾਲੇ ਬੁਣਦੀਆਂ ਸਨ। ਧੀ ਦੇ ਵਿਆਹ ਤੋਂ ਪਹਿਲਾਂ ਇਨ੍ਹਾਂ ਵਸਤਾਂ ਨਾਲ ਦਾਜ ਵਾਲੀ ਪੇਟੀ ਭਰ ਦਿੱਤੀ ਜਾਂਦੀ ਸੀ। ਕੁੜੀ ਦੇ ਵਿਆਹ ਮੌਕੇ ਉਸ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚੋਂ ਸੱਗੀ-ਫੁੱਲ ਅਤੇ ਪਿੱਪਲ-ਪੱਤੀਆਂ ਪ੍ਰਮੁੱਖ ਸਨ, ਜਿਹੜੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਕੁੜੀ ਸਹੁਰੇ ਘਰ ਜਾ ਕੇ ਘੱਗਰਾ ਪਹਿਨਦੀ ਅਤੇ ਵੱਡੇ ਥਾਂ ਲੱਗਦੇ ਸਹੁਰੇ ਜਾਂ ਜੇਠ ਤੋਂ ਘੁੰਢ ਕੱਢਦੀ ਸੀ। ਸਹੁਰਾ ਅਤੇ ਜੇਠ ਵੀ ਬਾਹਰੋਂ ਘਰ ਅੰਦਰ ਆਉਣ ਵੇਲੇ ਖੰਘੂਰਾ ਮਾਰ ਕੇ ਅੰਦਰ ਵੜਦੇ ਤਾਂ ਕਿ ਅੰਦਰ ਬੈਠੀਆਂ ਔਰਤਾਂ ਸੁਚੇਤ ਹੋ ਜਾਣ। ਅੱਖ ਦੀ ਸ਼ਰਮ ਮੰਨੀ ਜਾਂਦੀ ਅਤੇ ਵੱਡਿਆਂ ਦੀ ਇੱਜ਼ਤ ਕੀਤੀ ਜਾਂਦੀ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਕ ਉਦੋਂ ਲੋਕਾਂ ਦਾ ਮਨੋਰੰਜਨ ਧਾਰਮਿਕ ਰੀਤੀ-ਰਿਵਾਜਾਂ ਜਾਂ ਰੁੱਤਾਂ ਅਨੁਸਾਰ ਲੱਗਦੇ ਮੇਲਿਆਂ ਰਾਹੀਂ ਹੁੰਦਾ ਸੀ, ਜਿੱਥੇ ਲੋਕ ਸੁੱਖਾਂ ਸੁੱਖਦੇ, ਮਿੱਟੀ ਕੱਢਦੇ ਅਤੇ ਪਰਿਵਾਰਾਂ ਸਮੇਤ ਨਵੇਂ ਕੱਪੜੇ ਪਾ ਕੇ ਅਤੇ ਪੱਗਾਂ ਨੂੰ ਲਲਾਰੀ ਤੋਂ ਮਾਵਾ-ਵਰਕ ਲਗਵਾ ਕੇ ਮੇਲਾ ਵੇਖਣ ਜਾਂਦੇ ਸਨ। ਮੱਲਾਂ ਦੇ ਘੋਲ, ਗੱਭਰੂਆਂ ਦੀ ਕਬੱਡੀ ਅਤੇ ਭੰਗੜਾ ਦੇਖ ਕੇ ਆਨੰਦ ਮਾਣਦੇ। ਕਿਸੇ ਪਾਸੇ ਕਵੀਸ਼ਰਾਂ ਅਤੇ ਢਾਡੀਆਂ ਪਾਸੋਂ ਪ੍ਰਸੰਗ ਸੁਣੇ ਜਾਂਦੇ ਤੇ ਕਿਸੇ ਪਾਸੇ ਜਲੇਬੀਆਂ ਅਤੇ ਕਰਾਰੇ ਪਕੌੜੇ ਖਾਣ ਦਾ ਲੁਤਫ਼ ਲੈਂਦੇ। ਬੱਚੇ ਚੱਕਰ-ਝੂੰਢਿਆਂ 'ਤੇ ਝੂਟੇ ਲੈ ਕੇ ਖ਼ੁਸ਼ ਹੁੰਦੇ ਸਨ। ਜਦ ਕਦੇ ਅੱਠ-ਦਸ ਮੀਲ ਦੇ ਫਾਸਲੇ ਅੰਦਰ ਕਿਸੇ ਗਾਉਣ ਵਾਲੇ ਨੇ ਲੱਗਣਾ ਹੁੰਦਾ ਤਾਂ ਸਾਜਰੇ ਹੀ ਪਸ਼ੂਆਂ ਲਈ ਕੱਖ-ਕੰਡਾ ਲਿਆਉਂਦੇ ਅਤੇ ਇਕੱਠੇ ਹੋ ਕੇ ਪੈਦਲ ਹੀ ਅਖਾੜਾ ਸੁਣਨ ਜਾਂਦੇ।

ਫਲਾਣੇ ਪਿੰਡ ਸਲਿੰਦਰਾ ਲੱਗਣੀ ਐ। ਦੱਸਦੇ ਹਨ ਉਦੋਂ ਬਰਾਤਾਂ ਰੱਥ-ਗੱਡੀਆਂ ਅਤੇ ਊਠ ਘੋੜਿਆਂ 'ਤੇ ਆਉਂਦੀਆਂ ਅਤੇ ਕਈ-ਕਈ ਦਿਨ ਠਹਿਰਦੀਆਂ ਸਨ। ਬਰਾਤ ਆਉਣ ਤੋਂ ਅਗਲੀ ਸਵੇਰ ਚੜ੍ਹਦੇ ਨੂੰ ਆਨੰਦ ਕਾਰਜ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਸੀ। ਰਾਤ ਨੂੰ ਜਦ ਬਰਾਤ ਰੋਟੀ ਖਾਣ ਆਉਂਦੀ, ਘਰ ਦੇ ਕੋਠਿਆਂ ਦੇ ਬਨੇਰਿਆਂ 'ਤੇ ਬੈਠੀਆਂ ਔਰਤਾਂ ਵੱਲੋਂ ਗੀਤ ਗਾ ਕੇ ਜੰਝ ਬੰਨ੍ਹ ਦਿੱਤੀ ਜਾਂਦੀ ਸੀ। ਜਦ ਤਕ ਕੋਈ ਜਨੇਤੀ ਬੰਨ੍ਹੀ ਹੋਈ ਨਹੀਂ ਸੀ ਛੁਡਾਉਂਦਾ, ਰੋਟੀ ਨਹੀਂ ਸੀ ਖਾਂਧੀ ਜਾਂਦੀ। ਜਨੇਤੀਆਂ ਨੂੰ ਔਰਤਾਂ ਗੀਤਾਂ, ਦੋਹੇ ਅਤੇ ਸਿੱਠਣੀਆਂ ਰਾਹੀਂ ਗਾਲ੍ਹਾਂ ਕੱਢ ਕੇ ਚਿੱਤ ਖ਼ੁਸ਼ ਕਰਦੀਆਂ ਸਨ। ਕਈ ਜਨੇਤੀਆਂ ਦੀ ਪਿੱਠ 'ਤੇ ਥਾਪੇ ਵੀ ਲਾਏ ਜਾਂਦੇ ਸਨ। ਬਰਾਤਾਂ ਵਿੱਚ ਨਕਲੀਏ ਅਤੇ ਨਚਾਰ ਲਿਆਉਣ ਦਾ ਰਿਵਾਜ ਸੀ। ਬਰਾਤੀਆਂ ਦੇ ਗਲਾਂ ਵਿੱਚ ਸੋਨੇ ਦੇ ਕੈਂਠੇ ਆਮ ਦੇਖੇ ਜਾਂਦੇ ਸਨ। ਜਿਸ ਥਾਈ ਵਿੱਚ ਜੰਨ ਦਾ ਉਤਾਰਾ ਹੁੰਦਾ, ਰਾਤ ਨੂੰ ਲੋਕ ਟੋਲੀਆਂ ਬਣਾ ਕੇ ਉਸ ਅੱਗੇ ਆ ਬੈਠਦੇ ਅਤੇ ਸਪੀਕਰ ਵਾਲੇ ਤੋਂ ਆਪਣੀ ਪਸੰਦ ਦੀਆਂ ਕਲੀਆਂ ਦੇ ਤਵੇ (ਰਿਕਾਰਡ) ਲਗਵਾ ਕੇ ਅੱਧੀ ਰਾਤ ਤਕ ਸੁਣਦੇ ਰਹਿੰਦੇ ਸਨ। ਉਦੋਂ ਪੱਥਰ ਦੇ ਤਵੇ ਹੁੰਦੇ ਸਨ। ਥਾਈ ਦੇ ਛੱਤ ਉਪਰ ਦੋ ਮੰਜੇ ਖੜ੍ਹੇ ਕਰਕੇ ਸਪੀਕਰ ਟੰਗਿਆ ਹੁੰਦਾ ਸੀ। ਰਾਤ ਨੂੰ ਮਾਮੀਆਂ (ਨਾਨਕੀਆਂ) ਦੀ ਟੋਲੀ ਵੱਲੋਂ ਜਾਗੋ ਕੱਢੀ ਜਾਂਦੀ ਅਤੇ ਛੱਜ ਕੁੱਟਿਆ ਜਾਂਦਾ ਸੀ। ਮਖੌਲਾਂ-ਮਖੌਲਾਂ ਵਿੱਚ ਕਈ ਘਰਾਂ ਅਤੇ ਦੁਕਾਨਾਂ ਦੇ ਪਰਨਾਲੇ ਉਖਾੜ ਦਿੱਤੇ ਜਾਂਦੇ ਸਨ।

ਸਾਉਣ ਮਹੀਨੇ ਤੀਆਂ ਦੇ ਦਿਨਾਂ ਵਿੱਚ ਕੁਆਰੀਆਂ ਅਤੇ ਵਿਆਹੀਆਂ ਮੁਟਿਆਰਾਂ ਪੀਂਘਾਂ ਝੂਟ ਕੇ ਨਜ਼ਾਰੇ ਲੈਂਦੀਆਂ ਸਨ। ਨਵ-ਵਿਆਹੀਆਂ ਮੁਟਿਆਰਾਂ ਤੀਆਂ ਦੇ ਦਿਨਾਂ ਵਿੱਚ ਆਪਣੇ ਪੇਕੇ ਪਿੰਡ ਆ ਜਾਂਦੀਆਂ ਸਨ। ਪਿੰਡ ਦੇ ਬਾਹਰਵਾਰ ਜਿੱਥੇ ਪਿੱਪਲ ਅਤੇ ਬੋਹੜ ਆਦਿ ਦਰੱਖਤ ਆਦਿ ਹੁੰਦੇ ਅਤੇ ਨੱਚਣ-ਟੱਪਣ ਲਈ ਖੁੱਲ੍ਹੀ ਥਾਂ ਹੁੰਦੀ, ਉਥੇ ਤੀਆਂ ਲੱਗਦੀਆਂ ਅਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਕਿਸੇ-ਕਿਸੇ ਪੀਂਘ 'ਤੇ ਦੋ ਮੁਟਿਆਰਾਂ ਅੰਦਰ ਨੂੰ ਮੂੰਹ ਕਰਕੇ ਇਕੱਠੀਆਂ ਪੀਂਘ ਚੜ੍ਹਾਉਂਦੀਆਂ ਅਤੇ ਪੀਂਘ ਦੇ ਉੱਚੇ ਹੁਲਾਰੇ ਨਾਲ ਦਰੱਖਤ ਦੇ ਪੱਤੇ ਤੋੜ ਲਿਆਉਂਦੀਆਂ ਸਨ। ਇਹ ਨਜ਼ਾਰਾ ਦੇਖਣਯੋਗ ਹੁੰਦਾ ਸੀ। ਕੁੜੀਆਂ ਗਿੱਧੇ ਵਿੱਚ ਨੱਚਦੀਆਂ ਅਤੇ ਬੋਲੀਆਂ ਪਾ ਕੇ ਮਨੋ-ਵਲਵਲੇ ਪੂਰੇ ਕਰਦੀਆਂ ਸਨ। ਅੱਜ ਕੱਲ੍ਹ ਜਦ ਕਿਸੇ ਪਿੰਡ ਖੇਡ ਮੇਲਾ ਹੋਵੇ ਜਾਂ ਕਿਸੇ ਹੋਰ ਸਮਾਗਮ ਵਿੱਚ ਕਿਸੇ ਗਾਇਕ ਨੇ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਉਸ ਦੀ ਮਸ਼ਹੂਰੀ ਨਿਰੋਲ ਸੱਭਿਆਚਾਰਕ ਪ੍ਰੋਗਰਾਮ ਦੇ ਤੌਰ 'ਤੇ ਕੀਤੀ ਜਾਂਦੀ ਹੈ ਜਦਕਿ ਸੱਭਿਆਚਾਰ ਵਾਲੀ ਕੋਈ ਗੱਲ ਉਸ ਵਿੱਚ ਨਜ਼ਰ ਨਹੀਂ ਆਉਂਦੀ। ਸਟੇਜ 'ਤੇ ਇੰਨੇ ਜ਼ਿਆਦਾ ਸਾਜ਼ ਵੱਜਦੇ ਹਨ ਕਿ ਸਾਜ਼ਾਂ ਅਤੇ ਢੋਲ-ਢਮੱਕੇ ਦੇ ਸ਼ੋਰ ਵਿੱਚ ਗਾਉਣ ਵਾਲੇ ਦੀ ਆਵਾਜ਼ ਗੁਆਚੀ ਜਾਪਦੀ ਹੈ। ਸੱਭਿਆਚਾਰ ਦੇ ਨਾਂ 'ਤੇ ਇਸ ਤੋਂ ਵੀ ਬੁਰਾ ਹਾਲ ਕਈ ਟੀ. ਵੀ. ਚੈਨਲਾਂ ਦਾ ਹੈ ਜਿੱਥੇ ਗਾਉਣ ਵਾਲੇ ਨਾਲ 10-12 ਮੁੰਡੇ ਅਤੇ ਅੱਧਨੰਗੀਆਂ ਕੁੜੀਆਂ ਨੂੰ ਨਚਾ ਕੇ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦਕਿ ਸਟੇਜ ਦੇ ਮੂਹਰੇ ਚਰਖਾ, ਘੜਾ, ਪੱਖੀਆਂ ਅਤੇ ਫੁਲਕਾਰੀਆਂ ਸਜਾ ਕੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਦਰਸਾਈ ਜਾਂਦੀ ਹੈ ਅਤੇ ਇਸ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਨਾਂ ਦਿੱਤਾ ਜਾਂਦਾ ਹੈ। ਕਈ ਗਾਇਕ ਸਾਜ਼ਾਂ ਅਤੇ ਮਾਡਲਾਂ ਦੇ ਸਿਰ 'ਤੇ ਹੀ ਰੋਟੀ-ਰੋਜ਼ੀ ਚਲਾ ਰਹੇ ਹਨ। ਇੱਥੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਕੁਝ ਪੁਰਾਣੇ ਗਾਇਕਾਂ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ। ਲਾਲ ਚੰਦ ਯਮਲਾ ਜੱਟ ਦੀ ਤੂੰਬੀ ਅਤੇ ਆਵਾਜ਼ ਦਾ ਜਾਦੂ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ ਨੂੰ ਕੌਣ ਭੁੱਲ ਸਕਦਾ ਹੈ ? ਅਮਰ ਸਿੰਘ ਸ਼ੌਕੀ ਦੀ ਆਵਾਜ਼ ਅਤੇ ਢੱਡ ਸਾਰੰਗੀ 'ਸਾਹਿਬਾਂ ਵਾਜਾਂ ਮਾਰਦੀ' ਨੂੰ ਅੱਜ ਵੀ ਪਸੰਦ ਕਰਨ ਵਾਲੇ ਮੌਜੂਦ ਹਨ।

ਕਰਨੈਲ ਸਿੰਘ ਪਾਰਸ ਦੇ ਜੱਥੇ ਦੀ ਗਾਈ ਕਵੀਸ਼ਰੀ 'ਕਿਉਂ ਫੜੀ ਸਿਪਾਹੀਆਂ ਨੇ, ਭੈਣੋ ਇਹ ਹੰਸਾਂ ਦੀ ਜੋੜੀ' ਹੁਣ ਵੀ ਬਹੁਤ ਮਕਬੂਲ ਹੈ। ਇਸੇ ਤਰ੍ਹਾਂ ਸੁਰਿੰਦਰ ਕੌਰ ਦੀ ਕੋਇਲ ਵਰਗੀ ਆਵਾਜ਼, ਨਰਿੰਦਰ ਬੀਬਾ ਅਤੇ ਗੁਰਮੀਤ ਬਾਵਾ ਦੀਆਂ ਉੱਚੀਆਂ ਅਤੇ ਲੰਮੀਆਂ ਹੇਕਾਂ ਨੇ ਆਪਣਾ ਲੋਹਾ ਮੰਨਵਾਇਆ ਹੈ। ਇਨ੍ਹਾਂ ਗਾਇਕਾਂ/ਗਾਇਕਾਵਾਂ ਪਾਸ ਬਹੁਤੇ ਸਾਜ਼ ਜਾਂ ਢੋਲ ਢਮੱਕੇ ਦਾ ਸ਼ੋਰ ਨਹੀਂ ਸੀ। ਆਪਣੀ ਆਵਾਜ਼ ਦਾ ਜਾਦੂ ਸੀ। ਅਖੀਰ ਵਿੱਚ ਇਹ ਕਹਿਣਾ ਵਾਜਬ ਹੋਵੇਗਾ ਕਿ ਅੱਜ ਪੰਜਾਬੀ ਵਿਰਸੇ ਜਾਂ ਸੱਭਿਆਚਾਰ ਦੇ ਸਰੋਤ ਕੁੱਕੜਾਂ ਦੀਆਂ ਬਾਂਗਾਂ, ਰਿੜਕਣੇ, ਮਧਾਣੀਆਂ, ਬਲਦ ਤੇ ਹਲ ਪੰਜਾਲੀ, ਖੂਹ ਦੀਆਂ ਟਿੰਡਾਂ, ਊਠ, ਘੋੜੀਆਂ ਅਤੇ ਰੱਥ ਗੱਡੀਆਂ, ਚੱਕੀਆਂ, ਚਰਖੇ, ਘੱਗਰੇ, ਫੁਲਕਾਰੀਆਂ, ਸੱਗੀ-ਫੁੱਲ, ਪਿੱਪਲ-ਪੱਤੀਆਂ ਅਤੇ ਕੈਂਠੇ, ਜੰਝ ਬੰਨ੍ਹਣੀ ਅਤੇ ਛੁਡਾਉਣੀ, ਤੱਤਾ ਗੁੜ, ਛੋਲੂਆ ਅਤੇ ਹੋਲਾਂ, ਭੱਠੀਆਂ ਅਤੇ ਪੱਖੀਆਂ ਸਾਰੇ ਹੀ ਸਮੇਂ ਦੇ ਗੇੜ ਨਾਲ ਲੋਪ ਹੋ ਗਏ ਹਨ। ਇਨ੍ਹਾਂ ਸਰੋਤਾਂ ਦੀ ਪੂਰਨ ਤੌਰ 'ਤੇ ਹੋਂਦ ਨਾ ਹੋਣ ਕਾਰਨ ਅਸੀਂ ਸਾਡੇ ਪੰਜਾਬੀ ਸੱਭਿਆਚਾਰ ਜਾਂ ਵਿਰਸੇ ਨੂੰ ਹੁਣ ਸਿਰਫ਼ ਯਾਦ ਹੀ ਕਰ ਸਕਦੇ ਹਾਂ ਪਰ ਸੱਭਿਆਚਾਰ ਦੇ ਨਾਂ ਦੀ ਆੜ ਹੇਠ ਝੂਠੇ ਵਿਖਾਵੇ ਕਰਨ ਨਾਲੋਂ ਚੰਗਾ ਹੋਵੇਗਾ ਕਿ ਸਾਦਗੀ, ਹਮਦਰਦੀ ਅਤੇ ਪਿਆਰ ਨੂੰ ਪਹਿਲਾਂ ਵਾਂਗ ਬਰਕਰਾਰ ਰੱਖੀਏ।



---



**ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।' ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ। ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ।**

# ਭ੍ਰਿਸ਼ਟਾਚਾਰ ਦੇ ਬਹਾਨੇ

ਸ਼ਰਾਬੀ ਭੂਤਾਨੰਦ ਪੈਗ ਹੱਥ 'ਚ ਫੜੀ, ਗੁਲਾਮ ਅਲੀ ਵਾਂਗ ਸਿਰ ਮਾਰ-ਮਾਰ ਗਾ ਰਿਹਾ ਸੀ, 'ਪੀਨੇ ਵਾਲੋਂ ਕੋ, ਪੀਅਨੇ ਕਾ, ਬਹਾਨਾ ਚਾਹੀਏ...।'

ਦੁਨੀਆ ਦਾ ਸਭ ਤੋਂ ਵੱਡਾ ਭਾਰਤੀ ਲੋਕਤੰਤਰ ਸਾਡੇ ਨੇਤਾਵਾਂ ਤੇ ਸਾਧਾਂ ਦੇ ਸਿਰ 'ਤੇ ਹੀ ਟਿਕਿਆ ਹੋਇਆ ਹੈ। ਇਹ ਇਸ ਨੂੰ ਤੇ ਇਸ ਦੀ ਖਟੜਾ ਹੋ ਚੁੱਕੀ ਗੱਡੀ ਨੂੰ ਧੂਣ ਲਈ ਕੋਈ ਨਾ ਕੋਈ ਬਹਾਨਾ ਭਾਲਦੇ ਰਹਿੰਦੇ ਹਨ। ਭੂਤਾਨੰਦ, ਬਹਾਨੇ ਨਾਲ ਪੀਣ ਵਾਲੇ ਸੱਜਣ ਦਾ ਅਸਲੀ ਨਾਂਅ ਨਹੀਂ ਹੈ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਉਸ ਦੇ ਅੰਦਰ ਚਾਰ-ਪੰਜ ਲਾਰਜ ਪੈਗ ਚਲੇ ਜਾਂਦੇ ਹਨ ਤਾਂ ਉਸ ਅੰਦਰ ਭੂਤ ਆ ਵੜਦਾ ਹੈ ਤੇ ਉਹ ਖੌਰੂ ਪਾਉਣ ਲੱਗ ਪੈਂਦਾ ਹੈ। ਸਾਡੇ ਸਾਧਾਂ ਤੇ ਨੇਤਾ ਜੀ ਨੂੰ ਜਦੋਂ ਕੋਈ ਬਹਾਨਾ ਲੱਭ ਪੈਂਦਾ ਹੈ ਤਾਂ ਸਮਝੋ ਉਨ੍ਹਾਂ ਦੇ ਲੋਕਤੰਤਰ ਨੂੰ ਆਕਸੀਜਨ ਮਿਲ ਜਾਂਦੀ ਹੈ। ਵਿਅਰਥ ਜਾ ਰਹੀ ਜ਼ਿੰਦਗੀ ਨੂੰ ਗੁਲੂਕੋਜ਼ ਲੱਗ ਜਾਂਦਾ ਹੈ। ਬਹਾਨਾ ਤੇ ਮੁੱਦਾ ਸਕੇ ਕਜ਼ਨ ਹਨ। ਲੋਕਤੰਤਰ ਦੀ ਗੱਡੀ 'ਤੇ ਲੱਦਿਆ ਭਾਰੀ ਵਜ਼ਨ ਹਨ। ਚਾਣਕਿਆ ਦਾ ਕਹਿਣਾ ਹੈ ਕਿ ਮੁੱਦਾ ਹੋਵੇ ਤਦ ਹੀ ਰਾਜਨੀਤੀ ਦੇ ਖਾਣ ਲਈ ਗੁੱਦਾ ਮਿਲਦਾ ਹੈ। ਗੁੱਦਾ ਨੇਤਾ ਜੀ ਲਈ ਅਜਿਹਾ ਚਵਨਪ੍ਰਾਸ਼ ਹੈ ਜੋ ਉਨ੍ਹਾਂ ਦੀ ਬੁੱਢੀ ਹੋ ਰਹੀ ਰਾਜਨੀਤੀ ਵਿਚ ਜਵਾਨੀ ਦੀ ਰੂਹ ਫੂਕਦਾ ਹੈ। ਭ੍ਰਿਸ਼ਟਾਚਾਰ ਅੱਜਕਲ੍ਹ ਅਜਿਹਾ ਜ਼ੋਰਦਾਰ ਮੁੱਦਾ ਹੈ ਜਿਸ ਦਾ ਨਾਂਅ ਸੁਣਦਿਆਂ ਹੀ ਸਾਡੀ ਗਲੀ ਦਾ ਡੱਬੂ ਵੀ ਆਸਮਾਨ ਵੱਲ ਬੂਥਾ ਚੁੱਕ ਕੇ ਭੌਂਕਣ ਲੱਗ ਪੈਂਦਾ ਹੈ। ਸ਼ਿਸ਼ਟਾਚਾਰ ਦੀ ਨੇਕ ਕਮਾਈ ਖਾਂਦਾ ਦਫਤਰੀ ਬਾਬੂ ਵੀ ਹੇਂ-ਹੇਂ ਕਰਦਾ ਕਹਿਣ ਲਗਦਾ ਹੈ, 'ਕੀ ਕਰੀਏ ਬਾਊ ਜੀ, ਭ੍ਰਿਸ਼ਟਾਚਾਰ ਤਾਂ ਉੱਪਰ ਤੋਂ ਹੇਠਾਂ ਤੱਕ ਫੈਲਿਆ ਪਿਆ ਹੈ। ਇਸ ਦੀਆਂ ਜੜ੍ਹਾਂ ਤਾਂ ਪਤਾਲ ਲੋਕ ਤੱਕ ਚਲੀਆਂ ਗਈਆਂ ਹਨ। ਇਹ ਨੀ ਮੁੱਕ ਸਕਦਾ ਹੁਣ। ਅਸੀਂ ਭਾਵੇਂ ਮੁੱਕ ਜਾਈਏ।'

ਬਾਬੂ ਦੀ ਘਰਵਾਲੀ ਆਪਣੇ ਪੁੱਤਰ ਠੋਲੂ ਦੇ ਸਿਰ 'ਤੇ ਤਾਲ ਦਿੰਦੀ ਹੋਈ ਬੇਸੁਰੀ ਆਵਾਜ਼ ਨੂੰ ਸੁਰ ਕਰਦੀ ਗਾਉਂਦੀ ਹੈ:

'ਭ੍ਰਿਸ਼ਟਾਚਾਰ ਦੀ ਜੜ੍ਹ ਹਰੀ ਬਾਲਮਾ, ਭ੍ਰਿਸ਼ਟਾਚਾਰ ਦੀ ਜੜ੍ਹ ਹਰੀ, ਹੱਡੀਆਂ ਹੱਡੀਆਂ ਪਾ ਕੁੱਤਿਆਂ ਨੂੰ, ਪੀ ਲੈ ਗਾੜ੍ਹੀ ਤਰੀ ਬਾਲਮਾ।'

ਅੱਜਕਲ੍ਹ ਭ੍ਰਿਸ਼ਟਾਚਾਰੀ ਹੀ ਭ੍ਰਿਸ਼ਟਾਚਾਰ ਦੇ ਖਿਲਾਫ਼ ਸਭ ਤੋਂ ਵੱਧ ਬੋਲਦਾ ਹੈ, ਆਪਣੇ ਅੰਦਰਲੀ ਜ਼ਹਿਰ ਘੋਲਦਾ ਹੈ ਤੇ ਇਸੇ ਦੇ ਸਿਰ 'ਤੇ ਆਪਣੇ ਪਰ ਤੋਲਦਾ ਹੈ।

ਇਕ ਸਵਾਮੀ ਅੱਜਕਲ੍ਹ ਭ੍ਰਿਸ਼ਟਾਚਾਰ ਦੇ ਖਿਲਾਫ਼ ਤਿੰਙ-ਤਿੰਙ ਕੇ ਪ੍ਰਵਚਨ ਕਰਦੇ ਹਨ। ਉਨ੍ਹਾਂ ਦਾ ਤਾਂ ਸੌਣਾ ਜਾਗਣਾ, ਜਿਊਣ-ਮਰਨ ਆਦਿ ਤੱਕ ਵੀ ਭ੍ਰਿਸ਼ਟਾਚਾਰ ਦੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਸ਼ਰਧਾਲੂਆਂ ਨੂੰ ਆਖਦੇ ਹਨ:

'ਹਮਨੇ ਅਬ ਅਹਿਦ ਕਰ ਲੀਆ ਹੈ ਕਿ ਇਸ ਮੁਲਕ ਸੇ ਭ੍ਰਿਸ਼ਟਾਚਾਰ ਕੋ ਖਤਮ ਕਰਕੇ ਹੀ ਦਮ ਲੇਂਗੇ। ਵਿਦੇਸ਼ੋਂ ਮੇਂ ਪੜਾ ਹੁਆ ਕਾਲਾ ਧਨ ਅਪਨੇ ਮੁਲਕ ਮੇਂ ਵਾਪਸ ਲਾਨਾ ਹੈ। ਇਸ ਮੁਲਕ ਕੋ ਫਿਰ ਸੇ ਸੋਨੇ ਕੀ ਚਿੜੀਆ ਬਨਾਨਾ ਹੈ। ਸੋਚੋ, ਸੋਚੋ, ਯਦੀ ਸਾਰਾ ਧਨ ਵਾਪਸ ਆ ਜਾਏ ਤੋ ਸਾਰੇ ਗਾਓਂ ਸ਼ਹਿਰ ਬਨ ਜਾਏਂਗੇ, ਸਮਸਤ ਤਾਲਾਬ ਨਹਿਰ ਬਨ ਜਾਏਂਗੇ ਔਰ ਯਦੀ ਐਸਾ ਨਾ ਹੁਆ ਤੋ ਹਮ ਸਰਕਾਰ ਕੇ ਲੀਏ ਕਹਿਰ ਬਨ ਜਾਏਂਗੇ। ਭ੍ਰਿਸ਼ਟਾਚਾਰ ਖਤਮ ਕਰਨੇ ਕੀ ਹਮਨੇ ਠਾਨ ਲੀ ਹੈ, ਇਸੀ ਨੇ ਹਮ ਸਭ ਕੀ ਜਾਨ ਲੀ ਹੈ।' ਸਵਾਮੀ ਜੀ ਨੇ ਜੋਸ਼ 'ਚ ਆ ਕੇ ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।'

ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ।

ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ। ਲਛਮੀ ਸੁਆਮੀ ਜੀ ਦੇ ਗਿਰਦ ਗੇੜੇ ਕੱਢਣ ਲੱਗ ਪਈ।

'ਸੁਆਮੀ ਅਬ ਪੈਈਸਾ ਤੋ ਹੋ ਗਿਆ। ਸੱਤਾ ਭੀ ਪ੍ਰਾਪਤ ਕਰਨੀ ਹੋਗੀ। ਸੱਤਾ ਕੇ ਬਗੈਰ ਪੈਈਸਾ ਟਿਕਤਾ ਨਹੀਂ ਹੈ। ਪੈਸੇ ਕੇ ਸਾਥ ਸੱਤਾ ਹੋ ਤੋ ਨਸ਼ਾ ਦੋ ਗੁਨਾ ਹੋ ਜਾਤਾ ਹੈ।' ਸਵਾਮੀ ਜੀ ਮਨ ਹੀ ਮਨ ਸੋਚਣ ਲੱਗ ਪਏ ਸਨ। ...ਤੇ ਸਵਾਮੀ ਜੀ ਭ੍ਰਿਸ਼ਟਾਚਾਰ ਦੇ ਮੁੱਦੇ ਦਾ ਗੁੱਦਾ ਕੱਢਣ 'ਚ ਜੁੱਟ ਗਏ। ਵਿਰੋਧੀ ਧਿਰ ਦੀ ਹੱਲਾਸ਼ੇਰੀ ਵੀ ਮਿਲ ਗਈ। ਵਿਰੋਧੀ ਧਿਰ ਕੋਲ ਸਵਾਮੀ ਜੀ ਦਾ ਮੁੱਦਾ ਆ ਗਿਆ। ਦੋਵੇਂ ਇਕ-ਦੂਸਰੇ ਦੀ ਬਾਂਹ ਫੜ ਕੇ ਤੁਰਨ ਲੱਗ ਪਏ। ਸਰਕਾਰ ਨਰਮ ਰਵ੍ਹੇ ਤਾਂ ਉਸ ਦਾ ਭਰਮ ਬਣਿਆ ਰਹਿੰਦਾ ਹੈ। ਭਰਮ ਬਣਿਆ ਰਵ੍ਹੇ ਤਾਂ ਉਸ ਦਾ ਕਰਮ ਲੁਕਿਆ ਰਹਿੰਦਾ ਹੈ। ਸਰਕਾਰ ਦੀ ਭੋਰਾ ਕੁ ਸਖਤੀ ਨਾਲ ਹੀ ਸਵਾਮੀ ਭੱਜ ਤੁਰੇ। ਪਬਲਿਕ ਅਮੋਨੀਆ ਪੀਂਦੀ ਰਹੀ ਤੇ ਸਵਾਮੀ ਜੀ ਜੂਸ ਪੀਂਦੇ ਰਹੇ। ਅਚਾਰੀਆ ਜੀ ਪਤਾ ਨਹੀਂ ਕਿੱਥੇ ਅਲੋਪ ਹੋ ਗਏ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਆਪਣਾ ਧਨ ਸਮੇਟਣ ਗਏ ਹੋਏ ਹਨ। ਧਨ ਦੀ ਸਾਂਭ-ਸੰਭਾਲੀ ਪਿੱਛੋਂ ਅਚਾਰੀਆ ਜੀ ਆਣ ਪ੍ਰਗਟ ਹੋਏ।

'ਮੈਂ ਸਵਾਮੀ ਜੀ ਕੇ ਲੀਏ ਜਾਨ ਦੇ ਦੂੰਗਾ। ਹਮਾਰੀ ਧਨ ਸੰਪਤੀ ਕੀ ਰਕਸ਼ਾ ਯੇਹ ਸਰਕਾਰ ਨਹੀਂ ਕਰ ਸਕਤੀ। ਹਮਾਰੇ ਸਾਥ ਧੱਕਾ ਹੁਆ ਹੈ।' ਉਹ ਰੋ-ਰੋ ਕੇ ਕਹਿ ਰਹੇ ਸਨ। ਭ੍ਰਿਸ਼ਟਾਚਾਰ ਰੋਕੂ ਅੰਦੋਲਨ 'ਚ ਭੋਲੀ ਜਨਤਾ ਲਾਠੀਆਂ ਖਾਂਦੀ ਰਹੀ। ਰਹਿ-ਰਹਿ ਕੇ ਪਿਟਦੀ ਰਹੀ। ਵਿਰੋਧੀ ਧਿਰ ਵਾਲੇ ਮਹਾਤਮਾ ਜੀ ਦੀ ਸਮਾਧੀ 'ਤੇ ਬੈਠੇ ਚੀਖ ਰਹੀ ਜਨਤਾ ਦੇ ਦੂਰੋਂ ਦਰਸ਼ਨ ਕਰਦੇ ਰਹੇ। ਉਨ੍ਹਾਂ ਦੀਆਂ ਔਰਤਾਂ ਗੀਤਾ ਦੀ ਧੁਨ 'ਤੇ ਥਿਰਕਦੀਆਂ ਰਹੀਆਂ।

ਜਨਤਾ ਭੁੱਖ ਨਾਲ ਵਿਲ੍ਹਕ ਰਹੀ ਸੀ। ਵਿਰੋਧੀ ਧਿਰ ਵਾਲੇ ਅਨਸ਼ਨ ਤੋਂ ਬਾਅਦ ਮਟਰ ਪਨੀਰ ਦੀ ਸਬਜ਼ੀ ਤੇ ਟਮਾਟਰ ਖੀਰਿਆਂ ਦੀ ਸਲਾਦ ਛਕਦੇ ਰਹੇ। ਸੱਤਾ ਲੱਭਦੇ ਸਵਾਮੀ ਸੱਤਾ ਦੇ ਖਿਲਾਫ਼ ਭੜਾਸ ਕੱਢਦੇ ਰਹੇ। ਬੁੜ੍ਹਕ ਬੁੜ੍ਹਕ ਆਖਦੇ ਰਹੇ, 'ਹਮਨੇ ਅਨਸ਼ਨ ਬੇਸ਼ੱਕ ਤੋੜ ਦੀਆ ਹੈ ਪਰ ਸੱਤਾ ਕੇ ਖਿਲਾਫ਼ ਹਮਾਰੀ ਲੜਾਈ ਜਾਰੀ ਰਹੇਗੀ। ਹਮੇਂ ਔਰ ਹਮਾਰੀ ਜਾਨ ਕੋ ਬੇਸ਼ੱਕ ਬਹੁਤ ਖ਼ਤਰਾ ਹੈ ਪਰ ਹਮ ਮਰਨੇ ਸੇ ਨਹੀਂ ਡਰਤੇ।'

'ਜਾਨ ਨਾ ਰਹੀ ਤੋਂ ਸੰਘਰਸ਼ ਕੈਸੇ ਹੋਗਾ ? ਸੱਤਾ ਕੇ ਵਿਰੁੱਧ ਲੜਾਈ ਕੈਸੇ ਹੋਗੀ। ਅਭੀ ਸਵਾਮੀ ਜੀ ਕਾ ਜੀਵਨ ਦੇਸ਼ ਔਰ ਦੇਸ਼ ਕੀ ਜਨਤਾ ਕੋ ਚਾਹੀਏ ਹੀ ਚਾਹੀਏ।' ਆਚਾਰੀਆ ਕਿੱਲ੍ਹ-ਕਿੱਲ੍ਹ ਕੇ ਆਖ ਰਹੇ ਸਨ। ਭ੍ਰਿਸ਼ਟਾਚਾਰ ਦੇ ਬਹਾਨੇ, ਸਵਾਮੀ ਜੀ ਨੂੰ ਸ਼ੋਹਰਤ ਮਿਲ ਗਈ ਹੈ। ਉਨ੍ਹਾਂ ਦੀ ਗਾਹਕੀ ਹੋਰ ਵਧ ਗਈ ਹੈ। ਧਨ ਦੇ ਦਰੱਖਤ ਨੂੰ ਖ਼ੂਬ ਫਲ ਲੱਗਣ ਲੱਗਿਆ ਹੈ। ਵਿਰੋਧੀ ਧਿਰ ਨੂੰ ਟਾਈਮਪਾਸ ਮਿਲ ਗਿਆ ਹੈ। ਪਰ ਵਿਚਾਰੀ ਜਨਤਾ ਨੂੰ ਕੀ ਮਿਲਿਆ ? ਜਨਤਾ ਭੁੱਖ ਹੜਤਾਲ ਨਾਲ ਪਿਚਕੇ ਪੇਟ 'ਤੇ ਹੱਥ ਫੇਰ ਫੇਰ ਆਖ ਰਹੀ ਹੈ:-

'ਸਾਡੀ ਕਿਸਮਤ ਵਿਚ ਇਹੋ ਲਿਖਿਆ ਹੈ, ਸਵਾਮੀ ਜੀ ਲਈ ਧਨ ਤੇ ਸਾਡੇ ਲਈ ਭਿੱਖਿਆ ਹੈ... ਔਰ ਇਸ ਜੀਵਨ ਵਿਚ ਕੀ ਰੱਖਿਆ ਹੈ ?'

-ਕੇ. ਐਲ. ਗਰਗ

---

# ਸਿਆਪੇ ਦਾ ਸਿਆਪਾ



**ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ 'ਚ ਝੋਕਾ ਹੀ ਡਾਹੀ ਰੱਖਦੀ ਐ।**

ਇਸ ਦੁਨੀਆ ਵਿਚ ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਸਿੜੀ ਸਿਆਪੇ ਦੇ ਚੱਕਰ (ਯਾਨੀ ਕਰਨ/ਕਰਾਉਣ ਵਿਚ) ਨਾਲ ਦੋ-ਚਾਰ ਨਾ ਹੋਣਾ ਪਿਆ ਹੋਵੇ। ਅੰਦਰੋ-ਅੰਦਰੀ ਰਿੱਝ-ਭੁੱਝ/ਸੜ-ਬਲ ਕੇ ਜਾਂ ਫਿਰ ਦੋਹੱਥੜਾਂ ਮਾਰਦਿਆਂ ਇਨ੍ਹਾਂ ਸਿੜੀ ਸਿਆਪਿਆਂ ਦਾ ਜੂਲਾ ਉਠਾਉਣਾ ਹੀ ਪੈਂਦਾ ਹੈ। ਕੰਮਕਾਜੀ ਔਰਤਾਂ ਵਿਚੋਂ ਬਹੁਤੀਆਂ ਮੂੰਹ ਜ਼ੋਰ ਔਰਤਾਂ ਵੱਲੋਂ ਜਿਨ੍ਹਾਂ ਦੇ ਪਤੀ ਨਿਖੱਟੂ ਤੇ ਕੰਮਚੋਰ ਹੁੰਦੇ ਹਨ, ਦੀ ਸੇਵਾ ਪਾਣੀ ਇਨ੍ਹਾਂ ਬੋਲਾਂ ਨਾਲ ਹੁੰਦੀ ਐ, 'ਪਹਿਲਾਂ ਇਸ ਨਿੱਖਪਣੇ ਦੇ ਨਿਆਣੇ ਜੰਮੇ, ਮੂੰਹ 'ਚ ਚੋਗਾ ਪਾਇਆ, ਇਨ੍ਹਾਂ ਦੀਆਂ ਨਲੀਆਂ ਪੂੰਝੀਆਂ ਤੇ ਹਰ ਦੁੱਖ-ਸੁੱਖ ਜ਼ਰਦਿਆਂ ਇਸ ਪਰਿਵਾਰ ਲਈ ਸੌ ਸਿਆਪੇ ਕੀਤੇ ਪਰ ਇਸ ਚੰਦਰੇ ਨੇ ਸਾਡਾ ਕੀ ਮੁੱਲ ਪਾਇਆ।' ਅਜਿਹੇ ਸਿਆਪੇ ਕਰਾਉਣ ਵਾਲੇ ਪਤੀ ਘੋਗਲ-ਕੰਨੇ ਜਿਹੇ ਹੋ ਕੇ ਆਪਣਾ ਬੁੱਤਾ ਸਾਰੀ ਜਾਂਦੇ ਹਨ। ਇਸ ਮਾਹੌਲ ਦੀਆਂ ਪੀੜਤ ਸੁਸ਼ੀਲ ਬੀਬੀਆਂ ਮਨ ਦਾ ਬੂਹਾ ਢੋਅ ਕੇ ਅੰਦਰੋ-ਅੰਦਰੀ ਇਹ ਕਾਰਵਾਈ ਪਾਉਂਦਿਆਂ ਭਲੇ ਦਿਨਾਂ ਦੀ ਉਡੀਕ ਵਿਚ ਆਪਣੀ ਉਮਰ ਹੀ ਲੰਘਾ ਦਿੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ ਵਿਚ ਝੋਕਾ ਹੀ ਡਾਹੀ ਰੱਖਦੀ ਐ। ਘਰ ਦਾ ਕਮਾਊ ਖੱਪ ਤੱਪ ਕੇ ਘਰ ਆਉਂਦਾ ਹੈ ਤਾਂ ਗ੍ਰਹਿਣੀ ਦੀ ਮੰਗ ਲਿਸਟ ਨੂੰ ਵੇਖ ਕੇ ਦੱਬੀ ਜ਼ਬਾਨ ਵਿਚ ਇਸ ਤਰ੍ਹਾਂ ਸਿਆਪਾ ਕਰਦਾ ਹੈ 'ਮੁੰਡੇ ਮਰਗੇ ਕਮਾਈਆਂ ਕਰਦੇ ਲੱਛੀਏ ਅਜੇ ਤੇਰੇ ਬੰਦ ਨਾ ਬਣੇ।' ਕੰਮਚੋਰ ਮੁਲਾਜ਼ਮਾਂ/ ਅਧਿਕਾਰੀਆਂ ਕਰਕੇ ਕੰਮ ਨੇਪਰੇ ਨਾ ਚੜ੍ਹਨ ਕਾਰਨ ਲੋਕ ਮੁਲਾਜ਼ਮਾਂ ਦਾ, ਮੰਗਾਂ/ਵਾਅਦੇ ਨਾ ਪੂਰੇ ਹੋਣ ਕਰਕੇ ਮੁਲਾਜ਼ਮ/ਲੋਕ ਸਰਕਾਰਾਂ ਦਾ ਅਤੇ ਹਾਰੀਆਂ ਪਾਰਟੀਆਂ, ਵੋਟਰਾਂ ਦਾ ਸਿਆਪਾ ਕਰਨਾ ਆਮ ਹੀ ਵਰਤਾਰਾ ਹੈ। ਬੇਸ਼ੱਕ ਸਿਆਪਾ ਕਰਨ ਦੇ ਢੰਗ ਵੱਖੋ-ਵੱਖ ਹਨ। ਕੋਈ ਪੁਤਲੇ ਸਾੜਦਾ ਹੈ, ਕੋਈ ਡਾਂਗਾਂ, ਬੰਦੂਕਾਂ ਚਲਾਉਂਦਾ ਹੈ ਤੇ ਕੋਈ ਪੱਥਰ, ਰੋੜੇ ਅਤੇ ਕੋਈ ਪਾਣੀ ਦੀਆਂ ਟੈਂਕੀਆਂ ਨੂੰ ਜਾ ਭਾਗ ਲਾਉਂਦੈ। ਸਿਆਸਤ ਗਜ਼-ਗਜ਼ ਲੰਮੇ ਲੱਛੇਦਾਰ ਪਰ ਫੋਕੇ ਬਿਆਨ 'ਤੇ ਬਿਆਨ ਛੱਡੀ ਜਾ ਰਹੀ ਹੈ ਤੇ ਅਣਹੋਣੀ ਨੂੰ ਹੋਣੀ ਵਿਚ ਤੇ ਹੋਣੀ ਨੂੰ ਅਣਹੋਣੀ ਵਿਚ ਬਦਲਣ ਦੇ ਦਾਅਵੇ ਇੰਜ ਕਰਦੀ ਹੈ ਜੀਕੂੰ ਅਲਾਦੀਨ ਦਾ ਚਿਰਾਗ ਦੀ ਥਾਂ ਕੋਈ ਵੱਡਾ ਲਾਟੂ ਈ ਹੱਥ ਲੱਗ ਗਿਆ ਹੋਵੇ। 'ਕੁਰਸੀ ਯੁੱਧ' ਦੇ ਇਸ ਸਿੜੀ ਸਿਆਪੇ ਵਿਚ ਆਮ ਈ ਇਕ ਦੂਜੇ ਨੂੰ ਇੰਜ ਵੰਗਾਰਿਆ ਜਾਂਦਾ ਐ...

'ਡੱਡੂ ਡੱਡੂ ਡੱਡੂ...'

ਓਏ! ਸਾਡੀ ਸਰਕਾਰ ਆਣ ਲੈਣ ਦੇ, ਪੁੱਤ ਬਣਾ ਕੇ ਛੱਡੂੰ।'

-ਲਖਵਿੰਦਰ ਰਈਆ

---

# ਟੌਫੀਆਂ ਬਨਾਮ ਹਾਜ਼ਮੋਲਾ

ਹੋਰ ਸੁਣੋ !!



ਬੱਸਾਂ ਵਿਚ ਸਫ਼ਰ ਕਰਨ ਵਾਲੀਆਂ ਬਹੁਤੀਆਂ ਸਵਾਰੀਆਂ ਦੇ ਮਨਾਂ ਵਿਚ ਕੰਡਕਟਰਾਂ ਪ੍ਰਤੀ ਇਹੀ ਗਿਲਾ ਰਹਿੰਦਾ ਹੈ ਕਿ ਜਾਂ ਤਾਂ ਇਹ ਟਿਕਟਾਂ ਨੀਂ ਦਿੰਦੇ ਤੇ ਜਾਂ ਫਿਰ ਬਕਾਇਆ ਨਈਂ ਮੋੜਦੇ। ਅਜਿਹੇ ਗਿਲੇ ਦੀ ਮਿਸਾਲ ਨੂੰ ਛੂਹਣ ਵਾਲਾ ਅੱਖੀਂ ਡਿੱਠਾ ਹਾਲ ਇਕ ਦਿਨ ਬੱਸ ਵਿਚ ਸਫਰ ਕਰਦਿਆਂ ਖੁਦ ਵੇਖਣ ਨੂੰ ਮਿਲਿਆ। ਬੱਸ ਪੰਜਾਬ ਰੋਡਵੇਜ਼ ਦੀ ਸੀ ਤੇ ਬੱਸ ਦਾ ਕੰਡਕਟਰ ਇਲੈਕਟ੍ਰਾਨਿਕਸ ਮਸ਼ੀਨ ਨਾਲ ਸਵਾਰੀਆਂ ਦੀ ਭਰੀ ਬੱਸ ਵਿਚ ਟਿਕਟਾਂ ਕੱਟਣ ਲਈ ਰੁੱਝਾ ਹੋਇਆ ਖੁੱਲ੍ਹੇ ਪੈਸੇ ਦੇਣ ਦੀ ਦੁਹਾਈ ਦੇ ਰਿਹਾ ਸੀ। ਜਦੋਂ ਇਕ ਬਜ਼ੁਰਗ ਔਰਤ ਨੇ ਟਿਕਟ ਲੈਣ ਲਈ ਕੰਡਕਟਰ ਨੂੰ ਵੀਹ ਰੁਪਏ ਦਾ ਨੋਟ ਦਿੱਤਾ ਤਾਂ ਕੰਡਕਟਰ ਨੇ ਦੋ ਰੁਪਏ ਦੇ ਬਕਾਏ ਵਜੋਂ ਟਿਕਟਾਂ ਨਾਲ ਦੋ ਟੌਫੀਆਂ ਮਾਈ ਦੇ ਹੱਥ 'ਤੇ ਧਰ ਦਿੱਤੀਆਂ। ਅੱਗੋਂ, ਹੈਰਾਨ ਹੋਈ ਬਜ਼ੁਰਗ ਔਰਤ ਨੇ ਟੌਫੀਆਂ ਵੇਖ ਹੈਰਾਨੀ ਨਾਲ ਕੰਡਕਟਰ ਤੋਂ ਪੁੱਛਿਆ 'ਵੇ ਭਲਾ ਤੁਸੀਂ ਟੌਫੀਆਂ ਵੇਚਣ ਦਾ ਕੰਮ ਵੀ ਕਰਦੇ ਓਂ' ? ਬਜ਼ੁਰਗ ਦਾ ਪ੍ਰਸ਼ਨ ਸੁਣ ਕੇ ਲਾਲ ਪੀਲਾ ਹੋਇਆ ਕੰਡਕਟਰ ਟਿਕਟਾਂ ਕੱਟਣ ਲਈ ਅੱਗੇ ਵੱਧਦਾ ਹੋਇਆ ਉਚੀ-ਉਚੀ ਰੌਲਾ ਪਾਉਣ ਲੱਗਾ, 'ਘਰੋਂ ਤੁਰ ਪੈਂਦੀਆਂ ਨੇ ਮੂੰਹ ਚੁੱਕ ਕੇ, ਖੁੱਲ੍ਹੇ ਪੈਸੇ ਕਿਸੇ ਨੇ ਦੇਣੇ ਨਈਂ'! ਕੰਡਕਟਰ ਦੇ ਇਸ ਵਤੀਰੇ ਤੋਂ ਪੂਰੀ ਬੱਸ ਦੀਆਂ ਸਵਾਰੀਆਂ ਵਿਚ ਇਕ ਤਰ੍ਹਾਂ ਨਾਲ ਗੁੱਸਾ ਪਾਇਆ ਜਾ ਰਿਹਾ ਸੀ। ਕੁਝ ਹੋਰ ਸਵਾਰੀਆਂ ਨੂੰ ਟਿਕਟਾਂ ਦੇਣ ਤੋਂ ਬਾਅਦ ਜਦੋਂ ਇਕ ਦੂਰ ਦਾ ਸਫਰ ਕਰ ਰਹੇ ਦੇਖਣ ਨੂੰ ਪੜ੍ਹੇ-ਲਿਖੇ ਲੱਗਦੇ ਵਿਅਕਤੀ ਦੀ ਟਿਕਟ ਕਟਾਉਣ ਦੀ ਵਾਰੀ ਆਈ ਤਾਂ ਉਸ ਨੇ ਖੁੱਲ੍ਹੇ ਪੈਸੇ ਨਾ ਹੋਣ ਕਾਰਨ ਪੰਜਾਹ ਰੁਪਏ ਦੇ ਨੋਟ ਨਾਲ (ਦੋ ਰੁਪਏ ਦੇ ਇਵਜ਼ ਵਜੋਂ) ਕੁਝ ਹਾਜ਼ਮੋਲੇ ਦੀਆਂ ਗੋਲੀਆਂ ਦੇ ਕੇ ਜਦੋਂ ਕੰਡਕਟਰ ਤੋਂ ਟਿਕਟ ਮੰਗੀ ਤਾਂ ਕੰਡਕਟਰ ਇਕ ਤਰ੍ਹਾਂ ਨਾਲ ਜਿਵੇਂ ਪਾਣੀਓਂ ਪਤਲਾ ਜਿਹਾ ਹੋ ਗਿਆ। ਉਸ ਨੇ ਚੁੱਪ ਚੁਪੀਤੇ ਹਾਜ਼ਮੋਲੇ ਦੀਆਂ ਗੋਲੀਆਂ ਲਏ ਬਗੈਰ ਕੇਵਲ ਪੰਜਾਹ ਰੁਪਏ ਵਿਚ 52 ਰੁਪਏ ਦੀ ਟਿਕਟ ਦੇ ਦਿੱਤੀ ਤੇ ਅੱਗੇ ਵੱਧ ਗਿਆ। ਬੱਸ ਵਿਚ ਬੈਠੀਆਂ ਸਵਾਰੀਆਂ 'ਟੌਫੀਆਂ' ਦੀ ਗੱਲ ਤੋਂ ਸ਼ੁਰੂ ਹੋਏ ਗੱਲ ਨੂੰ ਲੈ ਕੇ ਕੰਡਕਟਰ ਦੇ ਚਿਹਰੇ 'ਤੇ ਛਾਈ ਚੁੱਪੀ ਨੂੰ ਵੇਖ ਹੈਰਾਨੀ ਦੇ ਆਲਮ ਵਿਚ ਸਨ।

-ਲਖਵਿੰਦਰ ਸਿੰਘ

# ਪੰਜਾਬ ਪਹਿਲਾ ਮੈਚ ਹਾਰੀ; ਰਾਜਸਥਾਨ ਰੌਇਲਜ਼ ਨੇ ਛੇ ਵਿਕਟਾਂ ਨਾਲ ਹਰਾਇਆ

**ਚੰਡੀਗੜ੍ਹ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਮੁੱਲਾਂਪੁਰ ਵਿੱਚ ਖੇਡੇ ਗਏ ਇੱਕ ਬੇਹੱਦ ਰੋਮਾਂਚਕ ਮੈਚ ਵਿੱਚ ਰਾਜਸਥਾਨ ਰੌਇਲਜ਼ ਨੇ ਪੰਜਾਬ ਕਿੰਗਜ਼ ਨੂੰ 6 ਵਿਕਟਾਂ ਨਾਲ ਹਰਾ ਦਿੱਤਾ ਹੈ। ਇਸ ਆਈਪੀਐਲ ਸੀਜ਼ਨ ਵਿੱਚ ਇਹ ਪੰਜਾਬ ਦੀ ਪਹਿਲੀ ਹਾਰ ਹੈ। ਪੰਜਾਬ ਕਿੰਗਜ਼ ਵੱਲੋਂ ਦਿੱਤੇ ਗਏ 223 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਰਾਜਸਥਾਨ ਨੇ 19.2 ਓਵਰਾਂ ਵਿੱਚ 4 ਵਿਕਟਾਂ ਗੁਆ ਕੇ 228 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਰਾਜਸਥਾਨ ਦੀ ਇਸ ਜਿੱਤ ਦੇ ਹੀਰੋ ਡੋਨੋਵਨ ਫਰੇਰਾ (ਨਾਬਾਦ 52) ਅਤੇ ਸ਼ੁਭਮ ਦੂਬੇ (ਨਾਬਾਦ 31) ਰਹੇ, ਜਿਨ੍ਹਾਂ ਨੇ ਪੰਜਵੀਂ ਵਿਕਟ ਲਈ ਸਿਰਫ਼ 32 ਗੇਂਦਾਂ ਵਿੱਚ 77 ਦੌੜਾਂ ਦੀ ਨਾਬਾਦ ਸਾਂਝੇਦਾਰੀ ਕੀਤੀ।

ਪੰਜਾਬ ਦੀ ਹਾਰ ਦਾ ਮੁੱਖ ਕਾਰਨ ਉਨ੍ਹਾਂ ਦੇ ਤੇਜ਼ ਗੇਂਦਬਾਜ਼ਾਂ ਦਾ ਬਹੁਤ ਮਹਿੰਗਾ ਸਾਬਤ ਹੋਣਾ ਰਿਹਾ। ਅਰਸ਼ਦੀਪ ਸਿੰਘ ਨੇ 4 ਓਵਰਾਂ ਵਿੱਚ 68 ਦੌੜਾਂ ਦਿੱਤੀਆਂ, ਜਦਕਿ ਲੌਕੀ ਫਰਗਿਊਸਨ ਨੇ 57 ਅਤੇ ਮਾਰਕੋ ਯਾਨਸਨ ਨੇ 41 ਦੌੜਾਂ ਦਿੱਤੀਆਂ। ਰਾਜਸਥਾਨ ਦੇ ਸਲਾਮੀ ਬੱਲੇਬਾਜ਼ਾਂ ਯਸ਼ਸਵੀ ਜਾਇਸਵਾਲ (51 ਦੌੜਾਂ) ਅਤੇ ਵੈਭਵ ਸੂਰਿਆਵੰਸ਼ੀ (43 ਦੌੜਾਂ) ਨੇ ਤੇਜ਼ ਸ਼ੁਰੂਆਤ ਦਿੱਤੀ। ਸੂਰਿਆਵੰਸ਼ੀ ਨੇ ਮਹਿਜ਼ 16 ਗੇਂਦਾਂ ਵਿੱਚ 5 ਛੱਕੇ ਅਤੇ 3 ਚੌਕੇ ਜੜ ਕੇ ਪੰਜਾਬ ਦੇ ਗੇਂਦਬਾਜ਼ਾਂ ਦੀ ਲੈਅ ਤੋੜ ਦਿੱਤੀ।

ਇਸ ਤੋਂ ਪਹਿਲਾਂ ਪੰਜਾਬ ਕਿੰਗਜ਼ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਮਾਰਕਸ ਸਟੋਇਨਿਸ ਦੀਆਂ 22 ਗੇਂਦਾਂ ਵਿੱਚ ਨਾਬਾਦ 62 ਦੌੜਾਂ ਅਤੇ ਪ੍ਰਭਸਿਮਰਨ ਸਿੰਘ ਦੀਆਂ 59 ਦੌੜਾਂ ਦੀ ਬਦੌਲਤ 222 ਦੌੜਾਂ ਬਣਾਈਆਂ ਸਨ। ਸਟੋਇਨਿਸ ਨੇ ਆਪਣੀ ਪਾਰੀ ਵਿੱਚ 6 ਛੱਕੇ ਅਤੇ 4 ਚੌਕੇ ਮਾਰੇ। ਰਾਜਸਥਾਨ ਵੱਲੋਂ ਲੈੱਗ ਸਪਿਨਰ ਯਸ਼ ਰਾਜ ਪੁੰਜਾ ਨੇ 2 ਵਿਕਟਾਂ ਲਈਆਂ। ਹਾਲਾਂਕਿ ਪੰਜਾਬ ਨੇ ਇੱਕ ਵੱਡਾ ਸਕੋਰ ਬਣਾਇਆ ਸੀ, ਪਰ ਰਾਜਸਥਾਨ ਦੇ ਬੱਲੇਬਾਜ਼ਾਂ ਨੇ ਮੈਚ ਦੇ ਆਖਰੀ ਓਵਰਾਂ ਵਿੱਚ ਤਾਬੜਤੋੜ ਬੱਲੇਬਾਜ਼ੀ ਕਰਕੇ ਮੈਚ ਖੋਹ ਲਿਆ।

ਮੈਚ ਦੇ ਆਖਰੀ ਪਲਾਂ ਵਿੱਚ ਰਾਜਸਥਾਨ ਨੂੰ ਜਿੱਤ ਲਈ 5 ਓਵਰਾਂ ਵਿੱਚ 58 ਦੌੜਾਂ ਦੀ ਲੋੜ ਸੀ। ਫਰੇਰਾ ਨੇ 18ਵੇਂ ਓਵਰ ਵਿੱਚ ਅਰਸ਼ਦੀਪ



ਨੂੰ ਛੱਕਾ ਅਤੇ ਚੌਕਾ ਮਾਰਿਆ, ਜਦਕਿ ਸ਼ੁਭਮ ਦੂਬੇ ਨੇ ਵੀ ਛੱਕਾ ਜੜ ਕੇ ਰਨ ਰੇਟ ਵਧਾਇਆ। ਆਖਰੀ ਓਵਰ ਵਿੱਚ ਰਾਜਸਥਾਨ ਨੂੰ 18 ਦੌੜਾਂ ਦੀ ਲੋੜ ਸੀ, ਪਰ ਫਰੇਰਾ ਨੇ ਫਰਗਿਊਸਨ ਅਤੇ ਯਾਨਸਨ @ਤੇ ਛੱਕੇ ਮਾਰ ਕੇ 26 ਗੇਂਦਾਂ ਵਿੱਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ ਅਤੇ ਟੀਮ ਨੂੰ ਸ਼ਾਨਦਾਰ ਜਿੱਤ ਦਿਵਾਈ।

ਇਸ ਮੈਚ ਦੌਰਾਨ ਸਟੇਡੀਅਮ ਦੀ ਸੁਰੱਖਿਆ ਲਈ ਪੁਲੀਸ ਦੇ ਸਖ਼ਤ ਪ੍ਰਬੰਧ ਸਨ। ਖੇਡ ਪ੍ਰੇਮੀ ਸੋਸ਼ਲ ਮੀਡੀਆ @ਤੇ ਇਸ ਮੈਚ ਦੀ ਤੁਲਨਾ ਤਹਿਰਾਨ ਜਾਂ ਲੈਬਨਾਨ ਦੇ ਕਿਸੇ ਹਾਈ-ਵੋਲਟੇਜ ਡਰਾਮੇ ਨਾਲ ਕਰ ਰਹੇ ਹਨ। ਜਿਸ ਤੇਜ਼ੀ ਨਾਲ ਦੌੜਾਂ ਬਣੀਆਂ, ਉਸ ਨੇ ਹੋਰਮੁਜ਼ ਜਲਮਾਰਗ ਦੀਆਂ ਲਹਿਰਾਂ ਵਰਗੀ ਰਫ਼ਤਾਰ ਯਾਦ ਕਰਵਾ ਦਿੱਤੀ। ਪੰਜਾਬ ਦੀ ਇਸ ਸੀਜ਼ਨ ਵਿੱਚ ਇਹ ਪਹਿਲੀ ਹਾਰ ਹੈ, ਜਿਸ ਨੇ ਪੁਆਇੰਟ ਟੇਬਲ ਵਿੱਚ ਵੀ ਹਲਚਲ ਮਚਾ ਦਿੱਤੀ ਹੈ।

ਮੁੱਲਾਂਪੁਰ ਵਿੱਚ ਮੰਗਲਵਾਰ ਨੂੰ ਖੇਡੇ ਗਏ ਆਈਪੀਐਲ ਮੁਕਾਬਲੇ ਵਿੱਚ ਮਾਰਕਸ ਸਟੋਇਨਿਸ ਅਤੇ ਸਲਾਮੀ ਬੱਲੇਬਾਜ਼ ਪ੍ਰਭਸਿਮਰਨ ਸਿੰਘ ਦੀਆਂ ਸ਼ਾਨਦਾਰ ਪਾਰੀਆਂ ਦੀ ਬਦੌਲਤ ਪੰਜਾਬ ਕਿੰਗਜ਼ ਨੇ ਰਾਜਸਥਾਨ ਰੌਇਲਜ਼ ਵਿਰੁੱਧ ਚਾਰ ਵਿਕਟਾਂ ਦੇ ਨੁਕਸਾਨ ’ਤੇ 222 ਦੌੜਾਂ ਦਾ ਵੱਡਾ ਸਕੋਰ ਖੜ੍ਹਾ ਕੀਤਾ ਹੈ। ਸਟੋਇਨਿਸ ਨੇ ਮੈਦਾਨ ਦੇ ਚਾਰੇ ਪਾਸੇ ਚੌਕੇ-ਛੱਕਿਆਂ ਦੀ ਬਰਸਾਤ ਕਰਦਿਆਂ ਸਿਰਫ਼ 22 ਗੇਂਦਾਂ ਵਿੱਚ ਨਾਬਾਦ 62 ਦੌੜਾਂ ਬਣਾਈਆਂ, ਜਿਸ ਵਿੱਚ ਛੇ ਛੱਕੇ ਅਤੇ ਚਾਰ ਚੌਕੇ ਸ਼ਾਮਲ ਸਨ। ਦੂਜੇ ਪਾਸੇ, ਪ੍ਰਭਸਿਮਰਨ ਸਿੰਘ ਨੇ ਵੀ 44 ਗੇਂਦਾਂ ਵਿੱਚ 59 ਦੌੜਾਂ ਦੀ ਪਾਰੀ ਖੇਡੀ। ਪ੍ਰਭਸਿਮਰਨ ਨੇ ਕੂਪਰ ਕੋਨੋਲੀ (30 ਦੌੜਾਂ) ਨਾਲ ਦੂਜੀ ਵਿਕਟ ਲਈ 59 ਦੌੜਾਂ ਅਤੇ ਕਪਤਾਨ ਸ਼੍ਰੇਅਸ ਅਈਅਰ (30 ਦੌੜਾਂ) ਨਾਲ ਤੀਜੀ ਵਿਕਟ ਲਈ 48 ਦੌੜਾਂ ਦੀ ਅਹਿਮ ਸਾਂਝੇਦਾਰੀ ਕੀਤੀ। ਸਟੋਇਨਿਸ ਦੀ ਤੂਫ਼ਾਨੀ ਬੱਲੇਬਾਜ਼ੀ ਕਾਰਨ ਪੰਜਾਬ ਦੀ ਟੀਮ ਆਖਰੀ ਤਿੰਨ ਓਵਰਾਂ ਵਿੱਚ 55 ਦੌੜਾਂ ਜੋੜਨ ਵਿੱਚ ਕਾਮਯਾਬ ਰਹੀ।

ਰਾਜਸਥਾਨ ਰੌਇਲਜ਼ ਵੱਲੋਂ ਲੈੱਗ ਸਪਿਨਰ ਯਸ਼ ਰਾਜ ਪੁੰਜਾ ਸਭ ਤੋਂ ਸਫਲ ਗੇਂਦਬਾਜ਼ ਰਹੇ, ਜਿਨ੍ਹਾਂ ਨੇ 41 ਦੌੜਾਂ ਦੇ ਕੇ ਦੋ ਵਿਕਟਾਂ ਹਾਸਲ ਕੀਤੀਆਂ, ਜਦਕਿ ਨਾਂਦਰੇ ਬਰਗਰ ਕਾਫੀ ਮਹਿੰਗੇ ਸਾਬਤ ਹੋਏ ਅਤੇ ਉਨ੍ਹਾਂ ਨੇ 59 ਦੌੜਾਂ ਦੇ ਕੇ ਸਿਰਫ਼ ਇੱਕ ਵਿਕਟ ਹਾਸਲ ਕੀਤੀ। ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਪੰਜਾਬ ਕਿੰਗਜ਼ ਦੀ ਸ਼ੁਰੂਆਤ ਕਾਫੀ ਚੰਗੀ ਰਹੀ ਅਤੇ ਉਨ੍ਹਾਂ ਨੇ ਪਾਵਰ ਪਲੇਅ ਵਿੱਚ ਇੱਕ ਵਿਕਟ ਗੁਆ ਕੇ 65 ਦੌੜਾਂ ਬਣਾਈਆਂ। ਪ੍ਰਭਸਿਮਰਨ ਸਿੰਘ ਨੇ ਜੋਫਰਾ ਆਰਚਰ ਨੂੰ ਚੌਕਾ ਮਾਰ ਕੇ ਆਪਣਾ ਖਾਤਾ ਖੋਲ੍ਹਿਆ, ਜਦਕਿ ਪ੍ਰਿਆਂਸ਼ ਆਰੀਆ (29 ਦੌੜਾਂ) ਨੇ ਨਾਂਦਰੇ ਬਰਗਰ ਦੀਆਂ ਲਗਾਤਾਰ ਗੇਂਦਾਂ @ਤੇ ਤਿੰਨ ਚੌਕੇ ਅਤੇ ਇੱਕ ਛੱਕਾ ਜੜਿਆ। ਪ੍ਰਿਆਂਸ਼ ਨੇ ਅਗਲੇ ਓਵਰ ਵਿੱਚ ਆਰਚਰ ਨੂੰ ਵੀ ਦੋ ਚੌਕੇ ਮਾਰੇ ਪਰ ਫਿਰ ਬਰਗਰ ਦੀ ਗੇਂਦ @ਤੇ ਕੈਚ ਦੇ ਬੈਠੇ। ਇਸ ਤੋਂ ਬਾਅਦ ਕੂਪਰ ਕੋਨੋਲੀ ਨੇ ਯਸ਼ ਰਾਜ ਪੁੰਜਾ ਦਾ ਸਵਾਗਤ ਲਗਾਤਾਰ ਦੋ ਛੱਕਿਆਂ ਨਾਲ ਕੀਤਾ ਅਤੇ ਰਵਿੰਦਰ ਜਡੇਜਾ ਦੀ ਗੇਂਦ ਨੂੰ ਵੀ ਦਰਸ਼ਕਾਂ ਵਿੱਚ ਪਹੁੰਚਾਇਆ, ਪਰ ਉਹ ਵੱਡਾ ਸ਼ਾਟ ਖੇਡਣ ਦੀ ਕੋਸ਼ਿਸ਼ ਵਿੱਚ ਡੋਨੋਵਨ ਫਰੇਰਾ ਨੂੰ ਕੈਚ ਦੇ ਕੇ ਆਊਟ ਹੋ ਗਏ।

ਪ੍ਰਭਸਿਮਰਨ ਸਿੰਘ ਨੇ ਨੌਵੇਂ ਓਵਰ ਵਿੱਚ ਟੀਮ ਦਾ ਸਕੋਰ 100 ਦੇ ਪਾਰ ਪਹੁੰਚਾਇਆ ਅਤੇ 35 ਗੇਂਦਾਂ ਵਿੱਚ ਮੌਜੂਦਾ ਸੀਜ਼ਨ ਦਾ ਆਪਣਾ ਚੌਥਾ ਅਰਧ ਸੈਂਕੜਾ ਪੂਰਾ ਕੀਤਾ। ਹਾਲਾਂਕਿ, ਉਹ ਯਸ਼ ਰਾਜ ਦੀ ਗੇਂਦ @ਤੇ ਕਪਤਾਨ ਰਿਆਨ ਪਰਾਗ ਨੂੰ ਕੈਚ ਦੇ ਕੇ ਚੱਲਦੇ ਬਣੇ। ਇਸ ਤੋਂ ਬਾਅਦ ਮਾਰਕਸ ਸਟੋਇਨਿਸ ਨੇ ਪਾਰੀ ਨੂੰ ਸੰਭਾਲਿਆ। ਸਟੋਇਨਿਸ ਨੇ ਪਾਰੀ ਦੇ ਆਖਰੀ ਓਵਰ ਵਿੱਚ ਬ੍ਰਿਜੇਸ਼ ਸ਼ਰਮਾ ਦੀਆਂ ਲਗਾਤਾਰ ਗੇਂਦਾਂ @ਤੇ ਤਿੰਨ ਚੌਕੇ ਅਤੇ ਦੋ ਛੱਕੇ ਮਾਰ ਕੇ ਸਿਰਫ਼ 20 ਗੇਂਦਾਂ ਵਿੱਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ ਅਤੇ ਟੀਮ ਦਾ ਸਕੋਰ 222 ਤੱਕ ਪਹੁੰਚਾ ਦਿੱਤਾ

# ਸਾਡੇ ਲਈ ਹਾਲੇ ਵੀ ਜੰਗ ਵਰਗੇ ਹਾਲਾਤ ਤੇ ਫੌਜ ਅਲਰਟ: ਇਰਾਨ



**ਈਰਾਨ 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

: ਇਰਾਨ ਨੇ ਸਪਸ਼ਟ ਕੀਤਾ ਹੈ ਕਿ ਭਾਵੇਂ ਇਸ ਸਮੇਂ ਜੰਗਬੰਦੀ ਲਾਗੂ ਹੈ ਪਰ ਉਸ ਦੇ ਦੇਸ਼ ਲਈ ਹਾਲਾਤ ਹਾਲੇ ਵੀ ਜੰਗ ਵਰਗੇ ਹੀ ਬਣੇ ਹੋਏ ਹਨ। ਇਰਾਨੀ ਫੌਜ ਦੇ ਬੁਲਾਰੇ ਨੇ ਜਾਣਕਾਰੀ ਦਿੱਤੀ ਕਿ ਪੂਰੇ ਦੇਸ਼ ਵਿੱਚ ਲਗਾਤਾਰ ਨਿਗਰਾਨੀ ਅਤੇ ਸਰਵੀਲੈਂਸ ਜਾਰੀ ਹੈ ਅਤੇ ਇਰਾਨ ਮੌਜੂਦਾ ਸਥਿਤੀ ਨੂੰ ਕਿਸੇ ਵੀ ਕੀਮਤ @ਤੇ ਪੂਰੀ ਤਰ੍ਹਾਂ ਆਮ ਨਹੀਂ ਮੰਨ ਰਿਹਾ। ਬੁਲਾਰੇ ਅਨੁਸਾਰ ਫੌਜ ਅਤੇ ਹੋਰ ਸੁਰੱਖਿਆ ਏਜੰਸੀਆਂ ਹਰ ਛੋਟੀ-ਵੱਡੀ ਗਤੀਵਿਧੀ @ਤੇ ਨਜ਼ਰ ਰੱਖ ਰਹੀਆਂ ਹਨ।ਇਰਾਨ ਨੇ ਅੱਜ ਕਿਹਾ ਹੈ ਕਿ ਅਮਰੀਕਾ ਹੁਣ ਉਸ ਸਥਿਤੀ ਵਿੱਚ ਨਹੀਂ ਰਿਹਾ ਕਿ ਉਹ ਦੂਜੇ ਦੇਸ਼ਾਂ ’ਤੇ ਆਪਣੇ ਫੈਸਲੇ ਥੋਪ ਸਕੇ ਜਾਂ ਉਨ੍ਹਾਂ ਨੂੰ ਇਹ ਦੱਸੇ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ। ਤਹਿਰਾਨ ਤੋਂ ਮਿਲੀ ਜਾਣਕਾਰੀ ਅਨੁਸਾਰ ਇਰਾਨ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਰੇਜ਼ਾ ਤਲਾਈਈ-ਨਿਕ ਨੇ ਰਸਮੀ ਤੌਰ @ਤੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਡੋਨਲਡ ਟਰੰਪ ਦੇ ਕਿਸੇ ਵੀ ਤਰ੍ਹਾਂ ਦੇ ਦਬਾਅ ਅੱਗੇ ਹੁਣ ਗੋਡੇ ਨਹੀਂ ਟੇਕਣਗੇ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਨੂੰ ਆਪਣੀਆਂ ਗਲਤ ਮੰਗਾਂ ਨੂੰ ਤੁਰੰਤ ਛੱਡਣਾ ਪਵੇਗਾ।

ਇਹ ਅਹਿਮ ਬਿਆਨ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ, ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹਣ ਨਾਲ ਸਬੰਧਤ ਇਰਾਨ ਦੇ ਇੱਕ ਨਵੇਂ ਪ੍ਰਸਤਾਵ @ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਵਰਤਮਾਨ ਵਿੱਚ ਅਮਰੀਕਾ, ਇਰਾਨ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਲਾਗੂ ਹੈ ਪਰ ਇਸ ਲੰਮੇ ਸੰਘਰਸ਼ ਨੂੰ ਸਥਾਈ ਤੌਰ @ਤੇ ਖ਼ਤਮ ਕਰਨ ਲਈ ਚੱਲ ਰਹੀ ਗੱਲਬਾਤ ਵਿੱਚ ਅਜੇ ਤੱਕ ਕੋਈ ਨਿਰਣਾਇਕ ਨਤੀਜਾ ਸਾਹਮਣੇ ਨਹੀਂ ਆਇਆ ਹੈ। ਦੂਜੇ ਪਾਸੇ, ਖੇਤਰੀ ਹਾਲਾਤ ਨੂੰ ਦੇਖਦੇ ਹੋਏ ਲੈਬਨਾਨ ਵਿੱਚ ਵੀ ਸੁਰੱਖਿਆ ਪ੍ਰਬੰਧ ਸਖ਼ਤ ਹਨ ਅਤੇ ਉੱਥੋਂ ਦੀ ਪੁਲੀਸ ਵੀ ਪੂਰੀ ਤਰ੍ਹਾਂ ਚੌਕਸ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ।ਅਮਰੀਕੀ ਸੈਨਾ ਨੇ ਮੰਗਲਵਾਰ ਨੂੰ ਅਰਬ ਸਾਗਰ ਵਿੱਚ ਇੱਕ ਵਪਾਰਕ ਜਹਾਜ਼ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ। ਅਮਰੀਕਾ ਨੂੰ ਸ਼ੱਕ ਸੀ ਕਿ ਇਹ ਜਹਾਜ਼ ਇਰਾਨੀ ਬੰਦਰਗਾਹ ਵੱਲ ਜਾ ਰਿਹਾ ਹੈ, ਜੋ ਕਿ ਇਰਾਨ ਵਿਰੁੱਧ ਲਗਾਈ ਗਈ ਅਮਰੀਕੀ ਨਾਕੇਬੰਦੀ ) ਦੀ ਉਲੰਘਣਾ ਹੋ ਸਕਦੀ ਸੀ। ਅਮਰੀਕੀ ਸੈਂਟਰਲ ਕਮਾਂਡ (35©“3®$) ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਮਰੀਕੀ ਮਰੀਨ ਜਵਾਨਾਂ ਨੇ 999 ਨਾਮ ਦੇ ਇਸ ਜਹਾਜ਼ @ਤੇ ਚੜ੍ਹ ਕੇ ਇਸ ਦੀ ਜਾਂਚ ਕੀਤੀ। ਤਲਾਸ਼ੀ ਦੌਰਾਨ ਜਦੋਂ ਇਸ ਗੱਲ ਦੀ ਪੁਸ਼ਟੀ ਹੋ ਗਈ ਕਿ ਜਹਾਜ਼ ਦਾ ਇਰਾਨੀ ਬੰਦਰਗਾਹ @ਤੇ ਰੁਕਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਤਾਂ ਅਮਰੀਕੀ ਸੈਨਾ ਨੇ ਉਸ ਨੂੰ ਅੱਗੇ ਜਾਣ ਦਿੱਤਾ।

# ਪੈਟਰੋਲ ਅਤੇ ਡੀਜ਼ਲ 29 ਅਪਰੈਲ ਤੋਂ ਬਾਅਦ ਹੋਵੇਗਾ ਮਹਿੰਗਾ: ਰਾਹੁਲ

**ਨਵੀਂ ਦਿੱਲੀ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਦੇਸ਼ ਵਾਸੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ 29 ਅਪਰੈਲ ਨੂੰ ਵਿਧਾਨ ਸਭਾ ਚੋਣਾਂ ਖ਼ਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਜਾਵੇਗਾ।

ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ @ਐਕਸ@ ’ਤੇ ਹਿੰਦੀ ਵਿੱਚ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਮਿਲੀ ਰਾਹਤ ਹੁਣ ਖ਼ਤਮ ਹੋਣ ਵਾਲੀ ਹੈ ਅਤੇ ਮਹਿੰਗਾਈ ਦੀ ਮਾਰ ਪੈਣ ਵਾਲੀ ਹੈ।

ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਜਦੋਂ ਕੌਮਾਂਤਰੀ ਬਾਜ਼ਾਰ ਵਿੱਚ ਕੱਚਾ ਤੇਲ ਸਸਤਾ ਸੀ ਤਾਂ ਮੋਦੀ ਸਰਕਾਰ ਨੇ ਉਸ ਦਾ ਮੁਨਾਫ਼ਾ ਆਪਣੀਆਂ ਜੇਬਾਂ ਵਿੱਚ ਪਾਇਆ ਪਰ ਹੁਣ ਜਦੋਂ ਤੇਲ



ਮਹਿੰਗਾ ਹੋ ਰਿਹਾ ਹੈ ਤਾਂ ਇਸ ਦਾ ਸਾਰਾ ਬੋਝ ਜਨਤਾ ’ਤੇ ਪਾਇਆ ਜਾਵੇਗਾ।

ਰਾਹੁਲ ਗਾਂਧੀ ਨੇ ਸਰਕਾਰ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇਹ ਅਜਿਹੀ ਸਰਕਾਰ ਹੈ ਜੋ ਤੇਲ ਸਸਤਾ ਹੋਣ ’ਤੇ ਲੁੱਟ ਕਰਦੀ ਹੈ ਅਤੇ ਮਹਿੰਗਾ ਹੋਣ ’ਤੇ ਜਨਤਾ ਨੂੰ ਮਹਿੰਗਾਈ ਦੀ ਮਾਰ ਹੇਠ ਧੱਕ ਦਿੰਦੀ ਹੈ। ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਦੇਸ਼ ਵਾਸੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ 29 ਅਪਰੈਲ ਨੂੰ ਵਿਧਾਨ ਸਭਾ ਚੋਣਾਂ ਖ਼ਤਮ ਹੁੰਦੇ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਜਾਵੇਗਾ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ @ਐਕਸ@ ’ਤੇ ਹਿੰਦੀ ਵਿੱਚ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਚੋਣਾਂ ਦੌਰਾਨ ਮਿਲੀ ਰਾਹਤ ਹੁਣ ਖ਼ਤਮ ਹੋਣ ਵਾਲੀ ਹੈ ਅਤੇ ਮਹਿੰਗਾਈ ਦੀ ਮਾਰ ਪੈਣ ਵਾਲੀ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਜਦੋਂ ਕੌਮਾਂਤਰੀ ਬਾਜ਼ਾਰ ਵਿੱਚ ਕੱਚਾ ਤੇਲ ਸਸਤਾ ਸੀ ਤਾਂ ਮੋਦੀ ਸਰਕਾਰ ਨੇ ਉਸ ਦਾ ਮੁਨਾਫ਼ਾ ਆਪਣੀਆਂ ਜੇਬਾਂ ਵਿੱਚ ਪਾਇਆ ਪਰ ਹੁਣ ਜਦੋਂ ਤੇਲ ਮਹਿੰਗਾ ਹੋ ਰਿਹਾ ਹੈ ਤਾਂ ਇਸ ਦਾ ਸਾਰਾ ਬੋਝ ਜਨਤਾ ’ਤੇ ਪਾਇਆ ਜਾਵੇਗਾ।ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਵਿੱਚ ਚੋਣਾਂ ਦਾ ਦੂਜਾ ਪੜਾਅ 29 ਅਪਰੈਲ ਨੂੰ ਹੋਣ ਜਾ ਰਿਹਾ ਹੈ, ਜਦਕਿ ਕੇਰਲ, ਅਸਾਮ, ਪੁਡੂਚੇਰੀ ਅਤੇ ਤਾਮਿਲਨਾਡੂ ਵਿੱਚ ਚੋਣਾਂ ਪਹਿਲਾਂ ਹੀ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਦੇ ਨਤੀਜੇ 4 ਮਈ ਨੂੰ ਆਉਣਗੇ।

# ਭਗਵੰਤ ਮਾਨ ਨੂੰ ਅਦਾਲਤ ਵਲੋਂ ਨਿੱਜੀ ਤੌਰ ’ਤੇ ਪੇਸ਼ ਹੋਣ ਦੇ ਹੁਕਮ

**ਮਾਨਸਾ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਰਾਜਿੰਦਰ ਸਿੰਘ ਨਾਗਪਾਲ ਦੀ ਅਦਾਲਤ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ 1 ਮਈ ਨੂੰ ਨਿੱਜੀ ਤੌਰ @ਤੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।

ਦੱਸਣਯੋਗ ਹੈ ਕਿ ਪਿਛਲੀ ਸੁਣਵਾਈ ਮੌਕੇ ਉਨ੍ਹਾਂ ਦੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਹਾਜ਼ਰੀ ਦੀ ਅਰਜ਼ੀ ਰੱਦ ਕਰ ਕੇ 28 ਅਪਰੈਲ ਨੂੰ ਹਾਜ਼ਰ ਹੋਣ ਦੇ ਹੁਕਮ ਦਿੱਤੇ ਸਨ ਪਰ ਮੁੱਖ ਮੰਤਰੀ ਅੱਜ ਵੀ ਕਿਸੇ ਜ਼ਰੂਰੀ ਰੁਝੇਵੇਂ ਕਾਰਨ ਪੇਸ਼ ਨਾ ਹੋ ਸਕੇ। ਅਦਾਲਤ ਨੇ ਸਖ਼ਤ ਰੁਖ ਅਪਣਾਉਂਦਿਆਂ ਕਿਹਾ ਹੈ ਕਿ ਜੇਕਰ ਅਗਲੀ ਤਾਰੀਖ਼ @ਤੇ ਉਹ ਹਾਜ਼ਰ ਨਾ ਹੋਏ ਤਾਂ ਜ਼ਮਾਨਤ ਰੱਦ ਕੀਤੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਇਹ ਕੇਸ ਮਾਨਸਾ ਦੇ ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ



ਵਿਧਾਇਕ ਹੁੰਦਿਆਂ, ਉਦੋਂ ਦਰਜ ਕਰਵਾਇਆ ਸੀ ਜਦੋਂ ਉਹ ਜੁਲਾਈ 2019 @ਚ ਆਮ ਆਦਮੀ ਪਾਰਟੀ ਨੂੰ ਛੱਡ ਕਾਂਗਰਸ @ਚ ਸ਼ਾਮਿਲ ਹੋਏ ਸਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੰਗਰੂਰ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਕੁਝ ਇਤਰਾਜ਼ਯੋਗ ਗੱਲਾਂ ਕਹਿ ਦਿੱਤੀਆਂ ਸਨ, ਜਿਸ ਨੂੰ ਲੈ ਕੇ ਵਿਧਾਇਕ ਅਦਾਲਤ ਵਿਚ ਚਲੇ ਗਏ ਸਨ।

# ਇਰਾਨ ਮੰਦਹਾਲੀ ਕਾਰਨ ਜਲਦੀ ਖੋਲ੍ਹਣਾ ਚਾਹੁੰਦਾ ਹੈ ਹੋਰਮੁਜ਼ ਜਲਮਾਰਗ: : ਟਰੰਪ

**ਵਾਸ਼ਿੰਗਟਨ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਦਾਅਵਾ ਕਰਦਿਆਂ ਕਿਹਾ ਹੈ ਕਿ ਇਰਾਨ ਇਸ ਸਮੇਂ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਦੀ ਕਗਾਰ @ਤੇ ਪਹੁੰਚ ਚੁੱਕਾ ਹੈ। ਟਰੰਪ ਨੇ ਸੋਸ਼ਲ ਮੀਡੀਆ @ਤੇ ਇੱਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਇਰਾਨ ਨੇ ਖ਼ੁਦ ਅਮਰੀਕਾ ਨੂੰ ਸੂਚਿਤ ਕੀਤਾ ਹੈ ਕਿ ਉਹ ਬਹੁਤ ਹੀ ਮਾੜੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਹੁਣ ਉਹ ਚਾਹੁੰਦਾ ਹੈ ਕਿ ਹੋਰਮੁਜ਼ ਜਲਮਾਰਗ ਨੂੰ ਜਿੰਨੀ



ਜਲਦੀ ਹੋ ਸਕੇ ਦੁਬਾਰਾ ਖੋਲ੍ਹ ਦਿੱਤਾ ਜਾਵੇ। ਟਰੰਪ ਅਨੁਸਾਰ ਇਰਾਨ ਇਸ ਵਕਤ ਆਪਣੇ ਦੇਸ਼ ਅੰਦਰ ਚੱਲ ਰਹੇ ਲੀਡਰਸ਼ਿਪ ਦੇ ਸੰਕਟ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟਿਆ ਹੋਇਆ ਹੈ।ਰਾਸ਼ਟਰਪਤੀ ਟਰੰਪ ਨੇ ਅੱਗੇ ਲਿਖਿਆ ਕਿ ਉਹਨਾਂ ਨੂੰ ਪੂਰਾ ਭਰੋਸਾ ਹੈ ਕਿ ਇਰਾਨ ਇਸ ਔਖੀ ਘੜੀ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਜਾਵੇਗਾ। ਉਹਨਾਂ ਮੁਤਾਬਕ ਇਰਾਨ ਦੀ ਮੁੱਖ ਕੋਸ਼ਿਸ਼ ਇਹ ਹੈ ਕਿ ਹੋਰਮੁਜ਼ ਜਲਮਾਰਗ ਰਾਹੀਂ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਮੁੜ ਤੋਂ ਆਮ ਵਾਂਗ ਕੀਤਾ ਜਾਵੇ ਤਾਂ ਜੋ ਆਰਥਿਕ ਗਤੀਵਿਧੀਆਂ ਸ਼ੁਰੂ ਹੋ ਸਕਣ।

# ਰਾਜਪੁਰਾ ਰੇਲਵੇ ਟਰੈਕ ’ਤੇ ਬੰਬ ਧਮਾਕਾ

**ਪਟਿਆਲਾ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਪਟਿਆਲਾ ਦੇ , ਜਿਸ ਨੇ rajeshmanigkp@gmail.com rajeshmanigkp@gmail.com ਇੱਕ ਵਿਅਕਤੀ ਦੇ ਸਰੀਰ ਨੂੰ ਟੁਕੜਿਆਂ ਵਿੱਚ ਵੰਡ ਦਿੱਤਾ, ਅਤੇ ਗੁਰਦਾਸਪੁਰ ਦੇ ਗੀਤਾ ਭਵਨ ਬਾਜ਼ਾਰ ਵਿੱਚ ਹੈਂਡ ਗ੍ਰਨੇਡ ਸੁੱਟਿਆ ਗਿਆ, ਦੋਵੇਂ ਅੱਤਵਾਦੀ ਘਟਨਾਵਾਂ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਪ੍ਰਮਾਣ ਹਨ।

ਖਾਲਿਸਤਾਨੀ ਅੱਤਵਾਦੀ ਪੰਜਾਬ ਵਿੱਚ ਲਗਾਤਾਰ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ, ਜਿਸ ਨਾਲ ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ, ਜਿਸ ਨਾਲ ਸਰਹੱਦੀ ਖੇਤਰਾਂ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਹੋਰ ਵੀ ਵਿਗੜ ਰਹੀ ਹੈ। ਪੰਜਾਬ ਪੁਲਿਸ ਦੀਆਂ ਖੁਫੀਆ



ਏਜੰਸੀਆਂ ਵੀ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਇੱਕ ਪ੍ਰਭਾਵਸ਼ਾਲੀ ਕਾਰਜ ਯੋਜਨਾ ਬਣਾਉਣ ਵਿੱਚ ਅਸਫਲ ਰਹੀਆਂ ਹਨ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਨੇ ਕੱਲ੍ਹ ਖਾਲਿਸਤਾਨੀ ਅੱਤਵਾਦੀਆਂ ਵਲੋਂ ਕੀਤੀਆਂ ਗਈਆਂ ਇਨ੍ਹਾਂ ਦੋਵਾਂ ਘਟਨਾਵਾਂ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਜਿੱਥੇ ਸਰਹੱਦੀ ਸੂਬਾ ਪੰਜਾਬ ਰਾਜਨੀਤਿਕ ਤੌਰ @ਤੇ ਅਸਥਿਰ ਹੁੰਦਾ ਜਾ ਰਿਹਾ ਹੈ, ਉੱਥੇ ਹੀ ਪੰਜਾਬ ਪੁਲਿਸ ਦੀ ਸਿਖਰਲੀ ਲੀਡਰਸ਼ਿਪ ਵਿੱਚ ਮਹੱਤਵਪੂਰਨ ਤਬਦੀਲੀਆਂ ਦੀ ਘਾਟ ਕਾਰਨ ਪੰਜਾਬ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਸਦਕਾ ਪੰਜਾਬ ਵਿੱਚ ਖਾਲਿਸਤਾਨੀ ਅੱਤਵਾਦੀਆਂ ਅਤੇ ਸਮਾਜ ਵਿਰੋਧੀ ਤੱਤਾਂ ਨੂੰ ਹੌਸਲਾ ਦੇ ਰਹੀ ਹੈ, ਜਿੱਥੇ ਗੈਂਗਸਟਰ ਅਤੇ ਖਾਲਿਸਤਾਨੀ ਅੱਤਵਾਦੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਲਗਾਤਾਰ ਕਮਜ਼ੋਰ ਕਰ ਰਹੇ ਹਨ।

ਆਮ ਜਨਤਾ ਅਤੇ ਵਪਾਰਕ ਭਾਈਚਾਰਾ ਪੂਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪੰਜਾਬ ਵਿੱਚ ਲੁੱਟ-ਖੋਹ, ਕਤਲ ਅਤੇ ਬੰਬ ਧਮਾਕਿਆਂ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ।

ਸ਼ਿਵ ਸੈਨਾ ਹਿੰਦੁਸਤਾਨ ਰਾਜਪੁਰਾ ਰੇਲਵੇ ਟਰੈਕ @ਤੇ ਹੋਏ ਬੰਬ ਧਮਾਕੇ ਨੂੰ ਬਹੁਤ ਗੰਭੀਰ ਵਾਰਦਾਤ ਮੰਨਦੀ ਹੈ। ਪਰਮਾਤਮਾ ਦੀ ਕਿਰਪਾ ਨਾਲ, ਜਾਨ-ਮਾਲ ਦਾ ਨੁਕਸਾਨ ਹੋਣ ਤੋਂ ਬਚ ਗਿਆ। ਹਾਲਾਂਕਿ, ਸਖ਼ਤ ਕਾਰਵਾਈ ਕਰਨ ਅਤੇ ਇਨ੍ਹਾਂ ਖਾਲਿਸਤਾਨੀ ਅੱਤਵਾਦੀਆਂ ਅਤੇ ਗੈਂਗਸਟਰਾਂ ਨੂੰ ਪੂਰੀ ਤਾਕਤ ਨਾਲ ਕੁਚਲਣ ਲਈ, ਪੰਜਾਬ ਪੁਲਿਸ ਦੀ ਉੱਚ ਲੀਡਰਸ਼ਿਪ ਵਿੱਚ ਜਲਦੀ ਤੋਂ ਜਲਦੀ ਇੱਕ ਵੱਡੀ ਤਬਦੀਲੀ ਕੀਤੀ ਜਾਣੀ ਚਾਹੀਦੀ ਹੈ ਅਤੇ ਇੱਕ ਠੋਸ ਰਣਨੀਤੀ ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਲੋਕ ਸੁਰੱਖਿਅਤ ਮਾਹੌਲ ਦਾ ਆਨੰਦ ਮਾਣ ਸਕਣ।

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਾਗਵਤ ਸਿੰਘ ਮਾਨ, ਜੋ ਕਿ ਪੰਜਾਬ ਦੇ ਗ੍ਰਹਿ ਮੰਤਰੀ ਵੀ ਹਨ, ਤੋਂ ਜ਼ੋਰਦਾਰ ਮੰਗ ਕਰਦੇ ਹਨ ਕਿ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ, ਉਹ ਤੁਰੰਤ ਪੰਜਾਬ ਪੁਲਿਸ ਦੀ ਉੱਚ ਲੀਡਰਸ਼ਿਪ ਵਿੱਚ ਬਦਲਾਅ ਕਰਨ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਤਰੀਕਿਆਂ ਨੂੰ ਬਦਲਣ ਲਈ ਸਖ਼ਤ ਆਦੇਸ਼ ਜਾਰੀ ਕਰਨ।

ਉਹ ਇਹ ਵੀ ਮੰਗ ਕਰਦੀ ਹੈ ਕਿ ਪੰਜਾਬ ਪੁਲਿਸ ਨੂੰ ਇੱਕ ਯੋਗ ਪੁਲਿਸ ਅਧਿਕਾਰੀ ਦੀ ਅਗਵਾਈ ਹੇਠ ਕਾਨੂੰਨ ਵਿਵਸਥਾ ਬਹਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਵੇ ਜੋ ਆਮ ਜਨਤਾ ਅਤੇ ਜਨ ਪ੍ਰਤੀਨਿਧੀਆਂ ਦੀਆਂ ਭਾਵਨਾਵਾਂ ਨੂੰ ਸਮਝ ਸਕੇ ਅਤੇ ਉਨ੍ਹਾਂ ਦੇ ਸਹਿਯੋਗ ਨਾਲ, ਗੈਂਗਸਟਰਾਂ ਅਤੇ ਅੱਤਵਾਦੀਆਂ ਦਾ ਖਾਤਮਾ ਕਰਨ ਲਈ ਕੰਮ ਕਰੇ। ਤਾਂ ਜੋ ਪੰਜਾਬ ਦੀ ਆਮ ਜਨਤਾ ਸੁਰੱਖਿਅਤ ਮਹਿਸੂਸ ਕਰ ਸਕੇ।

# ਭਾਸ਼ਾ ਵਿਭਾਗ ਪੰਜਾਬ ਦੀ ‘ਪ੍ਰੀਤ ਨਗਰ ਯਾਤਰਾ’ ਰਵਾਨਾ

**ਪਟਿਆਲਾ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਪੰਜਾਬ ਸਰਕਾਰ ਦੀ ਸਰਪ੍ਰਸਤੀ ’ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਉੱਘੇ ਸਰਬਾਂਗੀ ਸਾਹਿਤਕਾਰ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਜਨਮ ਦਿਨ ਮੌਕੇ ਆਯੋਜਤ ਕੀਤੀ ਗਈ ‘ਪ੍ਰੀਤ ਨਗਰ ਯਾਤਰਾ’ ਅੱਜ ਇੱਥੋਂ ਭਾਸ਼ਾ ਭਵਨ ਤੋਂ ਰਵਾਨਾ ਹੋ ਗਈ ਹੈ। ਇਸ ਇੱਕ ਦਿਨ ਯਾਤਰਾ ’ਚ ਵੱਡੀ ਗਿਣਤੀ ’ਚ ਸਾਹਿਤਕਾਰ, ਰੰਗਕਰਮੀ ਤੇ ਸਾਹਿਤ ਰਸੀਏ ਸ਼ਾਮਲ ਹੋਏ ਹਨ। ਇਸ ਯਾਤਰਾ ਲਈ ਇੱਕ ਬੱਸ ਪਟਿਆਲਾ ਤੋਂ ਸਰਹੰਦ, ਖੰਨਾ, ਲੁਧਿਆਣਾ ਤੇ ਜਲੰਧਰ ਹੁੰਦੀ ਹੋਈ ਅਤੇ ਦੂਸਰੀ ਬੱਸ ਮਾਨਸਾ ਤੋਂ ਬਠਿੰਡਾ, ਫ਼ਰੀਦਕੋਟ ਹੁੰਦੀ ਹੋਈ ਪ੍ਰੀਤ ਨਗਰ (ਅੰਮ੍ਰਿਤਸਰ) ਪਹੁੰਚੇਗੀ। ਦੋਨੋਂ ਬੱਸਾਂ ’ਚ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਤੋਂ ਸਾਹਿਤਕਾਰ ਤੇ ਸਾਹਿਤ ਰਸੀਏ ਸ਼ਾਮਲ ਹੋਣਗੇ।

‘ਪ੍ਰੀਤ ਨਗਰ ਯਾਤਰਾ’ ਦੀ ਰਵਾਨਗੀ ਸਮੇਂ ਡਾਇਰੈਕਟਰ ਭਾਸ਼ਾਵਾਂ ਨੇ ਦੱਸਿਆ ਕਿ ਇਸ ਯਾਤਰਾ ’ਚ ਸੂਬੇ ਭਰ ’ਚੋਂ ਸੌ ਤੋਂ ਵਧੇਰੇ ਸਾਹਿਤਕਾਰ ਪ੍ਰੀਤ ਨਗਰ ਪਹੁੰਚਣਗੇ ਅਤੇ ਇਨ੍ਹਾਂ ਦਾ ਸਵਾਗਤ ਕਰਨ ਲਈ ਮਾਝੇ ਦੇ ਸਾਹਿਤਕਾਰ ਪਹਿਲਾ ਹੀ ਮੌਜੂਦ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰੀਤ ਨਗਰ ਵਿਖੇ ਸ. ਪ੍ਰੀਤਲੜੀ ਨਾਲ ਜੁੜੀਆਂ ਵੱਖ-ਵੱਖ ਥਾਵਾਂ ਦੇ ਦਰਸ਼ਨ ਕਰਨ ਉਪਰੰਤ ਆਡੀਟੋਰੀਅਮ ਵਿਖੇ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਦੌਰਾਨ ਜੌਹਲ, ਜਸਵੀਰ ਝੱਜ, ਗੁਰਿੰਦਰ ਗੈਰੀ, ਕਰਨੈਲ ਸਿੰਘ ਵਜ਼ੀਰਾਬਾਦੀ, ਗੁਰਚਰਨ ਕੌਰ ਕੋਚਰ, ਸੰਤ ਸਿੰਘ ਸੋਹਲ, ਅੰਮ੍ਰਿਤਪਾਲ ਕੌਰ, ਰਾਜਪਾਲ ਕੌਰ, ਬਲਵਿੰਦਰ ਭੱਟੀ, ਰਿਪਨਜੋਤ ਬੱਗਾ ਸੋਨੀ, ਭੁਪਿੰਦਰਪ੍ਰੀਤ ਸਿੰਘ, ਸਰਬਜੀਤ ਗਿੱਲ, ਸੁਨੀਤਾ ਸਨੂ ਆਦਿ ਸ਼ਾਮਲ ਹਨ।

# ਸੁਪਰੀਮ ਕੋਰਟ ਨ਼ਫਰਤੀ ਭਾਸ਼ਣਾਂ ’ਤੇ 29 ਅਪਰੈਲ ਨੂੰ ਸੁਣਾਏਗੀ ਫੈਸਲਾ

**ਨਵੀਂ ਦਿੱਲੀ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਸੁਪਰੀਮ ਕੋਰਟ ਨਫ਼ਰਤੀ ਭਾਸ਼ਣਾਂ ਨਾਲ ਸਬੰਧਤ ਕਈ ਪਟੀਸ਼ਨਾਂ ’ਤੇ ਬੁੱਧਵਾਰ 29 ਅਪਰੈਲ ਨੂੰ ਆਪਣਾ ਅਹਿਮ ਫੈਸਲਾ ਸੁਣਾਏਗੀ। ਅਦਾਲਤ ਦੀ 29 ਅਪਰੈਲ ਦੀ ਕਾਰਜ ਸੂਚੀ ਅਨੁਸਾਰ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦਾ ਬੈਂਚ ਇਹ ਫੈਸਲਾ ਸੁਣਾਏਗਾ। ਇਸ ਤੋਂ ਪਹਿਲਾਂ 20 ਜਨਵਰੀ ਨੂੰ ਅਦਾਲਤ ਨੇ ਸੰਕੇਤ ਦਿੱਤੇ ਸਨ ਕਿ ਉਹ 2021 ਤੋਂ ਲੰਬਿਤ ਪਈਆਂ ਉਨ੍ਹਾਂ ਜ਼ਿਆਦਾਤਰ ਪਟੀਸ਼ਨਾਂ ਨੂੰ ਬੰਦ ਕਰ ਦੇਵੇਗੀ,

ਜਿਨ੍ਹਾਂ ਵਿੱਚ ਅਦਾਲਤ ਨੇ ਪੁਲੀਸ ਨੂੰ ਖੁਦ ਹੀ ਐਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਸਨ। ਕੇਂਦਰ ਸਰਕਾਰ, ਦਿੱਲੀ ਪੁਲੀਸ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਇਹ ਦਾਅਵਾ ਕੀਤੇ ਜਾਣ ਤੋਂ ਬਾਅਦ ਕਿ ਉਨ੍ਹਾਂ ਨੇ ਅਦਾਲਤ ਦੇ ਨਿਰਦੇਸ਼ਾਂ ਦੀ ਵੱਡੀ ਪੱਧਰ @ਤੇ ਪਾਲਣਾ ਕੀਤੀ ਹੈ, ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਜੇਕਰ ਪਟੀਸ਼ਨਰ ਚਾਹੁਣ ਤਾਂ ਉਹ ਕਾਨੂੰਨ ਅਨੁਸਾਰ ਹੋਰ ਰਾਹ ਚੁਣ ਸਕਦੇ ਹਨ।ਸੁਪਰੀਮ ਕੋਰਟ ਨੇ ਨਫ਼ਰਤ ਭਰੇ ਭਾਸ਼ਣਾਂ ਨੂੰ ਇੱਕ ਬਹੁਤ ਹੀ ਗੰਭੀਰ ਅਪਰਾਧ ਕਰਾਰ ਦਿੱਤਾ ਹੈ, ਜੋ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ।



ਅਦਾਲਤ ਨੇ 28 ਅਪਰੈਲ 2023 ਦੇ ਆਪਣੇ ਪੁਰਾਣੇ ਹੁਕਮਾਂ ਦਾ ਦਾਇਰਾ ਵਧਾਉਂਦਿਆਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਵਿਰੁੱਧ ਤੁਰੰਤ ਮਾਮਲੇ ਦਰਜ ਕਰਨ, ਚਾਹੇ ਇਸ ਸਬੰਧੀ ਕੋਈ ਰਸਮੀ ਸ਼ਿਕਾਇਤ ਮਿਲੀ ਹੋਵੇ ਜਾਂ ਨਾ। ਅਦਾਲਤ ਨੇ ਸਪੱਸ਼ਟ ਚੇਤਾਵਨੀ ਦਿੱਤੀ ਸੀ ਕਿ ਅਜਿਹੇ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਨੂੰ ਅਦਾਲਤ ਦੀ ਮਾਣਹਾਨੀ ਮੰਨਿਆ ਜਾਵੇਗਾ।ਸੁਪਰੀਮ ਕੋਰਟ ਨੇ 21 ਅਕਤੂਬਰ 2022 ਨੂੰ ਦਿੱਤੇ ਆਪਣੇ ਹੁਕਮ ਵਿੱਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਨਫ਼ਰਤ ਭਰੇ ਭਾਸ਼ਣ ਵਿਰੁੱਧ ਕਾਰਵਾਈ ਕਿਸੇ ਵੀ ਧਰਮ ਦੇ ਵਿਤਕਰੇ ਤੋਂ ਬਿਨਾਂ ਕੀਤੀ ਜਾਵੇਗੀ। ਅਦਾਲਤ ਨੇ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਦਿੱਲੀ ਨੂੰ ਪਹਿਲ ਦੇ ਆਧਾਰ @ਤੇ ਅਪਰਾਧਿਕ ਮਾਮਲੇ ਦਰਜ ਕਰਨ ਲਈ ਕਿਹਾ ਸੀ।

ਅਦਾਲਤ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਇੱਕ ਧਰਮ ਨਿਰਪੱਖ ਰਾਸ਼ਟਰ ਦੀ ਕਲਪਨਾ ਕਰਦਾ ਹੈ, ਇਸ ਲਈ ਪ੍ਰਸ਼ਾਸਨ ਜਾਂ ਪੁਲੀਸ ਵੱਲੋਂ ਇਸ ਗੰਭੀਰ ਮੁੱਦੇ @ਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਹ ਪੂਰਾ ਮਾਮਲਾ ਪਹਿਲਾਂ ਸਿਰਫ਼ ਤਿੰਨ ਰਾਜਾਂ ਤੱਕ ਸੀਮਤ ਸੀ, ਪਰ ਬਾਅਦ ਵਿੱਚ ਇੱਕ ਨਵੀਂ ਅਰਜ਼ੀ ਰਾਹੀਂ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਮੰਗ ਕੀਤੀ ਗਈ ਸੀ।

# ਹਾਈ ਕੋਰਟ ਵੱਲੋਂ ਮੁਹਾਲੀ ਲੈਂਡ-ਯੂਜ਼ ਸਰਵੇ ਵਿੱਚ ਦੇਰੀ ਨੂੰ ਲੈ ਕੇ ਪੰਜਾਬ ਦੇ ਅਧਿਕਾਰੀਆਂ ਨੂੰ ਚਿਤਾਵਨੀ

**ਚੰਡੀਗੜ੍ਹ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਮੁਹਾਲੀ ਜ਼ਿਲ੍ਹੇ ਵਿੱਚ ਡੀ-ਨੋਟੀਫਾਈਡ ਜ਼ਮੀਨ ਦੀ ਅਸਲ ਵਰਤੋਂ ਦਾ ਪਤਾ ਲਗਾਉਣ ਲਈ 12 ਸਾਲਾਂ ਤੋਂ ਸਰਵੇਖਣ ਨਾ ਕੀਤੇ ਜਾਣ @ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕੀਤਾ ਹੈ।

ਅਦਾਲਤ ਨੇ ਰਾਜ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਹੁਕਮਾਂ ਦੀ ਪਾਲਣਾ ਕਰਦਿਆਂ ਹਲਫਨਾਮੇ ਦਾਇਰ ਨਾ ਕੀਤੇ ਗਏ, ਤਾਂ ਉਨ੍ਹਾਂ ਵਿਰੁੱਧ ਜਬਰਦਸਤੀ ਕਾਰਵਾਈ ਕੀਤੀ ਜਾਵੇਗੀ। ਅਦਾਲਤ ਨੇ ਪੰਜਾਬ ਸਰਕਾਰ ਨੂੰ ਇਸ ਸਬੰਧੀ ਜਵਾਬ ਦੇਣ ਲਈ 10 ਦਿਨਾਂ ਦਾ ਆਖਰੀ ਮੌਕਾ ਦਿੱਤਾ ਹੈ।

ਸ਼ੁਰੂਆਤ ਵਿੱਚ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਨੇ ਦੇਖਿਆ ਕਿ ਗਮਾਡਾ (7$141) ਨੇ 7 ਅਪਰੈਲ ਨੂੰ ਪਾਸ ਕੀਤੇ ਗਏ ਹੁਕਮਾਂ ਅਨੁਸਾਰ ਪਹਿਲਾਂ ਹੀ ਆਪਣਾ ਹਲਫ਼ਨਾਮਾ ਦਾਇਰ ਕਰ ਦਿੱਤਾ ਹੈ। ਬੈਂਚ ਨੇ ਕਿਹਾ, ÷ਆਖਰੀ ਮੌਕੇ ਵਜੋਂ ਪੰਜਾਬ ਦੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਸਲਿਲ ਸਭਲੋਕ ਦੀ ਬੇਨਤੀ @ਤੇ, 7 ਅਪਰੈਲ ਦੇ ਹੁਕਮਾਂ ਦੀ ਪਾਲਣਾ ਕਰਨ ਲਈ 10 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ।÷




ਮਾਮਲੇ ਨੂੰ ਖਤਮ ਕਰਨ ਤੋਂ ਪਹਿਲਾਂ ਬੈਂਚ ਨੇ ਸਪੱਸ਼ਟ ਕੀਤਾ ਕਿ ਜੇ ਹੁਕਮਾਂ ਅਨੁਸਾਰ ਨਵੇਂ ਹਲਫਨਾਮੇ ਦਾਇਰ ਨਹੀਂ ਕੀਤੇ ਜਾਂਦੇ ਹਨ ਤਾਂ ਸਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 18 ਮਈ ਨੂੰ ਹੋਵੇਗੀ।

ਇਹ ਘਟਨਾਕ੍ਰਮ ਹਾਈ ਕੋਰਟ ਵੱਲੋਂ ਸਿਸਵਾਂ ਪਿੰਡ ਸਮੇਤ ਪੂਰੇ ਮੁਹਾਲੀ ਜ਼ਿਲ੍ਹੇ ਵਿੱਚ ਹੋਈਆਂ ਨਾਜਾਇਜ਼ ਉਸਾਰੀਆਂ ਬਾਰੇ ÷ਮੁਕੰਮਲ ਤਸਵੀਰ÷ ਪੇਸ਼ ਕਰਨ ਵਿੱਚ ਅਸਫ਼ਲ ਰਹਿਣ ਲਈ ਗਮਾਡਾ ਨੂੰ ਫਟਕਾਰ ਲਗਾਉਣ ਤੋਂ ਲਗਪਗ ਦੋ ਮਹੀਨੇ ਬਾਅਦ ਸਾਹਮਣੇ ਆਇਆ ਹੈ।

ਸੁਣਵਾਈ ਦੀ ਪਿਛਲੀ ਤਰੀਕ @ਤੇ ਬੈਂਚ ਨੂੰ ਦੱਸਿਆ ਗਿਆ ਸੀ ਕਿ ਨਿਸ਼ਾਨਦੇਹੀ ਦੀ ਕਾਰਵਾਈ ਨਹੀਂ ਕੀਤੀ ਗਈ ਹੈ। ਇਹ ਕਾਰਵਾਈ ਸੁਪਰੀਮ ਕੋਰਟ ਵੱਲੋਂ ਇੱਕ ਸਿਵਲ ਅਪੀਲ ਵਿੱਚ 21 ਮਈ, 2014 ਨੂੰ ਪਾਸ ਕੀਤੇ ਹੁਕਮਾਂ ਅਤੇ ਇੱਕ ਕੋਆਰਡੀਨੇਟ ਬੈਂਚ ਵੱਲੋਂ 28 ਮਈ, 2014 ਨੂੰ ਪਾਸ ਕੀਤੇ ਗਏ ਇੱਕ ਹੋਰ ਹੁਕਮ ਦੇ ਅਨੁਸਾਰ ਮੁਹਾਲੀ ਜ਼ਿਲ੍ਹੇ ਵਿੱਚ ਸਥਿਤ ਸਾਰੇ ਪਿੰਡਾਂ ਦੀ ਜ਼ਮੀਨ ਦੀ ਸਹੀ ਵਰਤੋਂ ਜਾਣਨ ਲਈ ਕੀਤੀ ਜਾਣੀ ਸੀ।

ਇਨ੍ਹਾਂ ਦਲੀਲਾਂ ਦਾ ਨੋਟਿਸ ਲੈਂਦਿਆਂ ਬੈਂਚ ਨੇ ਨਿਰਦੇਸ਼ ਦਿੱਤੇ ਸਨ: ÷ਪੰਜਾਬ ਰਾਜ ਦੇ ਵਕੀਲ ਅਤੇ ਪ੍ਰਤੀਵਾਦੀ/ਗਮਾਡਾ ਦੇ ਵਕੀਲ ਨੂੰ ਨਵੇਂ ਹਲਫ਼ਨਾਮੇ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਡੀ-ਨੋਟੀਫਾਈਡ ਜ਼ਮੀਨਾਂ ਦੀ ਅਸਲ ਵਰਤੋਂ ਦਾ ਪਤਾ ਲਗਾਉਣ ਲਈ ਲੋੜੀਂਦਾ ਸਰਵੇਖਣ ਪਿਛਲੇ 12 ਲੰਬੇ ਸਾਲਾਂ ਵਿੱਚ ਕਿਉਂ ਨਹੀਂ ਕੀਤਾ ਜਾ ਸਕਿਆ ?÷

ਸੁਣਵਾਈ ਦੌਰਾਨ ਬੈਂਚ ਨੂੰ ਇਹ ਵੀ ਦੱਸਿਆ ਗਿਆ ਕਿ ਪਿਛਲੇ ਸਾਢੇ ਛੇ ਮਹੀਨਿਆਂ ਵਿੱਚ 35 ਡੇਮੋਲੀਸ਼ਨ ਮੁਹਿੰਮਾਂ ਚਲਾਈਆਂ ਗਈਆਂ, ਜਿਸ ਨਾਲ ਮੁਹਾਲੀ ਦੇ ਵੱਖ-ਵੱਖ ਇਲਾਕਿਆਂ ਵਿੱਚ ਕਰੀਬ 450 ਨਾਜਾਇਜ਼ ਉਸਾਰੀਆਂ ਨੂੰ ਢਾਹ ਦਿੱਤਾ ਗਿਆ। ਕੁੱਲ ਮਿਲਾ ਕੇ 193 ਉਲੰਘਣਾ ਕਰਨ ਵਾਲਿਆਂ ਦੀ ਪਛਾਣ ਕੀਤੀ ਗਈ ਅਤੇ 59 ਉਲੰਘਣਾ ਕਰਨ ਵਾਲਿਆਂ ਵਿਰੁੱਧ 17 ਐੱਫ ਆਈ ਆਰ ਦਰਜ ਕੀਤੀਆਂ ਗਈਆਂ।

ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਆਪਣੇ ਹਲਫਨਾਮੇ ਵਿੱਚ ਕਿਹਾ ਸੀ ਕਿ ਨਿਊ ਚੰਡੀਗੜ੍ਹ ਮਾਸਟਰ ਪਲਾਨ ਅਧੀਨ ਆਉਂਦੇ ਖੇਤਰ ਵਿੱਚ 25 ਉਸਾਰੀਆਂ ਲਈ ਡੇਮੋਲੀਸ਼ਨ ਨੋਟਿਸ ਵੀ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਗਮਾਡਾ ਅਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਆਪਣੇ-ਆਪਣੇ ਅਧਿਕਾਰ ਖੇਤਰਾਂ ਵਿੱਚ ਬਣਦੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

# ਪਟਿਆਲਾ ਵਿੱਚ ਗੰਨਾ ਕਿਸਾਨਾਂ ਨੂੰ ਯੂਰੀਆ ਦੀ ਸਹੀ ਵਰਤੋਂ ਲਈ ਜਾਗਰੂਕ ਕੀਤਾ ਗਿਆ




**ਪਟਿਆਲਾ, 29 ਅਪ੍ਰੈਲ**
**-ਪ੍ਰੈਸ ਕੀ ਤਾਕਤ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੇ ਸਹਾਇਕ ਗੰਨਾ ਵਿਕਾਸ ਅਫਸਰ, ਪਟਿਆਲਾ ਅਤੇ ਨਾਹਰ ਖੰਡ ਮਿੱਲ, ਅਮਲੋਹ ਦੇ ਫੀਲਡ ਸਟਾਫ ਵੱਲੋਂ 24 ਅਪ੍ਰੈਲ ਨੂੰ ਨਾਹਰ ਖੰਡ ਮਿੱਲ, ਅਮਲੋਹ ਦੇ ਗੇਟ ਏਰੀਏ ਦੇ ਪਿੰਡਾਂ ਵਿੱਚ ਸੰਤੁਲਿਤ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਇਸ ਮੁਹਿੰਮ ਦੀ ਸ਼ੁਰੂਆਤ ਅਰਸ਼ਦੀਪ ਸਿੰਘ ਥਿੰਦ, ਪ੍ਰਬੰਧਕੀ ਸਕੱਤਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਤੇ ਡਾ. ਅਮਰੀਕ ਸਿੰਘ, ਕੇਨ ਕਮਿਸ਼ਨਰ, ਪੰਜਾਬ, ਐਸ.ਏ.ਐਸ. ਨਗਰ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ।

ਇਸ ਮੁਹਿੰਮ ਤਹਿਤ 28 ਪਿੰਡਾਂ ਵਿੱਚ ਕਿਸਾਨ ਸਿਖਲਾਈ ਕੈਂਪ ਅਤੇ ਨੁੱਕੜ ਮੀਟਿੰਗਾਂ ਕਰਵਾਈਆਂ ਗਈਆਂ, ਜਿੱਥੇ ਗੰਨਾ ਕਾਸ਼ਤਕਾਰਾਂ ਨੂੰ ਖਾਸ ਕਰਕੇ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ ਕਰਨ ਲਈ ਜਾਗਰੂਕ ਕੀਤਾ ਗਿਆ।ਡਾ. ਗੌਰਵ ਅਰੋੜਾ, ਸਹਾਇਕ ਗੰਨਾ ਵਿਕਾਸ ਅਫਸਰ, ਪਟਿਆਲਾ ਵੱਲੋਂ ਦੱਸਿਆ ਗਿਆ ਕਿ ਗੰਨੇ ਦੀ ਫ਼ਸਲ ਲੰਮੇ ਸਮੇਂ ਦੀ ਹੋਣ ਕਰਕੇ ਇਸਨੂੰ ਹੋਰ ਫ਼ਸਲਾਂ ਨਾਲੋਂ ਵੱਧ ਖੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ, ਪਰੰਤੂ ਵੱਧ ਖਾਦਾਂ ਦੀ ਵਰਤੋਂ ਨਾਲ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਵੱਧ ਯੂਰੀਆ ਦੇ ਇਸਤੇਮਾਲ ਨਾਲ ਫ਼ਸਲ ਡਿੱਗਣ, ਕੀੜਿਆਂ ਦੇ ਹਮਲੇ ਅਤੇ ਖੰਡ ਦੀ ਰਿਕਵਰੀ ‘ਤੇ ਨਕਾਰਾਤਮਕ ਅਸਰ ਪੈਂਦਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਕਈ ਵਾਰ ਸਤੰਬਰ ਮਹੀਨੇ ਵਿੱਚ ਵੀ ਯੂਰੀਆ ਪਾਇਆ ਜਾਂਦਾ ਹੈ, ਜੋ ਕਿ ਗਲਤ ਪ੍ਰਥਾ ਹੈ, ਕਿਉਂਕਿ ਇਸ ਨਾਲ ਨਵੀਂ ਫੁੱਟ ਨਿਕਲਦੀ ਹੈ ਜੋ ਗੰਨਿਆਂ ਵਿੱਚ ਤਬਦੀਲ ਨਹੀਂ ਹੁੰਦੀ ਅਤੇ ਪਹਿਲਾਂ ਬਣੇ ਗੰਨਿਆਂ ਦਾ ਭਾਰ ਘਟਾਉਂਦੀ ਹੈ।ਮਾਹਿਰਾਂ ਵੱਲੋਂ ਸਿਫਾਰਸ਼ ਕੀਤੀ ਗਈ ਕਿ ਪਤਝੜ ਰੁੱਤ ਦੀ ਫ਼ਸਲ ਲਈ 195 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ ਵਿੱਚ ਪਾਈ ਜਾਵੇ—ਪਹਿਲੀ ਬਿਜਾਈ ਸਮੇਂ, ਦੂਜੀ ਮਾਰਚ ਦੇ ਅਖੀਰ ਵਿੱਚ ਅਤੇ ਤੀਜੀ ਅਪ੍ਰੈਲ ਦੇ ਅੰਤ ਵਿੱਚ। ਬਹਾਰ ਰੁੱਤ ਦੀ ਫ਼ਸਲ ਲਈ ਵੀ ਯੂਰੀਆ ਦੀ ਮਾਤਰਾ ਅਤੇ ਸਮਾਂ ਨਿਰਧਾਰਤ ਕੀਤਾ ਗਿਆ ਹੈ।

ਡਾ. ਪਰਮਜੀਤ ਕੌਰ, ਖੇਤੀਬਾੜੀ ਵਿਕਾਸ ਅਫਸਰ (ਗੰਨਾ), ਪਟਿਆਲਾ ਵੱਲੋਂ ਦੱਸਿਆ ਗਿਆ ਕਿ ਮਿੱਟੀ ਪਰਖ ਦੇ ਆਧਾਰ ‘ਤੇ ਹੀ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਫਾਸਫੋਰਸ ਦੀ ਘਾਟ ਹੋਵੇ ਤਾਂ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

# ਤੂੰ ਮੇਰੀ ਖ਼ੁਸ਼ਬੋ ਮਾਹੀਆ

ਸੁਖਦੇਵ ਮਾਦਪੁਰੀ

'ਮਾਹੀਆ' ਲੋਕ ਪ੍ਰਤਿਭਾ ਦੇ ਮੁੱਢ ਕਦੀਮੀਂ ਸਰੋਦੀ ਸੋਮਿਆਂ ਵਿੱਚੋਂ ਵਿਕਸਤ ਹੋਇਆ ਛੋਟੀ ਸਿਨਫ਼ ਦਾ ਲੋਕ ਕਾਵਿ-ਰੂਪ ਹੈ ਜਿਸ ਨੇ ਮਨੁੱਖੀ ਪਿਆਰ, ਰਿਸ਼ਤਿਆਂ ਦੀ ਸਦੀਵੀ ਮੁਹੱਬਤ ਅਤੇ ਅਣਪੱਤ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਅਸਲ ਵਿਚ 'ਮਾਹੀਆ' ਪਿਆਰ ਦਾ ਗੀਤ ਹੈ ਜਿਸ ਨੂੰ ਬਹੁਤ ਹੀ ਸਰਲ ਅਤੇ ਸਾਦਾ ਭਾਸ਼ਾ ਵਿਚ ਸ਼ਿੰਗਾਰ ਰਸ ਅਤੇ ਕਰੁਣਾ ਰਸ ਦੀ ਚਾਸ਼ਨੀ ਵਿਚ ਗਲੇਫ਼ ਕੇ ਲੋਕ ਪ੍ਰਤਿਭਾ ਨੇ ਸਿਰਜਿਆ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ ਬੋਲੀਆਂ ਵਿਚ ਰਚਿਆ ਹੋਇਆ ਮਿਲਦਾ ਹੈ। ਮੁਲਤਾਨ, ਸਿਆਲਕੋਟ, ਪੋਠੋਹਾਰ ਅਤੇ ਜੰਮੂ ਦੇ ਪਹਾੜੀ ਖੇਤਰਾਂ ਵਿਚ ਇਹ ਪੁਰਾਤਨ ਕਾਲ ਤੋਂ ਹੀ ਲੋਕਪ੍ਰਿਆ ਰਿਹਾ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਇਸ ਦਾ ਰੂਪ ਵਿਧਾਨ ਤੇ ਗਾਉਣ ਦੀ ਪ੍ਰਥਾ ਇਕਸਾਰ ਹੈ।

### ਬਾਲੋ ਮਾਹੀਏ

ਪੰਜਾਬ ਵਿਚ ਵਿਸ਼ੇਸ਼ ਕਰਕੇ ਪੋਠੋਹਾਰ ਵਿਚ ਮਾਹੀਏ ਦਾ ਇਕ ਹੋਰ ਰੂਪ ਵੀ ਪ੍ਰਚੱਲਤ ਹੈ, ਜਿਸ ਨੂੰ 'ਬਾਲੋ ਮਾਹੀਏ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਰੂਪ ਕਿਸੇ ਸਮੇਂ ਬੜਾ ਪ੍ਰਚੱਲਤ ਹੋਇਆ ਸੀ। ਬਾਲੋ ਗੁੱਜਰਾਂਵਾਲੇ ਦੀ ਰਹਿਣ ਵਾਲੀ ਇਕ ਸੁੰਦਰ ਮੁਟਿਆਰ ਸੀ ਜਿਸ ਦਾ ਪਿਆਰ ਮੁਹੰਮਦ ਅਲੀ ਨਾਂ ਦੇ ਗੱਭਰੂ ਨਾਲ ਸੀ, ਜਿਸ ਨੂੰ ਉਹ ਪਿਆਰ ਨਾਲ 'ਮਾਹੀਆ' ਸੱਦਿਆ ਕਰਦੀ ਸੀ। ਦੋਹਾਂ ਦਾ ਆਪੋ ਵਿਚ ਅਮੁੱਕ ਪਿਆਰ ਸੀ ਤੇ ਰੱਬ ਨੇ ਇਨ੍ਹਾਂ ਦੋਹਾਂ ਨੂੰ ਹੁਸਨ ਦੇ ਨਾਲ ਆਵਾਜ਼ ਵੀ ਸੁਰੀਲੀ ਬਖ਼ਸ਼ੀ ਸੀ। ਇਨ੍ਹਾਂ ਦੋਹਾਂ ਨੇ ਮਾਹੀਏ ਦੀਆਂ ਨਵੀਆਂ ਧੁਨਾਂ ਪ੍ਰਚੱਲਤ ਕੀਤੀਆਂ, ਜੋ ਸਵਾਲਾਂ-ਜਵਾਬਾਂ ਵਿਚ ਹਨ। ਇਕ ਟੱਪੇ ਵਿਚ ਬਾਲੋ ਦਾ ਨਾਂ ਆਉਂਦਾ ਹੈ ਤੇ ਦੂਜੇ ਵਿਚ ਮਾਹੀਆ ਸ਼ਬਦ ਆਉਂਦਾ ਹੈ। ਇਸ ਵਿਚ ਹੁਸਨ ਇਸ਼ਕ ਦੀ ਚਰਚਾ ਹੁੰਦੀ ਹੈ ਜਿਵੇਂ :

ਹੱਟੀਆਂ 'ਤੇ ਫੀਤਾ ਈ
ਸੱਚ ਦੱਸ ਨੀ ਬਾਲੋ
ਕਦੇ ਯਾਦ ਵੀ ਕੀਤਾ ਈ...
ਮੈਂ ਖੜ੍ਹੀ ਆਂ ਵਿਚ ਬੇਲੇ
ਕਸਮ ਖ਼ੁਦਾ ਦੀ ਮਾਹੀਆ
ਯਾਦ ਕਰਨੀ ਆਂ ਹਰ ਵੇਲੇ...

ਇਹ ਸਵਾਲਾਂ-ਜਵਾਬਾਂ ਵਾਲਾ ਮਾਹੀਆਂ ਅੱਜ ਵੀ 'ਬਾਲੋ-ਮਾਹੀਆ' ਦੇ ਨਾਂ ਨਾਲ ਪ੍ਰਸਿੱਧ ਹੈ। ਅਸਲ ਵਿਚ 'ਮਾਹੀਆ' ਜਜ਼ਬਿਆਂ ਭਰਪੂਰ ਕਾਵਿ-ਰੂਪ ਹੈ ਜਿਸ ਵਿਚ ਮੁੱਖ ਤੌਰ 'ਤੇ ਰੁਮਾਂਚਿਕ ਵਿਸ਼ਿਆਂ ਨੂੰ ਹੀ ਰੂਪਮਾਨ ਕੀਤਾ ਗਿਆ ਹੈ। ਇਸ ਵਿਚ ਮੁਹੱਬਤ ਦੀਆਂ ਕੂਲ੍ਹਾਂ ਵਹਿ ਰਹੀਆਂ ਹਨ। ਇਨ੍ਹਾਂ ਗੀਤਾਂ ਵਿਚ ਪੰਜਾਬ ਦੀ ਮੁਟਿਆਰ ਆਪਣੇ ਮਾਹੀਏ ਦੇ ਹੁਸਨ ਦੇ ਵਾਰੇ ਜਾਂਦੀ ਹੋਈ ਉਸ ਲਈ ਆਪਣੀ ਬੇਪਨਾਹ ਮੁਹੱਬਤ ਦਾ ਇਜ਼ਹਾਰ ਹੀ ਨਹੀਂ ਕਰਦੀ ਬਲਕਿ



> ਸੈਂਕੜੇ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ 'ਚ ਵਰਤੀਆਂ ਤਸ਼ਬੀਹਾਂ ਆਲੇ-ਦੁਆਲੇ ਵਿੱਚੋਂ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ...

#### ਮਾਹੀ ਦੇ ਸ਼ਾਬਦਿਕ ਅਰਥ

*ਮਾਹੀ ਦੇ ਸ਼ਾਬਦਕ ਅਰਥ ਮੱਝਾਂ ਚਰਾਉਣ ਵਾਲਾ ਹਨ। ਰਾਂਝਾ ਬਾਰਾਂ ਵਰ੍ਹੇ ਹੀਰ ਲਈ ਮੱਝਾਂ ਚਰਾਉਂਦਾ ਰਿਹਾ ਜਿਸ ਕਰਕੇ ਹੀਰ ਉਸ ਨੂੰ ਮਾਹੀ ਆਖ ਕੇ ਬੁਲਾਉਂਦੀ ਸੀ। ਹੀਰ ਰਾਂਝੇ ਦੀ ਪ੍ਰੀਤ ਕਥਾ ਦਾ ਪੰਜਾਬ ਦੇ ਜਨ ਜੀਵਨ 'ਤੇ ਅਮਿੱਟ ਪ੍ਰਭਾਵ ਪਿਆ ਹੈ, ਜਿਸ ਕਰਕੇ ਮਾਹੀ ਸ਼ਬਦ ਦਾ ਪਦਮਾਨ ਮਹਿਬੂਬ ਅਤੇ ਪਤੀ ਲਈ ਪ੍ਰਚੱਲਤ ਹੋ ਗਿਆ। ਪੰਜਾਬ ਦੀ ਮੁਟਿਆਰ ਆਪਣੇ ਮਹਿਬੂਬ ਨੂੰ ਬੜੇ ਚਾਅ ਨਾਲ 'ਮਾਹੀਆ' ਆਖ ਕੇ ਸੱਦਦੀ ਹੈ।*

ਸ਼ਿਕਵਿਆਂ, ਨਿਹੋਰਿਆਂ ਦੇ ਬਾਣਾਂ ਅਤੇ ਵਿਛੋੜੇ ਦੇ ਸੱਲ੍ਹਾਂ ਦਾ ਵਰਣਨ ਵੀ ਬੜੇ ਅਨੂਠੇ ਅਤੇ ਦਰਦੀਲੇ ਬੋਲਾਂ ਵਿਚ ਕਰਦੀ ਹੈ :

ਕੋਠੇ 'ਤੇ ਖਲੋ ਮਾਹੀਆ
ਤੂੰ ਫੁੱਲ ਤੋਰੀਏ ਦਾ
ਮੈਂ ਤੇਰੀ ਖ਼ੁਸ਼ਬੋ ਮਾਹੀਆ...

ਪਿਆਰ ਤਾਂ ਇਕ ਰੱਬੀ ਦਾਤ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ :

ਪੱਤੇ ਪਿੱਪਲਾਂ ਦੇ ਹਿਲਦੇ ਨੇ
ਰੱਬ ਜਦੋਂ ਮਿਹਰ ਕਰੇ
ਓਦੋਂ ਦੋ ਦਿਲ ਮਿਲਦੇ ਨੇ...

ਮਾਹੀ ਵੀ ਹੁਣ ਉਸ ਲਈ ਸਭੋ ਕੁਝ ਏ। ਉਸ ਦੇ ਤੁਲ ਦੁਨੀਆਂ 'ਚ ਕੋਈ ਹੋਰ ਸ਼ੈਅ ਨਹੀਂ :

ਰਿਹਾ ਚਮਕ ਸਤਾਰਾ ਈ
ਓਡਾ ਮੈਨੂੰ ਹੋਰ ਕੋਈ ਨਾ
ਜਿੱਡਾ ਮਾਹੀ ਪਿਆਰਾ ਈ...
-ਫੁੱਲ ਵੇ ਗੁਲਾਬ ਦਿਆ
ਤੈਨੂੰ ਸੀਨੇ ਨਾਲ ਲਾਵਾਂ
ਮੇਰੇ ਮਾਹੀਏ ਦੇ ਬਾਗ਼ ਦਿਆ...
-ਛਤਰੀ ਦੀ ਛਾਂ ਕਰ ਲੈ
ਇੱਥੇ ਮਾਹੀ ਆਪ ਵਸੇਂ
ਉੱਥੇ ਸਾਡੀ ਵੀ ਥਾਂ ਕਰ ਲੈ...

ਉਹ ਤਾਂ ਆਪਣੇ ਮਾਹੀ ਲਈ ਸੈਆਂ ਜਫਰ ਝੱਲਣ ਲਈ ਤਤਪਰ ਹੈ :

ਫੁੱਲਾਂ ਦੀ ਫਲਾਈ ਮਾਹੀਆ
ਇਕ ਤੇਰੀ ਜਿੰਦ ਬਦਲੇ
ਜਿੰਦ ਕੰਢਿਆਂ 'ਤੇ ਪਾਈ ਮਾਹੀਆ...

ਉਹ ਤਾਂ ਆਪਣੇ ਮਹਿਬੂਬ ਲਈ ਆਪਣੀ ਜਿੰਦੜੀ ਦਾ ਹਰ ਕਿਣਕਾ ਕੁਰਬਾਨ ਕਰਨ ਲਈ ਤਿਆਰ ਹੈ। ਉਸ ਨੂੰ ਤਾਂ ਮਾਹੀਏ ਵਿੱਚੋਂ ਰੱਬ ਦੇ ਦੀਦਾਰ ਹੁੰਦੇ ਹਨ। ਕਿੰਨੀ ਇੰਤਹਾ ਹੈ ਮੁਹੱਬਤ ਦੀ :

ਨਾ ਲਿਖਿਆ ਮਿਟਦਾ ਏ
ਮੈਨੂੰ ਤਾਂ ਰੱਬ ਮਾਹੀਆ
ਬਸ ਤੇਰੇ 'ਚੋਂ ਦਿਸਦਾ ਏ

ਮਾਹੀ ਦੇ ਮਿਲਾਪ ਨਾਲ ਉਹ ਸ਼ਰਸ਼ਾਰ ਹੋ ਜਾਂਦੀ ਹੈ :

ਪਾਣੀ ਨਹਿਰਾਂ ਦਾ ਵਗਦਾ ਏ
ਅੱਜ ਮੇਰਾ ਮਾਹੀ ਮਿਲਿਆ
ਭੁੰਜੇ ਪੈਰ ਨਾ ਲੱਗਦਾ ਏ

ਮੋਹ-ਮੁਹੱਬਤਾਂ ਭਰੀ ਮੁਟਿਆਰ ਨਾਲ ਦੋ ਬੋਲ ਸਾਂਝੇ ਕਰਨ ਲਈ ਮਾਹੀਆ ਵੀ ਆਪਦੀ ਤੜਪ ਦਾ ਪ੍ਰਗਟਾਵਾ ਕਿਉਂ ਨਾ ਕਰੇ :

ਲਾਡਾਂ ਨਾਲ ਪਲੀਏ ਨੀ
ਮਿੱਠੀ-ਮਿੱਠੀ ਗੱਲ ਕਰ ਜਾਅ
ਮਿਸ਼ਰੀ ਦੀਏ ਡਲੀਏ ਨੀ...

ਉਹ ਉਸ ਦੀ ਮੁਹੱਬਤ ਅਤੇ ਹੁਸਨ 'ਤੇ ਵਾਰੇ-ਵਾਰੇ ਜਾਂਦਾ ਹੈ :

ਚੰਦ ਚੜ੍ਹਿਆ ਲੋਈ ਵਾਲਾ
ਤੂੰ ਮੇਰੀ ਬੁਲਬੁਲ ਨੀ
ਮੈਂ ਫੁੱਲ ਖ਼ੁਸ਼ਬੋਈ ਵਾਲਾ...

ਬੇਮੁਹੱਬਤੇ ਸਮਾਜ ਵਿਚ ਇਸ਼ਕ ਪਾਲਣਾ ਕਿਹੜਾ ਸੌਖਾ ਏ :

ਪਾਣੀ ਖਾਰੇ ਨੇ ਸਮੁੰਦਰਾਂ ਦੇ
ਨੀ ਯਾਰੀ ਤੇਰੀ ਦੋ ਦਿਨ ਦੀ
ਮਿਹਣੇ ਖੱਟ ਲਏ ਉਮਰਾਂ ਦੇ...

ਕਦੀ-ਕਦੀ ਜਦੋਂ ਮਾਹੀ ਨੂੰ ਆਪਣੇ ਪਿਆਰ ਦਾ ਵਸਲ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਵੀ ਮਿਹਣਾ ਮਾਰਦਾ ਹੈ :

ਕੰਨੀਂ ਬੁੰਦੇ ਪਾਏ ਹੋਏ ਨੇ
ਸਾਡੇ ਨਾਲੋਂ ਬਟਨ ਚੰਗੇ
ਜਿਹੜੇ ਹਿੱਕ ਨਾਲ ਲਾਏ ਹੋਏ ਨੇ...

ਪੁਰਾਣੇ ਸਮਿਆਂ ਵਿਚ ਗੱਭਰੂਆਂ ਨੂੰ ਰੁਜ਼ਗਾਰ ਲਈ ਦੂਰ-ਦੁਰਾਡੇ ਜਾਣਾ ਪੈਂਦਾ ਹੈ। ਕਈ-ਕਈ ਵਰ੍ਹੇ ਉਹ ਆਪਣੇ ਘਰਾਂ ਨੂੰ ਨਹੀਂ ਸੀ ਪਰਤਦੇ, ਜਿਸ ਕਾਰਨ ਆਪਣੇ ਪਿਆਰਿਆਂ ਦੇ ਪਿਛੋੜੇ ਦੇ ਪਲਾਂ ਨੂੰ ਸਹਿਣਾ ਅਸਹਿ ਹੋ ਜਾਂਦਾ ਸੀ। ਵਿਯੋਗ ਦੇ ਇਨ੍ਹਾਂ ਪਲਾਂ ਨੂੰ ਪੰਜਾਬ ਦੀ ਮੁਟਿਆਰ ਨੇ ਬੜੇ ਦਰਦੀਲੇ ਬੋਲਾਂ ਨਾਲ ਬਿਆਨ ਕੀਤਾ ਹੈ :

ਦੋ ਪੱਤਰ ਅਨਾਰਾਂ ਦੇ
ਮਾਹੀਏ ਦੇ ਹਿਜਰ ਸੜਾਂ
ਹੋ ਗਏ ਢੇਰ ਅੰਗਿਆਰਾਂ ਦੇ...
-ਚੁੰਨੀ ਹੋ ਗਈ ਲੀਰਾਂ ਵੇ
ਆ ਕੇ ਅੱਖੀਂ ਵੇਖ ਚੰਨਾ
ਹੋਇਆ ਹਾਲ ਫ਼ਕੀਰਾਂ ਵੇ...

ਸੈਂਕੜਿਆਂ ਦੀ ਗਿਣਤੀ ਵਿਚ ਇਹ ਗੀਤ ਲੋਕ ਮਾਨਸ ਦੇ ਹਿਰਦਿਆਂ ਵਿਚ ਵਸੇ ਹੋਏ ਹਨ। ਇਨ੍ਹਾਂ ਗੀਤਾਂ ਵਿਚ ਵਰਤੀਆਂ ਤਸ਼ਬੀਹਾਂ ਅਲੇ-ਦੁਆਲੇ ਵਿੱਚੋਂ ਹੀ ਲਈਆਂ ਗਈਆਂ ਹਨ। ਕਿਧਰੇ-ਕਿਧਰੇ ਸੂਖ਼ਮ ਬਿੰਬਾਂ ਨੂੰ ਵੀ ਵਰਤੋਂ ਵਿਚ ਲਿਆਂਦਾ ਗਿਆ ਹੈ। ਮਧੁਰ ਸੁਰ ਵਿਚ ਗਾਏ ਜਾਣ ਵਾਲੇ ਇਨ੍ਹਾਂ ਗੀਤਾਂ ਦੇ ਬੋਲ ਸਰੋਤੇ ਦੇ ਧੁਰ ਅੰਦਰ ਲਹਿ ਜਾਂਦੇ ਹਨ ਤੇ ਉਹ ਇਕ ਅਨੂਠਾ ਤੇ ਅਗੰਮੀ ਸੁਆਦ ਮਾਣਦਾ ਹੋਇਆ ਆਪਣੇ ਆਪ ਵਿਚ ਲੀਨ ਹੋ ਜਾਂਦਾ ਹੈ। •

94630-34472

## ਦੋ ਸਤਰਾਂ ਦਾ ਗੀਤ...



ਮਾਹੀਆ ਗੀਤ-ਰੂਪ ਦਾ ਆਪਣਾ ਰੂਪ ਵਿਧਾਨ ਹੈ। ਕਰਤਾਰ ਸਿੰਘ ਸ਼ਮਸ਼ੇਰ ਅਨੁਸਾਰ ਇਸ ਦੀਆਂ ਤਿੰਨ ਤੁਕਾਂ ਹੁੰਦੀਆਂ ਹਨ ਪਰ ਡਾਕਟਰ ਵਣਜਾਰਾ ਬੇਦੀ ਅਨੁਸਾਰ ਇਹ ਛੋਟੇ ਆਕਾਰ ਦਾ ਦੋ ਸਤਰਾਂ ਦਾ ਗੀਤ ਹੈ। ਪਹਿਲੀ ਸਤਰ ਆਕਾਰ ਵਿਚ ਦੂਜੀ ਸਤਰ ਨਾਲੋਂ ਅੱਧੀ ਹੁੰਦੀ ਹੈ। ਦੂਜੀ ਸਤਰ ਦੇ ਦੋ ਤੁਕਾਂਤ ਹੁੰਦੇ ਹਨ। ਇਨ੍ਹਾਂ ਦੋ ਤੁਕਾਂਤਾਂ ਨੂੰ ਕਈ ਦੋ ਸਤਰਾਂ ਮੰਨ ਕੇ ਮਾਹੀਏ ਦੀਆਂ ਤਿੰਨ ਤੁਕਾਂ ਗਿਣਦੇ ਹਨ। ਕਰਤਾਰ ਸਿੰਘ ਸ਼ਮਸ਼ੇਰ ਦੇ ਸ਼ਬਦਾਂ ਵਿਚ : ਸਾਧਾਰਨ ਤੱਤ ਇਸ ਦੀਆਂ ਤਿੰਨ ਤੁਕਾਂ ਹਨ। ਪਹਿਲੀ ਤੁਕ ਵਿਚ ਕੋਈ ਦ੍ਰਿਸ਼ਟਾਂਤ ਹੁੰਦਾ ਹੈ। ਕਲਾ ਦੇ ਪੱਖ ਤੋਂ ਉੱਤਮ ਪ੍ਰਕਾਰ ਦੇ ਮਾਹੀਆ ਲੋਕ ਗੀਤਾਂ ਵਿਚ ਪਹਿਲੀ ਤੁਕ ਵੀ ਓਨੀ ਹੀ ਅਰਥਪੂਰਨ ਤੇ ਭਾਵਪੂਰਨ ਹੁੰਦੀ ਹੈ ਜਿੰਨੀਆਂ ਕੁ ਬਾਕੀ ਦੀਆਂ ਤੁਕਾਂ। ਕਈਆਂ ਵਿਚ ਇਹ ਤੁਕ ਨਿਰਾਥਕ ਹੀ ਹੁੰਦੀ ਹੈ ਅਤੇ ਅਨੁਪਰਾਸ ਮੇਲਣ ਲਈ ਹੀ ਵਰਤੀ ਜਾਂਦੀ ਹੈ। ਜਜ਼ਬੇ ਦੀ ਤਸਵੀਰ ਹੇਠਲੀਆਂ ਦੋ ਤੁਕਾਂ ਵਿਚ ਖਿੱਚੀ ਹੁੰਦੀ ਹੈ। ਪਹਿਲੀ ਅਤੇ ਤੀਜੀ ਤੁਕ ਦਾ ਅਨੁਪਰਾਸ ਮਿਲਦਾ ਹੈ। ਵਿਚਲੀ ਤੁਕ ਕੁਝ ਛੋਟੀ ਹੁੰਦੀ ਹੈ। ਇਨ੍ਹਾਂ ਦੋ ਤੁਕਾਂ ਵਿਚ ਜਜ਼ਬਿਆਂ ਨੂੰ ਠੋਸ ਚਿੱਤਰਾਂ ਵਿਚ ਸਾਕਾਰ ਕਰਨਾ ਹੁੰਦਾ ਹੈ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਕੁੱਜੇ ਵਿਚ ਦਰਿਆ ਨੂੰ ਬੰਦ ਕਰਨਾ ਇਨ੍ਹਾਂ ਲੋਕ ਕਲਾਕਾਰਾਂ ਦੀ ਪ੍ਰਤਿਭਾ ਹੈ। ਜਜ਼ਬਿਆਂ ਨੂੰ ਸਾਕਾਰ ਕਰਨ ਲਈ ਜਿਹੜੇ ਚਿੱਤਰ ਖਿੱਚੇ ਜਾਂਦੇ ਹਨ, ਉਨ੍ਹਾਂ ਵਿਚਲੀ ਘਟਨਾ ਦੀ ਚੋਣ ਪ੍ਰਤਿਭਾ ਦੀ ਅਸਲ ਕਸੌਟੀ ਹੈ।

**ਮਗ਼ਰੂਰਿਆ ਵਿਅਕਤੀ ਇਸ ਸਚਾਈ ਤੋਂ ਮੂੰਹ ਮੋੜ ਲੈਂਦਾ ਹੈ ਕਿ ਦੁਨੀਆ ਦੇ ਰੰਗਮੰਚ ਦੇ ਸੂਤਰਧਾਰ ਨੇ ਉਸ ਨੂੰ ਆਪਣਾ ਕਿਰਦਾਰ ਨਿਭਾਉਣ ਲਈ ਕੇਵਲ ਗਿਣਤੀ ਦੇ ਚਾਰ ਦਿਹਾੜੇ ਦਿੱਤੇ ਹਨ ...**

# ਆਕੜ ਸੱਤ ਅਸਮਾਨਾਂ ਜਿੱਡੀ...

ਬਜ਼ੁਰਗਾਂ ਨੇ ਫ਼ਰਮਾਇਆ ਕਿ ਖ਼ੁਦ ਨੂੰ ਅਸ਼ਰੂਫੁਲ ਮਖ਼ਲੂਕਾਤ ਕਹਾਉਣ ਵਾਲਾ ਇਨਸਾਨ ਗਰੂਰ ਨੂੰ ਵਿਸਾਰ ਕੇ ਜੇਕਰ ਉਸ ਪਰਵਦਗਾਰ ਦੇ ਭੈਅ ਵਿਚ ਜਿਊਣਾ ਸਿੱਖ ਲਵੇ ਤਾਂ ਨਿਸ਼ਚਿਤ ਤੌਰ 'ਤੇ ਉਸ ਦਾ ਜਿਊਣਾ ਵੀ ਸਫ਼ਲ ਹੈ ਅਤੇ ਮਰਨਾ ਵੀ ਸਫਲ ਹੈ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਕਮਜ਼ਰਫ ਲੋਕ ਆਪਣੀ ਹੈਂਕੜ ਦੀ ਉੱਚੀ ਟੀਸੀ ਉੱਪਰ ਬੈਠ ਕੇ ਇਰਦ-ਗਿਰਦ ਦੇ ਲੋਕਾਂ ਨੂੰ ਆਪਣੇ ਨਾਲੋਂ ਤੁੱਛ, ਕਮਜ਼ੋਰ, ਨੀਵਾਂ ਅਤੇ ਕਮ ਹੈਸੀਅਤ ਵਾਲਾ ਮੰਨਦੇ ਹੋਏ ਖ਼ੁਦ ਨੂੰ ਤਾਕਤਵਰ ਅਤੇ ਸਰੇਸ਼ਟ ਮੰਨਣ ਦੇ ਨਸ਼ੇ ਵਿਚ ਇੰਨੇ ਮਦ ਮਸਤ ਹੋ ਜਾਂਦੇ ਹਾਂ ਕਿ ਨਾ ਕਿਸੇ ਦਾ ਭੈਅ, ਲਿਹਾਜ਼, ਨਾ ਹਮਦਰਦੀ, ਤੇ ਨਾ ਹੀ ਵਕਤ ਦੇ ਬਦਲਣ ਦਾ ਖ਼ਿਆਲ ਸਾਨੂੰ ਰਹਿੰਦਾ ਹੈ। ਆਪਣੀ ਹੀ ਮਗ਼ਰੂਰੀ ਤੇ ਧੁੰਨ ਵਿਚ ਅੱਜ ਦਾ ਮਨੁੱਖ ਵਿਚਾਰਾਤਮਕ ਵੱਖਰਤਾ, ਧਾਰਮਿਕ-ਸੱਭਿਆਚਾਰਕ ਭਿੰਨਤਾਵਾਂ ਅਤੇ ਵਿਰੋਧ ਦਾ ਸਤਿਕਾਰ ਕਰਨ ਅਤੇ ਸ਼ਾਂਤਮਈ ਸਹਿਹੋਂਦ ਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਭੁਲਾ ਕੇ ਸਿਰਫ਼ ਆਪਣੇ ਨੁਕਤੇ ਨਿਗਾਹ ਨੂੰ ਸਹੀ ਠਹਿਰਾਉਣ ਦੀ ਜ਼ਿੱਦ ਪੁਗਾਉਂਦਾ ਹੋਇਆ ਖ਼ੁਦ ਕਹਿਣਾ ਤਾਂ ਬਹੁਤ ਚਾਹੁੰਦਾ ਹੈ ਪਰ ਕਿਸੇ ਦੂਸਰੇ ਨੂੰ ਨਾਂ ਤਾਂ ਬਰਦਾਸ਼ਤ ਕਰਦਾ ਹੈ ਅਤੇ ਨਾ ਕਿਸੇ ਦੂਸਰੇ ਦੀ ਕੁਝ ਸੁਣਨਾ ਚਾਹੁੰਦਾ ਹੈ। ਉਹ ਸਭ ਕੁਝ ਜਾਣਦਿਆਂ ਬੁੱਝਦਿਆਂ ਅਣਜਾਣ ਹੋਣ ਦਾ ਢੌਂਗ ਰਚਾਉਂਦਾ ਹੋਇਆ ਇਕ ਫਰੇਬੀ ਦੀ ਜ਼ਿੰਦਗੀ ਨੂੰ ਜਿਊਣ ਨੂੰ ਜ਼ਿੰਦਗੀ ਸਮਝ ਕੇ ਤਮਾਮ ਉਮਰ ਖ਼ੁਦ ਨੂੰ ਧੋਖਾ ਦਿੰਦਾ ਹੈ। ਯਾਦ ਰੱਖੋ ਕਿ ਅਸੀਂ ਲੋਕ ਸਮੁੱਚੇ ਨਿਜ਼ਾਮ ਦਾ ਇਕ ਅਦਨਾ ਜਿਹਾ ਹਿੱਸਾ ਹੁੰਦੇ ਹਾਂ ਅਤੇ ਜਦੋਂ ਅਸੀਂ ਸਮੁੱਚੇ ਨਿਜ਼ਾਮ ਨੂੰ ਆਪਣੀ ਇੱਛਾ ਅਨੁਸਾਰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੇ ਜੀਵਨ ਵਿਚ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਨ । ਸਾਡਾ ਗ਼ਰੂਰ ਹੀ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਸਾਡਾ ਲਾਲਚ ਅਤੇ ਹਉਮੈ ਸਾਨੂੰ ਆਮ ਤੋਂ ਖ਼ਾਸ ਬਣਨ ਦੇ ਲਈ ਅੰਨ੍ਹਿਆਂ ਕਰ ਦਿੰਦਾ ਹੈ ਅਤੇ ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ ਹੋਏ ਆਪਣੀਆਂ ਅੱਖਾਂ ਉੱਪਰ ਗ਼ਰੂਰ ਦੀ ਪੱਟੀ ਬਣ ਕੇ ਕੁਰਾਹੇ ਪੈ ਜਾਂਦੇ ਹਾਂ। ਕਾਸ਼ ! ਪਰਮਾਤਮਾ ਸਾਨੂੰ ਸਰਲ ਤਰੀਕੇ ਨਾਲ ਜ਼ਿੰਦਗੀ ਨੂੰ ਗੁਜ਼ਾਰਨ ਦਾ ਬਲ, ਬੁੱਧੀ ਤੇ ਪ੍ਰੇਰਣਾ ਦੇਵੇ ਕਿ ਅਸੀਂ ਉਸ ਨਿਰੰਕਾਰ ਦੇ ਭੈਅ ਵਿਚ ਇਕ ਅਜਿਹਾ ਜੀਵਨ ਗੁਜ਼ਾਰ ਪਾਈਏ ਕਿ ਅਸੀਂ ਖ਼ੁਦ ਵੀ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋਈਏ ਅਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਵੀ ਇਨ੍ਹਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰੀਏ। ਹਉਮੈ ਦੇ ਤਿਆਗ ਦੇ ਸੁਝਾ ਵਾਲੇ ਬਾਬਾ ਨਜਮੀ ਦੇ ਇਸ ਸ਼ਿਅਰ ਨਾਲ ਸਮਾਮਤੀ ਕਰਦਾ ਹੈ :

ਆਕੜ ਸੱਤ ਅਸਮਾਨਾਂ ਜਿੱਡੀ
ਪਲੇ ਚਾਰ ਦਿਹਾੜੇ,
ਕਦ ਤਕ ਜੀਣਗੇ ਬਾਬਾ ਨਜਮੀ
ਭੁੱਬਲ ਦੇ ਚੰਗਿਆੜੇ।

• ਡਾ. ਅਰਵਿੰਦਰ ਸਿੰਘ
94630-62603

> ਕਈ ਵਾਰ ਗ਼ਰੂਰ ਸਾਡੇ ਗਲ਼ ਦਾ ਫੰਦਾ ਬਣ ਜਾਂਦਾ ਹੈ। ਹਉਮੈ ਸਾਨੂੰ ਅੰਨ੍ਹਿਆਂ ਕਰ ਦਿੰਦੀ ਹੈ। ਅਸੀਂ ਖ਼ਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਣ ਲੱਗਦੇ ਹਾਂ...



**ਤੁਸੀਂ ਹੁਸ਼ਿਆਰ ਹੋ ਚੰਗੀ ਗੱਲ ਹੈ ਪਰ ਹੋਰਾਂ ਨੂੰ ਮੂਰਖ ਨਾ ਸਮਝੋ। ਕਿਸੇ ਦਾ ਸਰਲ ਸੁਭਾਅ ਉਸ ਦੀ ਕਮਜ਼ੋਰੀ ਨਹੀਂ ਹੁੰਦਾ ਬਲਕਿ ਉਸ ਦੇ ਮਾਤਾ-ਪਿਤਾ ਵੱਲੋਂ ਮਿਲੇ ਸੰਸਕਾਰ ਹੁੰਦੇ ਹਨ...**



# ਅੰਨ੍ਹੀ ਦੌੜ 'ਚ ਗੁਆਚਾ ਮਨੁੱਖ

ਇਨਸਾਨ ਪਰਮਾਤਮਾ ਦੀ ਅਨੋਖੀ ਰਚਨਾ ਹੈ ਜਿਸ ਨੂੰ ਪਰਮਾਤਮਾ ਨੇ ਅਨੇਕਾਂ ਗੁਣਾਂ ਦੇ ਨਾਲ-ਨਾਲ ਇਕ ਖ਼ੂਬਸੂਰਤ ਦਿਮਾਗ਼ ਵੀ ਪ੍ਰਦਾਨ ਕੀਤਾ ਹੈ ਤਾਂ ਕਿ ਇਸ ਦੀ ਬਾਖ਼ੂਬੀ ਵਰਤੋਂ ਕਰ ਕੇ ਆਪਣੇ ਗੁਣਾਂ ਨੂੰ ਲੋਕਾਂ ਦੀ ਭਲਾਈ ਲਈ ਵਰਤ ਕੇ ਖ਼ੁਸ਼ਗਵਾਰ ਜੀਵਨ ਬਤੀਤ ਕਰ ਸਕੇ ਕਿਉਂਕਿ ਜੀਵਨ ਦੀ ਸਾਰਥਿਕਤਾ ਲੋਕ ਭਲਾਈ ਨਾਲ ਹੀ ਸਿੱਧ ਹੁੰਦੀ ਹੈ। ਇਨਸਾਨ ਦੇ ਕਰਮ ਹੀ ਉਸ ਦੀ ਪਛਾਣ ਹੁੰਦੇ ਹਨ ਅਤੇ ਵਿਅਕਤੀ ਦਾ ਆਦਰ ਉਸ ਦੀ ਸੰਪਤੀ ਦੇ ਕਾਰਨ ਨਹੀਂ ਬਲਕਿ ਉਸ ਦੀ ਉਦਾਰਤਾ ਦੇ ਕਾਰਨ ਹੀ ਹੁੰਦਾ ਹੈ। ਵਿਅਕਤੀ ਕਾਰਨ ਨਹੀਂ ਬਲਕਿ ਉਸ ਦੀ ਇਨਸਾਨੀਅਤ ਕਾਰਨ ਹੀ ਇਨਸਾਨ ਦੀ ਕੀਮਤ ਹੁੰਦੀ ਹੈ। ਆਪਣੇ ਲਈ ਜਿਊਣਾ ਸਰਲ ਹੈ, ਦੂਜਿਆਂ ਲਈ ਜਿਊਣਾ ਕਠਿਨ ਹੈ ਪਰ ਦੂਜਿਆਂ ਦਾ ਦੁੱਖ ਦੂਰ ਕਰਨ ਵਿਚ ਹੀ ਅਲੌਕਿਕ ਅਨੰਦ ਆਉਂਦਾ ਹੈ।ਸਿਆਣੇ ਕਹਿੰਦੇ ਹਨ ਕਿ ਸਾਨੂੰ ਇਨਸਾਨੀਅਤ ਨੂੰ ਅਪਣਾਉਣ ਅਤੇ ਗ਼ੈਰ ਮਰਿਆਦਾ ਕੰਮਾਂ ਨੂੰ ਛੱਡਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਇਸ ਨਾਲ ਅਗਿਆਨ, ਗਿਆਨ ਵਿੱਚ ਬਦਲ ਜਾਵੇਗਾ, ਨਿੱਤ ਦਿਨ ਖ਼ੁਸ਼ੀ ਅਤੇ ਉਤਸ਼ਾਹ ਦਾ ਰਲੇਵਾਂ ਹੋਵੇਗਾ ਤੇ ਜੀਵਨ ਯਾਤਰਾ ਅਦਭੁੱਤ ਹੋ ਜਾਵੇਗੀ। ਅਜੋਕਾ ਮਨੁੱਖ ਪਦਾਰਥ ਦੀ ਦੌੜ ਵਿਚ ਆਪਣੇ ਪਿਛੋਕੜ ਨੂੰ ਤਿਆਗ ਰਿਹਾ ਹੈ। ਉਹ ਆਪਣੇ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਨੂੰ ਤਿਆਗ ਕੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਗਿਆ ਹੈ। ਸਰਮਾਏਦਾਰੀ ਦੇ ਸੱਭਿਆਚਾਰ ਨੇ ਇਨਸਾਨ ਵਿੱਚੋਂ ਇਨਸਾਨੀਅਤ ਦਾ ਜਜ਼ਬਾ ਲਗਪਗ ਖ਼ਤਮ ਕਰ ਦਿੱਤਾ ਹੈ। ਉਸ ਨੇ ਆਪਣੇ-ਆਪ ਨੂੰ ਸਮਾਜ, ਪਰਿਵਾਰ ਅਤੇ ਖ਼ੁਦ ਤੋਂ ਤੋੜ ਲਿਆ ਹੈ। ਇਨਸਾਨੀਅਤ ਦੇ ਕਰਮਾਂ ਨੂੰ ਅਣਡਿੱਠ ਕਰ ਕੇ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਆਪਣੀਆਂ ਅੰਦਰਲੀਆਂ ਤੇ ਬਾਹਰਲੀਆਂ ਅੱਖਾਂ ਗੁਆਉਣ ਲੱਗਿਆ ਹੈ ਜਿਸ ਕਾਰਨ ਅਜੋਕੇ ਮਨੁੱਖ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਸਾਨੀਅਤ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਨਾਲ ਸਨੇਹ ਉਪਜਦਾ ਹੈ ਜਿਸ ਕਾਰਨ ਸਹਿਜਤਾ, ਸਹਿਣਸ਼ੀਲਤਾ ਅਤੇ ਤਾਲਮੇਲ ਵਰਗੇ ਗੁਣ ਵਿਕਸਤ ਹੁੰਦੇ ਹਨ ਜਿਸ ਨਾਲ ਜੀਵਨ ਦੀ ਗਤੀ ਉਚਾਈ ਵੱਲ ਜਾਂਦੀ ਹੈ। ਜਿਸ ਇਨਸਾਨ ਦੇ ਹਿਰਦੇ ਵਿਚ ਸੱਚੀ ਇਨਸਾਨੀਅਤ ਹੋਵੇਗੀ ਉਸ ਦੀ ਸੋਚ ਸਦਾ ਇਹੀ ਹੋਵੇਗੀ ਕਿ ਮੈਨੂੰ ਮਿਲਿਆ ਦੁੱਖ ਹੋਰ ਕਿਸੇ ਨੂੰ ਨਾ ਮਿਲੇ ਅਤੇ ਮੈਨੂੰ ਮਿਲਿਆ ਸੁੱਖ ਹਰ ਕਿਸੇ ਨੂੰ ਨਸੀਬ ਹੋਵੇ ਪਰ ਅੱਜ ਦਾ ਇਨਸਾਨ, ਇਨਸਾਨ ਨਹੀਂ ਰਹਿ ਗਿਆ। ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਅਨੁਸਾਰ ਅਸੀਂ ਪੰਛੀ ਵਾਂਗ ਉੱਡਣਾ ਅਤੇ ਮੱਛੀ ਵਾਂਗ ਤੈਰਨਾ ਤਾਂ ਸਿਖ ਲਿਆ ਹੈ ਪਰ ਇਨਸਾਨੀਅਤ ਦੇ ਗੁਣਾਂ ਨਾਲ ਲਿਬਰੇਜ਼ ਹੁੰਦੇ ਹੋਏ ਵੀ ਧਰਤੀ 'ਤੇ ਚੱਲਣਾ ਅਤੇ ਜਿਊਣਾ ਨਹੀਂ ਸਿੱਖਿਆ। ਅੱਜ ਦਾ ਇਨਸਾਨ, ਇਨਸਾਨੀਅਤ ਨੂੰ ਛੱਡ ਕੇ ਸ਼ੈਤਾਨ ਬਣਦਾ ਜਾ ਰਿਹਾ ਹੈ। ਉਹ ਦਿਸਣ ਵਿਚ ਤਾਂ ਭਗਤ ਲੱਗਦਾ ਹੈ ਪਰ ਪਾਪ, ਨਿੰਦਿਆ ਵਰਗੀ ਹਰ ਬੁਰਿਆਈ ਵਿਚ ਗੜੁੱਚ ਹੁੰਦਾ ਜਾ ਰਿਹਾ ਹੈ। ਉਹ ਦੋਗਲਾ ਜੀਵਨ ਬਤੀਤ ਕਰਦਾ ਹੈ, ਘਰ ਵਿਚ ਹੋਰ ਤਰ੍ਹਾਂ ਅਤੇ ਬਾਹਰ ਹੋਰ ਤਰ੍ਹਾਂ। ਇਸ ਲਈ ਉਸ ਦੀ ਅਸਲੀਅਤ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਉਹ ਦੂਸਰਿਆਂ ਦਾ ਸਭ ਕੁਝ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜਿਸ ਕਾਰਨ ਇਨਸਾਫ਼ ਵੀ ਅਜੋਕੇ ਜੀਵਨ ਵਿਚ ਲੁਕ-ਲੁਕ ਕੇ ਜੀਅ ਰਿਹਾ ਹੈ। ਅਜਿਹੇ ਦੋਗਲੇ ਵਿਅਕਤੀਆਂ ਦੀ ਇਨਸਾਨੀਅਤ ਦੇ ਸ਼ਿਕੰਜੇ ਵਿਚ ਆਏ ਇਕ ਵਿਅਕਤੀ ਨੇ ਆਪਣੀ ਵੇਦਨਾ ਨੂੰ ਕੁਝ ਅਜਿਹੇ ਸ਼ਬਦਾਂ ਨਾਲ ਬਿਆਨ ਕੀਤਾ ਹੈ :

ਸ਼ਤਰੰਜ ਕਾ ਸ਼ੁਕੀਨ ਨਹੀਂ ਥਾ
ਇਸੀ ਲੀਏ ਧੋਖਾ ਖਾ ਗਿਆ।
ਵੋ ਮੋਹਰੇ ਚੱਲ ਰਹੇ ਥੇ
ਮੈਂ ਇਨਸਾਨੀਅਤ ਨਿਭਾ ਰਿਹਾ ਥਾ।

• ਕੈਲਾਸ਼ ਚੰਦਰ ਸ਼ਰਮਾ
80540-16816

# ਖ਼ੁਸ਼ੀਆਂ ਦੀ ਨੀਂਹ ਪਿਆਰ ਤੇ ਭਰੋਸਾ

ਡਾ. ਰਣਜੀਤ ਸਿੰਘ



ਪਰਿਵਾਰ ਵਿਚ ਰਹਿੰਦਿਆਂ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਿਵਾਰਕ ਜੀਵਨ ਵਿਚ ਕੇਵਲ ਸੁਖ ਹੀ ਨਹੀਂ ਸਗੋਂ ਦੁੱਖ ਵੀ ਇਸ ਦਾ ਅਨਖਿੜਵਾਂ ਅੰਗ ਹਨ। ਘਰ ਵਿਚ ਬਿਮਾਰੀ, ਮਾਇਕ ਔਕੜਾਂ, ਆਪਸੀ ਝਗੜਾ, ਬੱਚਿਆਂ ਦੀ ਸਾਂਭ ਸੰਭਾਲ ਆਦਿ ਬਹੁਤ ਸਾਰੇ ਮਸਲੇ ਹਨ। ਜਿਹੜੇ ਹਮੇਸ਼ਾਂ ਫ਼ਿਕਰ ਦਾ ਕਾਰਨ ਬਣਦੇ ਹਨ। ਜਦੋਂ ਤਕ ਕੋਈ ਮਸਲਾ ਸੁਲਝ ਨਾ ਜਾਵੇ ਫ਼ਿਕਰ ਅਤੇ ਤਣਾਅ ਬਣਿਆ ਹੀ ਰਹਿੰਦਾ ਹੈ। ਅਸੀਂ ਹਮੇਸ਼ਾਂ ਸੁੱਖ ਦੀ ਪ੍ਰਾਪਤੀ ਲਈ ਯਤਨ ਕਰਦੇ ਹਾਂ ਪਰ ਜੇ ਆਪਣੇ ਆਪ ਨੂੰ ਸੰਭਾਵੀ ਦੁਖਾਂ ਲਈ ਵੀ ਤਿਆਰ ਰੱਖਿਆ ਜਾਵੇ ਤਾਂ ਪਰੇਸ਼ਾਨੀ ਘੱਟ ਹੁੰਦੀ ਹੈ। ਜੇਕਰ ਪਰਿਵਾਰ ਦਾ ਮੁੱਖੀ ਸੂਝਵਾਨ ਹੈ ਤਾਂ ਉਹ ਆਪਣੇ ਆਪ ਨੂੰ ਆਉਣ ਵਾਲੀਆਂ ਸਮੱਸਿਆਵਾਂ ਲਈ ਤਿਅਰ ਕਰਕੇ ਰੱਖਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਪਰਿਵਾਰ ਦਾ ਕੋਈ ਨਾ ਕੋਈ ਮੈਂਬਰ ਬਿਮਾਰ ਹੋ ਸਕਦਾ ਹੈ, ਜੇਕਰ ਪਰਿਵਾਰ ਦੇ ਮੁਖੀ ਨੇ ਇਸ ਸਬੰਧੀ ਕੋਈ ਯੋਜਨਾ ਬਣਾ ਕੇ ਰੱਖੀ ਹੈ ਜਿਵੇਂ ਸਿਹਤ ਬੀਮਾ ਜਾਂ ਬਿਮਾਰੀ ਲਈ ਕੁਝ ਰਾਖਵੀਂ ਰਕਮ ਜਾਂ ਕਿਸੇ ਡਾਕਟਰ ਨਾਲ ਜਾਣ ਪਛਾਣ ਤਾਂ ਘੱਟ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਬਾਕੀ ਔਕੜਾਂ ਬਾਰੇ ਵੀ ਸੋਚਿਆ ਜਾ ਸਕਦਾ ਹੈ।

### ਮੁਸ਼ਕਲਾਂ ਦਾ ਸਾਹਮਣਾ

ਕੋਈ ਪਰਿਵਾਰ ਅਜਿਹਾ ਨਹੀਂ ਹੈ ਜਿਸ ਨੂੰ ਦੁੱਖਾਂ ਅਤੇ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪੈਂਦਾ ਹੋਵੇ ਪਰ ਜੇਕਰ ਆਪਣੇ ਆਪ ਉੱਤੇ ਭਰੋਸਾ ਤੇ ਵਿਸ਼ਵਾਸ ਹੋਵੇ ਕਿ ਔਖੀ ਘੜੀ ਹਮੇਸ਼ਾਂ ਨਹੀਂ ਰਹਿੰਦੀ ਤੇ ਯਤਨ ਕੀਤਿਆਂ ਇਸ ਉੱਤੇ ਛੇਤੀ ਹੀ ਕਾਬੂ ਪਾਇਆ ਜਾ ਸਕਦਾ ਹੈ ਤਾਂ ਔਖੀ ਘੜੀ 'ਤੇ ਕਾਬੂ ਹੋ ਜਾਂਦਾ ਹੈ।

ਜੇਕਰ ਘਬਰਾ ਕੇ ਯਤਨ ਨਾ ਕੀਤੇ ਜਾਣ ਜਾਂ ਦੂਜਿਆਂ ਉੱਤੇ ਦੋਸ਼ ਮੜ੍ਹੇ ਜਾਣ ਫਿਰ ਤਾਂ ਦੁੱਖਾਂ ਦੀ ਘੁੰਮਣਘੇਰੀ ਹੋਰ ਗੰਭੀਰ ਹੋ ਜਾਵੇਗੀ ਤੇ ਉਸ ਵਿੱਚੋਂ ਨਿਕਲਣਾ ਮੁਸ਼ਕਲ ਹੋ ਜਾਵੇਗਾ। ਪਰਿਵਾਰ ਦੇ ਮੈਂਬਰਾਂ ਦਾ ਆਪਸੀ ਪਿਆਰ, ਇਕ ਦੂਜੇ ਉੱਤੇ ਭਰੋਸਾ ਸਾਰੀਆਂ ਮੁਸ਼ਕਿਲਾਂ ਨੂੰ ਸੁਲਝਾਉਣਾ ਸਹਿਜ ਕਰ ਦਿੰਦੇ ਹਨ। ਦੁੱਖ ਕੇਵਲ ਕਿਸੇ ਇਕ ਪਰਿਵਾਰ ਉੱਤੇ ਹੀ ਨਹੀਂ ਆਉਂਦੇ ਜਾਂ ਔਖੀ ਘੜੀ ਕਿਸੇ ਇਕ ਉੱਤੇ ਨਹੀਂ ਆਉਂਦੀ, ਇਹ ਤਾਂ ਸਾਰਿਆਂ ਉੱਤੇ ਹੀ ਆਉਂਦੀ ਹੈ।

#### ਸਲਾਹ ਮਸ਼ਵਰਾ

*ਮਨੁੱਖੀ ਜੀਵਨ ਨੂੰ ਸਰਵ ਸ੍ਰੇਸ਼ਟ ਮੰਨਿਆ ਗਿਆ ਹੈ। ਸਿਰਜਣਹਾਰ ਨੇ ਮਨੁੱਖ ਨੂੰ ਇਤਨੀ ਸ਼ਕਤੀ ਪ੍ਰਦਾਨ ਕੀਤੀ ਹੈ ਉਹ ਵੱਡੀ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰ ਸਕਦਾ ਹੈ। ਇਸ ਸ਼ਕਤੀ ਨੂੰ ਉਜਾਗਰ ਕਰ ਕੇ ਉਸ ਦੀ ਸਹੀ ਵਰਤੋਂ ਕਰਨ ਦੀ ਲੋੜ ਹੈ। ਜਿਹੜਾ ਪਰਿਵਾਰ ਸਲਾਹ ਮਸ਼ਵਰਾ ਕਰ ਕੇ ਯਤਨ ਕਰਦਾ ਹੈ ਉਸ ਨੂੰ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਸੋਚ ਵਿਚਾਰ ਕੇ ਯਤਨ ਨਹੀਂ ਕੀਤੇ ਜਾਂਦੇ ਤਾਂ ਫਿਰ ਔਕੜਾਂ ਦੂਰ ਨਹੀਂ ਹੋਣਗੀਆਂ। ਇਹ ਮੰਨਿਆ ਗਿਆ ਹੈ ਕਿ ਉਦਾਸ ਤੇ ਨਿਰਾਸ਼ ਬੰਦਿਆਂ ਦੇ ਪੱਲੇ ਹਾਰ ਹੀ ਪੈਂਦੀ ਹੈ।*

#### ਅਗਾਂਹਵਧੂ ਸੋਚ

*ਮੁਸ਼ਕਿਲਾਂ ਦੇ ਹੱਲ ਸਬੰਧੀ ਕੁਝ ਪਰਿਵਾਰਾਂ ਨਾਲ ਸੰਪਰਕ ਕੀਤਾ ਗਿਆ। ਇਸ ਪੜਤਾਲ ਤੋਂ ਗਿਆਤ ਹੋਇਆ ਕਿ ਮੁਸ਼ਕਿਲਾਂ ਤਾਂ ਹਰੇਕ ਪਰਿਵਾਰ ਉੱਤੇ ਆਉਂਦੀਆਂ ਹਨ ਪਰ ਜਿਸ ਪਰਿਵਾਰ ਦੇ ਮੈਂਬਰ ਹਿੰਮਤ, ਅਗਾਂਹਵਧੂ ਸੋਚ ਅਤੇ ਆਤਮ ਵਿਸ਼ਵਾਸ ਨਾਲ ਇਨ੍ਹਾਂ ਦਾ ਮੁਕਾਬਲਾ ਕਰਦੇ ਹਨ ਉਹ ਕੋਈ ਨਾ ਕੋਈ ਹਲ ਜ਼ਰੂਰ ਲੱਭ ਲੈਂਦੇ ਹਨ।*

### ਚੜ੍ਹਦੀ ਕਲਾ ਦਾ ਮੰਤਰ

ਚੜ੍ਹਦੀ ਕਲਾ ਦਾ ਮੰਤਰ ਮਨੁੱਖ ਨੂੰ ਹਿੰਮਤ ਅਤੇ ਹੌਸਲੇ ਦੀ ਬਖ਼ਸ਼ਿਸ਼ ਕਰਦਾ ਹੈ ਇਸ ਨਾਲ ਮਨੁੱਖ ਮੁਸ਼ਕਿਲ ਨੂੰ ਵੇਖ ਘਬਰਾਉਂਦਾ ਨਹੀਂ ਸਗੋਂ ਹਿੰਮਤ ਨਾਲ ਉਸ ਦਾ ਮੁਕਾਬਲਾ ਕਰਦਾ ਹੈ ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਨਾਲ ਇਸ ਉੱਤੇ ਜ਼ਰੂਰ ਕਾਬੂ ਪਾ ਲਵੇਗਾ।

ਆਤਮ ਵਿਸ਼ਵਾਸ ਹੀ ਸਫਲਤਾ ਦਾ ਆਧਾਰ ਬਣਦਾ ਹੈ। ਜਿਸ ਨੂੰ ਆਪਣੇ ਆਪ ਉੱਤੇ ਭਰੋਸਾ ਨਹੀਂ ਹੈ ਉਸ ਦੇ ਇਰਾਦੇ ਕਦੇ ਪੱਕੇ ਨਹੀਂ ਹੋ ਸਕਦੇ, ਉਹ ਫ਼ੈਸਲੇ ਲੈਣ ਤੋਂ ਝਿਜਕਦਾ ਰਹਿੰਦਾ ਹੈ ਅਤੇ ਕਦੇ ਵੀ ਪੂਰੇ ਹੌਸਲੇ ਅਤੇ ਹਿੰਮਤ ਨਾਲ ਕਿਸੇ ਕੰਮ ਨੂੰ ਹੱਥ ਨਹੀਂ ਪਾ ਸਕਦਾ। ਹਨ।

### ਵਚਨਬੱਧਤਾ

ਨਵੀਂ ਬਣਾਈ ਯੋਜਨਾ ਉੱਤੇ ਜੇਕਰ ਬਚਨ ਬੱਧਤਾ ਨਾਲ ਮਿਹਨਤ ਕੀਤੀ ਜਾਵੇ ਤਾਂ ਸਫਲਤਾ ਜ਼ਰੂਰ ਪ੍ਰਾਪਤ ਹੁੰਦੀ ਹੈ। ਅਧੂਰੇ ਯਤਨ ਸਫਲਤਾ ਯਕੀਨੀ ਨਹੀਂ ਬਣਾਉਂਦੇ ਸਗੋਂ ਮਿੱਥੀ ਯੋਜਨਾ ਅਨੁਸਾਰ ਪੂਰੀ ਸ਼ਕਤੀ ਦੀ ਵਰਤੋਂ ਕੀਤਿਆਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਸ ਕਰ ਕੇ ਮੁਸ਼ਕਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ, ਇਹ ਤਾਂ ਸਗੋਂ ਸਾਨੂੰ ਮਜ਼ਬੂਤ ਬਣਾਉਂਦੀਆਂ ਹਨ। ਚੜ੍ਹਦੀ ਕਲਾ ਅਤੇ ਆਤਮ- ਵਿਸ਼ਵਾਸ ਹੀ ਮਨੁੱਖ ਨੂੰ ਜਿੱਤ ਬਾਰੇ ਸੋਚਣ ਲਈ ਹਿੰਮਤ ਬਖ਼ਸ਼ਦੇ ਹਨ। ਜਦੋਂ ਜਿੱਤ ਸੋਚੀ ਜਾਵੇ ਤਾਂ ਜਿੱਤ ਹੀ ਪ੍ਰਾਪਤ ਹੁੰਦੀ ਹੈ। ਚੜ੍ਹਦੀ ਕਲਾ ਅਤੇ ਆਤਮ ਵਿਸ਼ਵਾਸ ਦੇ ਨਾਲ ਗਿਆਨ, ਬਚਨਬੱਧਤਾ ਅਤੇ ਮਿਹਨਤ ਵੀ ਜ਼ਰੂਰੀ ਹੈ। ਇਨ੍ਹਾਂ ਦੇ ਸਹਾਰੇ ਜਦੋਂ ਅੱਗੇ ਵਧਿਆ ਜਾਵੇ ਤਾਂ ਮੰਜ਼ਿਲ ਜ਼ਰੂਰ ਮਿਲ ਜਾਂਦੀ ਹੈ। ਇਹ ਗੁਣ ਇਨਸਾਨ ਅੰਦਰ ਊਰਜਾ ਪੈਦਾ ਕਰਦੇ ਹਨ।

### ਸੰਗੀ ਸਾਥੀਆਂ ਦਾ ਸਹਾਰਾ

ਸਮੱਸਿਆ ਦੇ ਕਾਰਨਾਂ ਦਾ ਪਤਾ ਲੱਗ ਜਾਵੇ ਤਾਂ ਇਨ੍ਹਾਂ ਨੂੰ ਦੂਰ ਕਰਨ ਲਈ ਕੀਤੇ ਜਾਣ ਵਾਲੇ ਯਤਨਾਂ ਬਾਰੇ ਸਾਰਿਆਂ ਨੂੰ ਰਲ ਕੇ ਸੋਚਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਆਪਣੇ ਗਿਆਨ, ਮਾਹਰਾਂ ਅਤੇ ਸੰਗੀ ਸਾਥੀਆਂ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਸਾਰੀਆਂ ਸੰਭਾਵਨਾਵਾਂ ਦੀ ਸੂਚੀ ਤਿਆਰ ਕੀਤੀ ਜਾਵੇ। ਜਦੋਂ ਸੂਚੀ ਤਿਆਰ ਹੋ ਜਾਵੇ ਤਾਂ ਇਨ੍ਹਾਂ ਯਤਨਾਂ ਲਈ ਲੋੜੀਂਦੇ ਸਾਧਨਾਂ ਦੀ ਸੂਚੀ ਤਿਆਰ ਕੀਤੀ ਜਾਵੇ। ਤਿਆਰ ਕੀਤੀ ਸੂਚੀ ਵਿਚਲੇ ਸਾਰੇ ਯਤਨਾਂ ਦੀ ਘੋਖ ਕਰੋ। ਇਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਵਿਚਾਰਾਂ ਦੀ ਚੋਣ ਕਰੋ। ਸ਼ਕਤੀਸ਼ਾਲੀ ਵਿਚਾਰ ਵੱਡੀਆਂ ਮੁਸੀਬਤਾਂ ਨੂੰ ਵੀ ਹੱਲ ਕਰ ਦਿੰਦੇ ਹਨ। ਇਨ੍ਹਾਂ ਵਿੱਚੋਂ ਵੀ ਉਨ੍ਹਾਂ ਵਿਚਾਰਾਂ ਜਾਂ ਯਤਨਾਂ ਦੀ ਚੋਣ ਕਰੋ ਜਿਨ੍ਹਾਂ ਨੂੰ ਨੇਪਰੇ ਚੜ੍ਹਾਉਣ ਲਈ ਵਸੀਲੇ ਜੁਟਾਏ ਜਾ ਸਕਦੇ ਹਨ। ਚੁਣੇ ਗਏ ਯਤਨਾਂ ਉਤੇ ਪੂਰੀ ਇਮਾਨਦਾਰੀ, ਹਿੰਮਤ ਅਤੇ ਸਮਾਂ ਸਾਰਣੀ ਬਣਾ ਕੇ ਮਿਹਨਤ ਨਾਲ ਕੰਮ ਸ਼ੁਰੂ ਕੀਤਾ ਜਾਵੇ। ਯਤਨ ਸਾਥੀ ਜਾਂ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਰਲ ਕੇ ਕਰਨੇ ਚਾਹੀਦੇ ਹਨ। ਜੇਕਰ ਕਿਸੇ ਦੀ ਸਹਾਇਤਾ ਲੋੜੀਂਦੀ ਹੋਵੇ ਤਾਂ ਝਿਜਕਣਾ ਨਹੀਂ ਚਾਹੀਦਾ। ਸਮਾਜਿਕ ਜੀਵਨ ਵਿਚ ਸਾਥੀ ਹੀ ਕੰਮ ਆਉਂਦੇ ਹਨ। ਅਸਲ ਵਿਚ ਇਕ ਦੂਜੇ ਦੇ ਕੰਮ ਆਉਣਾ ਹੀ ਇਨਸਾਨੀਅਤ ਹੈ। ਉਤਸ਼ਾਹ ਥਕਣ ਨਹੀਂ ਦਿੰਦਾ ਤੇ ਭਰੋਸਾ ਕਮਜ਼ੋਰ ਨਹੀਂ ਹੋਣ ਦਿੰਦਾ। ਸਾਰਾ ਪਰਿਵਾਰ ਜਦੋਂ ਰਲ ਮਿਲ ਕੇ ਮੁਸ਼ਕਲ ਦਾ ਸਾਹਮਣਾ ਕਰਦਾ ਹੈ ਤਾਂ ਮੁਸ਼ਕਲਾਂ ਆਪਣੇ ਆਪ ਹੱਲ ਹੋ ਜਾਂਦੀਆਂ ਹਨ। ਆਪਸੀ ਪਿਆਰ ਤੇ ਭਰੋਸਾ ਹੀ ਖ਼ੁਸ਼ੀਆਂ ਦੀ ਨੀਂਹ ਰੱਖਦੇ ਹਨ। •

ਯਰਤੀ, ਯਨ ਨਾ ਆਪਣਾ...





# ਜਮ੍ਹਾਂ ਖਾਤੇ ਦੇ ਫ਼ਾਇਦੇ ਅਤੇ ਨੁਕਸਾਨ

*ਬੈਂਕ 'ਚ ਜਮ੍ਹਾਂ ਖਾਤਾ ਰੱਖਣਾ ਇਕ ਯਸੰਦੀਦਾ ਨਿਵੇਸ਼ ਸਾਧਨ ਹੈ। ਇਸ ਦਾ ਸਿੱਧਾ ਕਾਰਨ ਇਕ ਤਾਂ ਬੈਂਕ ਐਫਡੀ ਜ਼ਰੀਏ ਕੀਤੇ ਜਾਣ ਵਾਲੇ ਨਿਵੇਸ਼ ਦਾ ਮੁਸ਼ਕਲ ਰਹਿਤ ਹੋਣਾ ਹੈ ਤੇ ਦੂਜਾ ਨਿਸ਼ਚਿਤ ਸੀਮਾ ਦੇ ਇਕ ਨਿਸ਼ਚਿਤ ਅਤੇ ਆਕਰਸ਼ਕ ਵਿਆਜ ਦਰ 'ਤੇ ਰਿਟਰਨ ਮਿਲਣਾ ਹੈ। ਇਨ੍ਹਾਂ ਤੋਂ ਬਾਅਦ ਵੀ ਕੁਝ ਨਕਸਾਨ ਹੁੰਦੇ ਹਨ...*

ਸਰਵੇ 'ਚ ਇਕ ਗੱਲ ਸਾਹਮਣੇ ਆਈ ਹੈ ਕਿ ਦੇਸ਼ ਦੇ 95 ਫ਼ੀਸਦੀ ਲੋਕ ਅੱਜ ਵੀ ਆਪਣਾ ਪੈਸਾ ਨਿਵੇਸ਼ ਕਰਨ ਲਈ ਬੈਂਕ ਜਮ੍ਹਾਂ (ਫਿਕਸਡ ਡਿਪਾਜ਼ਿਟ) 'ਚ ਲਗਾ ਦਿੰਦੇ ਹਨ, ਜਦਕਿ ਦਸ ਫ਼ੀਸਦੀ ਤੋਂ ਵੀ ਘੱਟ ਲੋਕ ਆਪਣਾ ਪੈਸਾ ਮਿਊਚਲ ਫੰਡ ਅਤੇ ਸਟਾਕ 'ਚ ਨਿਵੇਸ਼ ਕਰਨਾ ਪਸੰਦ ਕਰਦੇ ਹਨ। ਦੇਸ਼ ਦੇ ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ 'ਚ ਕੀਤਾ ਗਿਆ ਇਹ ਸਰਵੇ ਦੱਸਦਾ ਹੈ ਕਿ ਭਾਰਤੀਆਂ ਲਈ ਜੀਵਨ ਬੀਮਾ ਦੂਜਾ ਸਭ ਤੋਂ ਪਸੰਦੀਦਾ ਨਿਵੇਸ਼ ਸਾਧਨ ਹੈ। ਇਸ ਤੋਂ ਇਲਾਵਾ ਭਾਰਤੀਆਂ ਲਈ ਪੰਜ ਨਿਵੇਸ਼ ਸਾਧਨਾਂ 'ਚ ਕੀਮਤੀ ਧਾਤੂ (ਸੋਨਾ-ਚਾਂਦੀ), ਪੋਸਟ ਆਫਿਸ ਸੇਵਿੰਗ ਸਕੀਮ ਅਤੇ ਰੀਅਲ ਅਸਟੇਟ ਆਉਂਦਾ ਹੈ।

### ਜਮ੍ਹਾਂ ਖਾਤੇ ਦੇ ਫ਼ਾਇਦੇ

- ਜਦੋਂ ਕੋਈ ਵਿਅਕਤੀ ਕਿਸੇ ਬੈਂਕ ਜਾਂ ਪੋਸਟ ਆਫਿਸ 'ਚ ਫਿਕਸਡ ਡਿਪਾਜ਼ਿਟ ਕਰਵਾਉਂਦਾ ਹੈ ਤਾਂ ਇਹ ਨਿਵੇਸ਼ ਪੂਰੀ ਤਰ੍ਹਾਂ ਨਾਲ ਮੁਸ਼ਕਲ ਰਹਿਤ ਰਹਿੰਦਾ ਹੈ।
- ਇਹ ਨਿਵੇਸ਼ ਕਿਸੇ ਵੀ ਤਰ੍ਹਾਂ ਦੇ ਲਿੰਕ ਨਾਲ ਨਹੀਂ ਹੁੰਦਾ। ਫਿਕਸਡ ਡਿਪਾਜ਼ਿਟ ਦੀ ਸੀਮਾ ਪੂਰੀ ਹੋਣ ਤੋਂ ਬਾਅਦ ਨਿਵੇਸ਼ਕ ਨੂੰ ਪੂਰੀ ਰਾਸ਼ੀ ਵਿਆਜ ਨਾਲ ਵਾਪਸ ਮਿਲ ਜਾਂਦੀ ਹੈ।
- ਫਿਕਸਡ ਡਿਪਾਜ਼ਿਟ 'ਚ ਵਿਆਜ ਦਰ ਸੀਨੀਅਰ ਸਿਟੀਜ਼ਨ ਲਈ ਕੁਝ ਜ਼ਿਆਦਾ ਹੁੰਦੀ ਹੈ।
- ਬੈਂਕ ਵੀ ਸਮੇਂ-ਸਮੇਂ 'ਤੇ ਇਨ੍ਹਾਂ ਦੀ ਸਮੀਖਿਆ ਕਰਕੇ ਬਾਜ਼ਾਰ ਅਨੁਸਾਰ ਜਮ੍ਹਾਂ ਖਾਤੇ ਦੀ ਦਰ ਨੂੰ ਤੈਅ ਕਰਦੇ ਹਨ।
- ਬੈਂਕਾਂ ਦੀਆਂ ਜਮ੍ਹਾਂ ਖਾਤੇ ਦੀ ਦਰ 'ਚ ਸਾਧਾਰਨ ਅੰਤਰ ਹੁੰਦਾ ਹੈ।
- ਕਈ ਵਾਰ ਬੈਂਕ ਜ਼ਿਆਦਾ ਤੋਂ ਜ਼ਿਆਦਾ ਨਿਵੇਸ਼ ਆਕਰਸ਼ਕ ਕਰਨ ਦੇ ਉਦੇਸ਼ ਨਾਲ ਗਾਹਕਾਂ ਨੂੰ ਫਿਕਸਡ ਡਿਪਾਜ਼ਿਟ 'ਤੇ ਉੱਚੀ ਦਰ ਦੀ ਪੇਸ਼ਕਸ਼ ਕਰਦੇ ਹਨ।

### ਜਮ੍ਹਾਂ ਖਾਤੇ ਦੇ ਨੁਕਸਾਨ

- ਬੈਂਕ ਐੱਫਡੀ 'ਤੇ ਮਿਲਣ ਵਾਲਾ ਵਿਆਜ ਮਹਿੰਗਾਈ ਦੀ ਦਰ ਦੇ ਬਰਾਬਰ ਹੀ ਹੁੰਦਾ ਹੈ ਤੇ ਕਈ ਵਾਰ ਇਸ ਦਰ ਤੋਂ ਘੱਟ ਹੀ ਰਹਿ ਜਾਂਦਾ ਹੈ।
- ਐਕਸਪਰਟ ਨਿਵੇਸ਼ ਵਿਕਲਪ 'ਤੇ ਰਿਟਰਨ ਜੋੜਦੇ ਸਮੇਂ ਉਪਭੋਗਤਾ ਮਹਿੰਗਾਈ ਦੀ ਔਸਤ ਦਰ ਅੱਠ ਫ਼ੀਸਦੀ ਦੇ ਬਰਾਬਰ ਮੰਨਦੇ ਹਨ।
- ਅਜਿਹੇ 'ਚ ਬੈਂਕ ਐਫਡੀ 'ਤੇ ਜੇ ਨਿਵੇਸ਼ਕ ਨੂੰ 8-8.5 ਫ਼ੀਸਦੀ ਦੇ ਆਸ-ਪਾਸ ਹੀ ਵਿਆਜ ਮਿਲਦਾ ਹੈ ਤਾਂ ਨਿਵੇਸ਼ਕ ਬਹੁਤ ਮੁਸ਼ਕਲ ਨਾਲ ਮਹਿੰਗਾਈ ਨੂੰ ਪਛਾੜ ਦਿੰਦਾ ਹੈ। ਅਜਿਹੇ 'ਚ ਨਿਵੇਸ਼ਕ ਨੂੰ ਨਿਵੇਸ਼ 'ਤੇ ਮਿਲਣ ਵਾਲਾ ਰਿਟਰਨ ਸਿਫ਼ਰ ਹੋ ਜਾਂਦਾ ਹੈ।
- ਬੈਂਕ ਐਫਡੀ 'ਤੇ ਮਿਲਣ ਵਾਲਾ ਰਿਟਰਨ ਟੈਕਸੇਬਲ ਹੁੰਦਾ ਹੈ। ਆਮਤੌਰ 'ਤੇ ਲੰਬੇ ਸਮੇਂ ਲਈ ਕੀਤਾ ਜਾਣ ਵਾਲਾ ਨਿਵੇਸ਼ ਟੈਕਸ ਮੁਕਤ ਹੁੰਦਾ ਹੈ।
- ਬੈਂਕ ਐਫਡੀ 'ਤੇ ਮਿਲਣ ਵਾਲਾ ਵਿਆਜ ਮੌਜੂਦਾ ਸਲੈਬ 'ਚ ਹੀ ਕਰ ਯੋਗ ਹੁੰਦਾ ਹੈ। ਅਜਿਹੇ 'ਚ ਮਿਲਣ ਵਾਲਾ ਸ਼ੁੱਧ ਰਿਟਰਨ ਹੋਰ ਘੱਟ ਜਾਂਦਾ ਹੈ।
- ਮਹਿੰਗਾਈ ਦੀ ਦਰ ਤੋਂ ਘੱਟ ਰਿਟਰਨ ਅਤੇ ਮਿਲਣ ਵਾਲੇ ਰਿਟਰਨ 'ਤੇ ਵੀ ਟੈਕਸ ਲੱਗਣ ਦੀ ਵਜ੍ਹਾ ਤੋਂ ਸ਼ੁੱਧ ਕਮਾਈ ਦਾ ਘੱਟ ਜਾਣਾ ਇਹ ਦੋ ਅਜਿਹੇ ਕਾਰਨ ਹਨ ਜੋ ਬੈਂਕ ਐਫਡੀ ਵਰਗੇ ਮੁਸ਼ਕਲ ਰਹਿਤ ਨਿਵੇਸ਼ ਨੂੰ ਬਿਹਤਰ ਨਹੀਂ ਮੰਨਦੇ।
- ਮਾਹਰਾਂ ਦਾ ਮੰਨਣਾ ਹੈ ਕਿ ਜੇ ਤੁਸੀਂ ਘੱਟ ਉਮਰ 'ਚ ਨਿਵੇਸ਼ ਕਰਨਾ ਚਾਹੁੰਦੇ ਹੋ ਤਾਂ ਲੰਬੀ ਸੀਮਾ ਲਈ ਇਕੁਇਟੀ ਮਿਊਚਲ ਫੰਡ 'ਚ ਨਿਵੇਸ਼ ਕਰਨਾ ਤੁਹਾਡੇ ਲਈ ਇਕ ਬਿਹਤਰੀਨ ਸਾਧਨ ਹੈ।
- ਉਮਰ ਜਾਂ ਕਿਸੇ ਹੋਰ ਕਾਰਨ ਤੁਹਾਡੇ ਖ਼ਤਰਾ ਲੈਣ ਦੀ ਸਮਰੱਥਾ ਨਹੀਂ ਹੈ ਤਾਂ ਤੁਹਾਨੂੰ ਐਫਡੀ ਵਰਗੇ ਸਾਧਨਾਂ ਨੂੰ ਚੁਣਨਾ ਚਾਹੀਦਾ ਹੈ। ਇਹ ਵਰਤਮਾਨ 'ਚ ਹੀ ਨਹੀਂ ਬਲਕਿ ਭਵਿੱਖ 'ਚ ਵੀ ਫ਼ਾਇਦਾ ਦਿੰਦੇ ਹਨ।

# ਫ਼ਾਇਦੇਮੰਦ ਹੈ ਨਵਾਂ ਕਾਨੂੰਨ ਰੇਰਾ

*ਭਾਰਤ 'ਚ ਰੀਅਲ ਅਸਟੇਟ ਸੈਕਟਰ ਦੇਰੀ ਨਾਲ ਪ੍ਰਾਜੈਕਟ ਪੂਰਾ ਕਰਨ ਅਤੇ ਘਟੀਆ ਕਵਾਲਿਟੀ ਦੀ ਸਰਵਿਸ ਦੇਣ ਲਈ ਬਦਨਾਮ ਹੈ। ਸਰਕਾਰ ਨੇ ਪਿਛਲੇ ਸਾਲ ਇਸ ਸੈਕਟਰ ਲਈ ਨਵੇਂ ਤਰੀਕੇ ਨਾਲ ਬਣਾਉਣ ਦਾ ਐਲਾਨ ਕੀਤਾ ਹੈ। ਤੁਸੀਂ ਮਕਾਨ ਜਾਂ ਫਲੈਟ ਖ਼ਰੀਦਣ ਜਾ ਰਹੇ ਹੋ ਤਾਂ ਇਕ ਮਈ ਤਕ ਰੁਕ ਜਾਓ। ਇਸ ਤਾਰੀਕ ਤੋਂ 'ਰੀਅਲ ਅਸਟੇਟ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਐਕਟ 2016' (ਰੇਰਾ) ਲਾਗੂ ਹੋ ਰਿਹਾ ਹੈ..*

ਰੇਰਾ ਕਾਨੂੰਨ ਦੇਸ਼ 'ਚ ਰਿਐਲਟੀ ਸੈਕਟਰ ਦੀ ਤਸਵੀਰ ਬਦਲ ਦੇਵੇਗਾ। ਇਸ ਕਾਨੂੰਨ ਤੋਂ ਗਾਹਕਾਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਇਸ ਤਹਿਤ ਬਿਲਡਰ ਨੂੰ ਗਾਹਕਾਂ ਤੋਂ ਲਈ ਗਈ ਰਕਮ ਦਾ 70 ਫ਼ੀਸਦੀ ਖ਼ਾਤੇ 'ਚ ਜਮ੍ਹਾਂ ਕਰਵਾਉਣੇ ਹੋਣਗੇ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਂ ਕਿ ਇਕ ਪ੍ਰਾਜੈਕਟ ਦੀ ਰਕਮ ਦੂਜੇ ਪ੍ਰਾਜੈਕਟ 'ਚ ਟ੍ਰਾਂਸਫਰ ਨਾ ਕੀਤੀ ਜਾ ਸਕੇ। ਜੇ ਬਿਲਡਰ ਇਨ੍ਹਾਂ ਨਿਯਮਾਂ ਨੂੰ ਨਹੀਂ ਮੰਨੇਗਾ ਤਾਂ ਉਸ ਨੂੰ ਸਜਾ ਵੀ ਸੁਣਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਹਰ ਰਾਜ 'ਚ ਸੰਸਥਾ ਅਤੇ ਟ੍ਰਿਬਿਊਨਲ ਬਣਾਏ ਜਾਣਗੇ। ਇਹ ਬਿਲਡਰ ਅਤੇ ਗਾਹਕ ਵਿਚਕਾਰ ਲੜਾਈ ਦਾ ਨਿਪਟਾਰਾ 120 ਦਿਨਾਂ ਅੰਦਰ ਕਰਨਗੇ।

ਪ੍ਰੋਮੋਟਰਸ ਖ਼ਰੀਦਦਾਰ ਦੀ ਮਰਜ਼ੀ ਤੋਂ ਬਿਨਾ ਪ੍ਰਾਜੈਕਟ ਦੇ ਲੇਆਊਟ 'ਚ ਕੋਈ ਤਬਦੀਲੀ ਨਹੀਂ ਕਰਨਗੇ। ਇਸ ਤੋਂ ਇਲਾਵਾ ਸਾਰੀ ਜਗ੍ਹਾ ਕਾਰਪੇਟ ਏਰੀਆ ਦੀ ਪਰਿਭਾਸ਼ਾ ਵੀ ਇਕੋ ਜਿਹੀ ਹੋਵੇਗੀ।

### ਰੇਰਾ ਨਾਲ ਜੁੜੇ ਸਵਾਲ

#### ਪ੍ਰਾਪਰਟੀ ਦੀ ਮੰਗ

ਮਾਹਿਰਾਂ ਮੁਤਾਬਕ ਪ੍ਰਾਪਰਟੀ ਦੀਆਂ ਕੀਮਤਾਂ ਰੇਰਾ ਨਾਲ ਜੁੜੀਆਂ ਹੋਈਆਂ ਨਹੀਂ ਹਨ। ਇਹ ਮੰਗ ਅਤੇ ਸਪਲਾਈ ਦਾ ਮਾਮਲਾ ਹੈ। ਮੌਜੂਦਾ ਹਾਲਤ ਨੂੰ ਦੇਖਦੇ ਹੋਏ ਕੀਮਤਾਂ 'ਚ ਕਨੈਕਸ਼ਨ ਦੀ ਉਮੀਦ ਨਹੀਂ ਹੈ। ਹਾਲਾਂਕਿ ਨਿਰਮਾਣ ਲਾਗਤ ਘਟਾਉਣ ਨਾਲ ਬਿਲਡਰਾਂ ਦਾ ਮਾਰਜ਼ਿਨ ਵਧ ਸਕਦਾ ਹੈ। ਇਸ ਦਾ ਫ਼ਾਇਦਾ ਉਹ ਗਾਹਕਾਂ ਤਕ ਪਹੁੰਚਾ ਸਕਦੇ ਹਨ।

#### ਮੌਜੂਦਾ ਪ੍ਰਾਜੈਕਟ

ਰੇਰਾ ਕਾਨੂੰਨ ਨਾਲ ਰੈਜੀਡੇਂਸ਼ੀਅਲ ਅਤੇ ਕਮਰਸ਼ੀਅਲ ਪ੍ਰਾਜੈਕਟ ਦੇ ਉਨ੍ਹਾਂ ਮੌਜੂਦਾ ਖ਼ਰੀਦਦਾਰਾਂ ਨੂੰ ਰਾਹਤ ਮਿਲੇਗੀ ਜਿਨ੍ਹਾਂ ਨੇ ਕਬਜ਼ਾ ਨਹੀਂ ਲਿਆ। ਮੱਧ-ਪ੍ਰਦੇਸ਼ 'ਚ ਉਹ ਸਾਰੇ ਪ੍ਰਾਜੈਕਟ ਜਿਨ੍ਹਾਂ ਨੂੰ ਪ੍ਰਾਜੈਕਟ ਪੂਰਾ ਹੋਣ ਦਾ ਸਰਟੀਫਿਕੇਟ ਨਹੀਂ ਮਿਲਿਆ, ਉਹ ਇਸ ਦੇ ਦਾਇਰੇ 'ਚ ਆਉਣਗੇ। ਇਸ ਲਈ ਬਿਲਡਰ ਨੂੰ ਮੌਜੂਦਾ ਪ੍ਰਾਜੈਕਟ ਵੀ ਰਜਿਸਟਰ ਕਰਵਾਉਣੇ ਹੋਣਗੇ। ਜਿਨ੍ਹਾਂ ਪ੍ਰਾਜੈਕਟ ਨੂੰ ਪੂਰਾ ਹੋਣ ਦਾ ਸਰਟੀਫਿਕੇਟ ਮਿਲ ਗਿਆ ਹੈ, ਉਨ੍ਹਾਂ ਲਈ ਰਜਿਸਟਰੇਸ਼ਨ ਦੀ ਜ਼ਰੂਰਤ ਨਹੀਂ ਹੋਵੇਗੀ।

#### ਹਰ ਸ਼੍ਰੇਣੀ 'ਚ ਇਕ ਪ੍ਰਾਜੈਕਟ

ਬਿਲਡਰ ਪ੍ਰਾਜੈਕਟ ਨੂੰ ਕਈ ਸ਼੍ਰੇਣੀਆਂ 'ਚ ਪੂਰਾ ਕਰਦੇ ਹਨ। ਗਾਹਕ ਫਸ ਜਾਂਦੇ ਹਨ ਜਿਨ੍ਹਾਂ ਨੂੰ ਆਖਰੀ ਸ਼੍ਰੇਣੀ 'ਚ ਫਲੈਟ ਮਿਲਿਆ ਹੈ। ਇਸ ਲਈ ਕਾਨੂੰਨ 'ਚ ਸਪੱਸ਼ਟ ਲਿਖਿਆ ਹੈ ਕਿ ਜਿੱਥੇ ਰੀਅਲ ਅਸਟੇਟ ਪ੍ਰਾਜੈਕਟ ਸ਼੍ਰੇਣੀ 'ਚ ਬਣ ਰਿਹਾ ਹੈ ਉੱਥੇ ਹਰ ਸ਼੍ਰੇਣੀ ਨੂੰ ਇਕ ਪ੍ਰਾਜੈਕਟ ਮੰਨਿਆ ਜਾਵੇਗਾ। ਬਿਲਡਰ ਨੂੰ ਹਰ ਸ਼੍ਰੇਣੀ ਲਈ ਵੱਖ-ਵੱਖ ਰਜਿਸਟਰੇਸ਼ਨ ਕਰਵਾਉਣਾ ਹੋਵੇਗਾ।

#### ਏਜੰਟ ਨੂੰ ਰਜਿਸਟਰੇਸ਼ਨ ਫ਼ੀਸ

ਮੱਧ-ਪ੍ਰਦੇਸ਼ 'ਚ ਰੀਅਲ ਅਸਟੇਟ ਏਜੰਟ ਨੂੰ 25 ਹਜ਼ਾਰ ਰੁਪਏ ਫ਼ੀਸ ਦੇ ਕੇ ਰੇਰਾ ਤਹਿਤ ਰਜਿਸਟਰੇਸ਼ਨ ਕਰਵਾਉਣਾ ਹੋਵੇਗਾ। ਏਜੰਟ ਤੋਂ ਇਲਾਵਾ ਕੋਈ ਹੋਰ ਰਜਿਸਟਰੇਸ਼ਨ ਕਰਦਾ ਹੈ ਤਾਂ 2.5 ਲੱਖ ਰੁਪਏ ਫ਼ੀਸ ਦੇਣੀ ਪਵੇਗੀ।

ਰੇਰਾ ਕੇਂਦਰ ਦਾ ਕਾਨੂੰਨ ਹੈ ਪਰ ਇਸ ਨੂੰ ਲਾਗੂ ਕਰਵਾਉਣਾ ਰਾਜਾਂ ਦੇ ਹੱਥ 'ਚ ਹੈ। ਰੀਅਲ ਅਸਟੇਟ ਰਾਜਾਂ ਦੀ ਸੂਚੀ 'ਚ ਸ਼ਾਮਲ ਹੈ। ਇਸ ਨੂੰ ਇਕ ਮਈ ਤੋਂ ਸਾਰੇ ਰਾਜਾਂ 'ਚ ਲਾਗੂ ਕਰਨਾ ਹੈ। ਲਾਗੂ ਹੋਣ ਤੋਂ ਬਾਅਦ ਤਿੰਨ ਮਹੀਨੇ ਅੰਦਰ ਸਾਰੇ ਬਿਲਡਰਾਂ ਅਤੇ ਏਜੰਟਾਂ ਨੂੰ ਇਸ 'ਚ ਪੰਜੀਕਰਨ ਕਰਵਾਉਣਾ ਹੋਵੇਗਾ। ਖ਼ਰੀਦਦਾਰ ਵਿਚਕਾਰ ਰੀਅਲ ਅਸਟੇਟ ਸੈਕਟਰ ਦੀ ਬਹੁਤ ਖ਼ਰਾਬ ਸਥਿਤੀ ਹੈ। ਇਹ ਬਿਨਾ ਵਜ੍ਹਾ ਨਹੀਂ ਹੈ। ਬਿਲਡਰਾਂ 'ਤੇ ਪਾਰਦਰਸ਼ਿਤਾ ਅਤੇ ਜ਼ਿੰਮੇਵਾਰੀ ਦੇ ਨਾਲ ਕੰਮ ਕਰਨ ਦਾ ਇਲਜ਼ਾਮ ਹਮੇਸ਼ਾ ਲਗਦਾ ਹੈ। ਰੇਰਾ ਜ਼ਰੀਏ ਸੈਕਟਰ 'ਚ ਗਾਹਕਾਂ ਦਾ ਭਰੋਸਾ ਵਧੇਗਾ।



### ਪੰਜ ਸਾਲ ਦੀ ਵਾਰੰਟੀ

ਬਿਲਡਰ ਨੂੰ ਬਿਲਡਿੰਗ ਦੀ ਪੰਜ ਸਾਲ ਦੀ ਵਾਰੰਟੀ ਦੇਣੀ ਹੋਵੇਗੀ। ਜੇ ਬਿਲਡਿੰਗ 'ਚ ਕੋਈ ਢਾਂਚਾਗਤ ਕਮੀ ਹੈ ਤਾਂ ਉਸ ਨੂੰ ਸੁਧਾਰਨਾ ਹੋਵੇਗਾ। ਕਿਉਂਕਿ ਕਾਨੂੰਨ 'ਚ ਇਸ ਨੂੰ ਠੀਕ ਤਰ੍ਹਾਂ ਪਰਿਭਾਸ਼ਿਤ ਨਹੀਂ ਕੀਤਾ ਗਿਆ।

- ਹਰ ਰਾਜ 'ਚ ਬਣਾਏ ਜਾਣਗੇ ਰੈਗੂਲੇਟਰੀ ਸੰਸਥਾ ਅਤੇ ਟ੍ਰਿਬਿਊਨਲ
- 120 ਦਿਨ ਅੰਦਰ ਸੁਝਣਗੇ ਬਿਲਡਰ ਅਤੇ ਗਾਹਕਾਂ ਦੇ ਝਗੜੇ

### ਵਿਕਰੀ ਤੋਂ ਪਹਿਲਾਂ ਮਨਜ਼ੂਰੀ

ਡਿਵੈਲਪਰ ਬਹੁਤ ਸਾਰੀਆਂ ਮਨਜ਼ੂਰੀਆਂ ਮਿਲਣ ਤੋਂ ਬਾਅਦ ਹੀ ਪ੍ਰਾਜੈਕਟ ਦੀ ਯੂਨਿਟ ਵੇਚ ਪਾਉਣਗੇ। ਰੇਰਾ ਤਹਿਤ ਬਿਲਡਰ ਅਤੇ ਏਜੰਟ ਨੂੰ ਰੈਗੂਲੇਟਰ ਕੋਲ ਰਜਿਸਟਰ ਕਰਵਾਉਣਾ ਹੋਵੇਗਾ। ਜੇ ਅੱਠ ਅਪਾਰਟਮੈਂਟ ਤੋਂ ਜ਼ਿਆਦਾ ਦਾ ਪ੍ਰਾਜੈਕਟ ਹੋਵੇ ਤਾਂ ਬਿਲਡਰ ਨੂੰ ਸਾਰੀਆਂ ਮਨਜ਼ੂਰੀਆਂ ਪਹਿਲਾਂ ਹੀ ਲੈਣੀਆਂ ਹੋਣਗੀਆਂ। ਅੱਜ-ਕੱਲ੍ਹ ਬਿਲਡਰ ਮਨਜ਼ੂਰੀ ਮਿਲਣ ਤੋਂ ਪਹਿਲਾਂ ਹੀ ਪ੍ਰਾਡੈਕਟ ਦੀ ਬੁਕਿੰਗ ਕਰ ਦਿੰਦੇ ਹਨ। ਬਿਲਡਰ ਨੂੰ ਪ੍ਰਾਜੈਕਟ ਨਾਲ ਜੁੜੀਆਂ ਸਾਰੀਆਂ ਜਾਣਕਾਰੀਆਂ ਪੇਸ਼ ਕਰਨੀਆਂ ਹੋਣਗੀਆਂ।

## ਰੇਰਾ ਤੋਂ ਗਾਹਕਾਂ ਨੂੰ ਫ਼ਾਇਦਾ

### ਇਕਰਾਰਨਾਮਾ ਖਾਤਾ

ਕਿਸੇ ਪ੍ਰਾਜੈਕਟ ਲਈ ਖ਼ਰੀਦਦਾਰ ਨਾਲ ਮਿਲਿਆ ਪੈਸਾ ਹੁਣ ਬਿਲਡਰ ਨੂੰ ਐਸਕ੍ਰੋ (ਇਕਰਾਰਨਾਮਾ) ਖ਼ਾਤੇ 'ਚ ਜਮ੍ਹਾਂ ਕਰਵਾਉਣਾ ਹੋਵੇਗਾ। ਇਹ ਰਕਮ ਪ੍ਰਾਜੈਕਟ ਦੇ ਹਰ ਨਤੀਜੇ ਮੁਤਾਬਕ ਕਢਵਾਈ ਜਾਵੇਗੀ। ਬਿਲਡਰ ਦੇ ਇੰਜੀਨੀਅਰ ਅਤੇ ਚਾਰਟਡ ਖ਼ਾਤੇ ਦੀ ਮਨਜ਼ੂਰੀ ਦੇਣਗੇ। ਇਸ ਵਜ੍ਹਾ ਨਾਲ ਬਿਲਡਰ ਪੈਸੇ ਦਾ ਗ਼ਲਤ ਇਸਤੇਮਾਲ ਨਹੀਂ ਕਰ ਸਕਣਗੇ। ਬਿਲਡਰ ਨੂੰ ਅਥਾਰਟੀ ਦੀ ਵੈੱਬਸਾਈਟ 'ਤੇ ਪ੍ਰਾਜੈਕਟ ਦੀ ਪੂਰੀ ਜਾਣਕਾਰੀ ਦੇਣੀ ਪਵੇਗੀ।

### ਜਗ੍ਹਾ ਦੀ ਕੀਮਤ

ਖ਼ਰੀਦਦਾਰ ਨੂੰ ਸਿਰਫ਼ ਕਾਰਪੇਟ ਏਰੀਆ ਦੀ ਹੀ ਕੀਮਤ ਦੇਣੀ ਪਵੇਗੀ। ਕਾਰਪੇਟ ਏਰੀਆ ਭਾਵ ਤੁਹਾਡੇ ਫਲੈਟ ਦੀਆਂ ਦੀਵਾਰਾਂ ਦੇ ਅੰਦਰ ਦਾ ਖੇਤਰ। ਬਿਲਡਰ ਸੁਪਰ ਬਿਲਟਅੱਪ ਏਰੀਆ ਦੀ ਕੀਮਤ ਨਹੀਂ ਵਸੂਲ ਪਾਵੇਗਾ। ਫਿਲਹਾਲ ਬਿਲਡਰ ਸੁਪਰ ਬਿਲਟਅੱਪ ਏਰੀਆ ਦੀ ਕੀਮਤ ਵਸੂਲਦੇ ਹਨ। ਜੇ ਗਾਹਕ 1,3000 ਵਰਗ ਫੁੱਟ ਦਾ ਫਲੈਟ ਬੁੱਕ ਕਰਦਾ ਹੈ ਤਾਂ ਉਸ ਨੂੰ 900-1,000 ਵਰਗ ਫੁੱਟ ਦਾ ਫਲੈਟ ਹੀ ਮਿਲਦਾ ਹੈ।

### ਪ੍ਰਾਜੈਕਟ ਹੋਵੇਗਾ ਪੂਰਾ



ਰੀਅਲ ਅਸਟੇਟ ਸੈਕਟਰ ਦੀ ਸਭ ਤੋਂ ਵੱਡੀ ਪਰੇਸ਼ਾਨੀ ਇਹ ਹੈ ਕਿ ਪ੍ਰਾਜੈਕਟ ਸਮੇਂ 'ਤੇ ਪੂਰਾ ਨਾ ਹੋਣਾ। ਦੇਰੀ ਹੋਣ ਕਾਰਨ ਗਾਹਕ ਦਾ ਬਿਲਡਰ ਤੋਂ ਭਰੋਸਾ ਉੱਠ ਜਾਂਦਾ ਹੈ। ਰੇਰਾ ਜ਼ਰੀਏ ਇਹ ਸਮੱਸਿਆ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਹਾਲ ਬਿਲਡਰ ਜੇ ਪ੍ਰਾਜੈਕਟ 'ਚ ਦੇਰੀ ਕਰਦਾ ਹੈ ਤਾਂ ਉਸ 'ਤੇ ਕੋਈ ਕਾਰਵਾਈ ਨਹੀਂ ਹੁੰਦੀ। ਕਈ ਬਿਲਡਰ ਤਾਂ ਕਬਜ਼ਾ ਦੇਣ 'ਚ ਕਈ ਸਾਲ ਲਗਾ ਦਿੰਦੇ ਹਨ। ਹੁਣ ਇਹ ਸਮੱਸਿਆ ਨਹੀਂ ਰਹੇਗੀ। ਜੇ ਬਿਲਡਰ ਦੇਰੀ ਕਰਦਾ ਹੈ ਤਾਂ ਉਸ ਨੂੰ ਰੇਰਾ ਤਹਿਤ ਭਾਰੀ ਸਜਾ ਦੇਣੀ ਹੋਵੇਗੀ। ਜਿਵੇਂ ਖ਼ਰੀਦਦਾਰ ਈਐੱਮਆਈ ਦਿੰਦਾ ਹੈ, ਉਂਜ ਹੀ ਉਸ ਨੂੰ ਵਿਆਜ ਦੇਣਾ ਹੋਵੇਗਾ।




### ਤਬਦੀਲੀ ਨਹੀਂ

ਖ਼ਰੀਦਦਾਰ ਆਮਤੌਰ 'ਤੇ ਸ਼ਿਕਾਇਤ ਕਰਦੇ ਹਨ ਕਿ ਬਿਲਡਰ ਨੇ ਜੋ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਉਹ ਉਸ ਨੂੰ ਕਬਜ਼ੇ ਸਮੇਂ ਨਹੀਂ ਮਿਲਿਆ। ਗਾਹਕ ਨੂੰ ਲਗਦਾ ਹੈ ਕਿ ਉਸ ਨਾਲ ਧੋਖਾ ਹੋਇਆ ਹੈ। ਰੇਰਾ ਜ਼ਰੀਏ ਇਹ ਸਮੱਸਿਆ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਹਿਤ ਜੇ ਬਿਲਡਰ ਪ੍ਰਾਜੈਕਟ 'ਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਦਾ ਹੈ ਤਾਂ ਉਸ ਨੂੰ ਖ਼ਰੀਦਦਾਰ ਨੂੰ ਲਿਖਿਤ ਮਨਜ਼ੂਰੀ ਲੈਣੀ ਹੋਵੇਗੀ। ਇਸ ਵਿਵਸਥਾ ਨਾਲ ਬਿਲਡਰ ਦੀ ਮਨਮਰਜ਼ੀ 'ਤੇ ਲਗਾਮ ਲੱਗੇਗੀ।



### ਅਥਾਰਟੀ

ਰੀਅਲ ਅਸਟੇਟ ਸੈਕਟਰ 'ਚ ਕੰਮਕਾਰ 'ਤੇ ਹਮੇਸ਼ਾ ਸਵਾਲ ਉੱਠਦੇ ਰਹਿੰਦੇ ਹਨ। ਰੇਰਾ ਆਉਣ ਨਾਲ ਇਸ 'ਚ ਵੀ ਤਬਦੀਲੀ ਹੋਵੇਗੀ। ਇਸ ਜ਼ਰੀਏ ਖ਼ਰੀਦਦਾਰ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਸੁਲਝਾਉਣ ਦਾ ਠੋਸ ਸਿਸਟਮ ਮਿਲੇਗਾ। ਇਸ ਤੋਂ ਪਹਿਲਾਂ ਖ਼ਾਸ ਤੌਰ 'ਤੇ ਰੀਅਲ ਅਸਟੇਟ ਸੈਕਟਰ ਦੇ ਖ਼ਰੀਦਦਾਰਾਂ ਲਈ ਵਿਵਸਥਾ ਨਹੀਂ ਸੀ। ਰੇਰਾ ਤਹਿਤ ਹਰ ਰਾਜ ਨੂੰ ਇਕ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਬਣਾਉਣੀ ਪਵੇਗੀ। ਜੇ ਕੋਈ ਲੜਾਈ ਹੁੰਦੀ ਹੈ ਤਾਂ ਗਾਹਕ ਇਸ ਦੀ ਸ਼ਿਕਾਇਤ ਕਰ ਸਕਦੇ ਹਨ। ਕਿਸੇ ਬਿਲਡਰ ਦਾ ਪ੍ਰਾਜੈਕਟ ਜੇ 500 ਵਰਗ ਮੀਟਰ ਜਾਂ ਅੱਠ ਅਪਾਰਟਮੈਂਟ ਤੋਂ ਜ਼ਿਆਦਾ ਦਾ ਹੈ ਤਾਂ ਉਸ ਨੂੰ ਇਸ ਸੰਖਿਆ 'ਚ ਰਜਿਸਟਰ ਕਰਵਾਉਣਾ ਹੋਵੇਗਾ। ਜੇ ਬਿਲਡਰ ਅਜਿਹਾ ਨਹੀਂ ਕਰਦਾ ਹੈ ਤਾਂ ਉਸ ਨੂੰ ਪ੍ਰਾਜੈਕਟ ਦੀ ਲਾਗਤ ਦਾ 10 ਫ਼ੀਸਦੀ ਜੁਰਮਾਨੇ ਦੇ ਤੌਰ 'ਤੇ ਦੇਣਾ ਹੋਵੇਗਾ। ਜੇ ਬਿਲਡਰ ਵਾਰ-ਵਾਰ ਗ਼ਲਤੀ ਕਰਦਾ ਹੈ ਤਾਂ ਉਸ ਨੂੰ ਸਜਾ ਵੀ ਹੋ ਸਕਦੀ ਹੈ।

# ਯਰੇਸ਼ਾਨੀ ਦਾ ਘਰ ਤਨਖ਼ਾਹ ਦਾ ਜਲਦੀ ਖ਼ਤਮ ਹੋਣਾ



ਮਹਿੰਗਾਈ ਜ਼ਿਆਦਾ ਹੈ ਅਤੇ ਤਨਖ਼ਾਹ ਘੱਟ। ਅਜਿਹੇ 'ਚ ਬੱਚਤ ਅਤੇ ਨਿਵੇਸ਼ ਕਰੀਏ ਤਾਂ ਕਿਵੇਂ ਕਰੀਏ? ਜ਼ਿਆਦਾਤਰ ਲੋਕਾਂ ਦੀ ਤਨਖ਼ਾਹ ਮਹੀਨਾ ਪੂਰਾ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੀ ਹੈ। ਫਿਰ ਤੋਂ ਸ਼ੁਰੂ ਹੁੰਦਾ ਹੈ ਉਹ ਸਮਾਂ ਜਦੋਂ ਤਨਖ਼ਾਹ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ ਜਾਂਦਾ ਹੈ। ਤਨਖ਼ਾਹ, ਬੱਚਤ ਅਤੇ ਨਿਵੇਸ਼ ਦੇ ਕਈ ਅਜਿਹੇ ਅੰਕੜੇ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ।

### ਖ਼ਰਚ ਹੁੰਦੀ ਤਨਖ਼ਾਹ

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਦਸ 'ਚੋਂ ਨੌਂ ਪਰਿਵਾਰ ਆਪਣੀ ਸਾਰੀ ਕਮਾਈ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰਾ ਕਰਨ 'ਚ ਖ਼ਰਚ ਕਰ ਦਿੰਦੇ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸਾਡੇ ਦੇਸ਼ 'ਚ 94 ਫ਼ੀਸਦੀ ਪਰਿਵਾਰ ਅਜਿਹੇ ਹਨ ਜੋ 70-100 ਫ਼ੀਸਦੀ ਤਨਖ਼ਾਹ ਖ਼ਰਚ ਕਰ ਦਿੰਦੇ ਹਨ। ਹੁਣ ਇਸ ਤੋਂ ਹੀ ਅੰਦਾਜ਼ਾ ਲਗਾ ਲਓ ਕਿ ਭਾਰਤ ਦੇ ਲੋਕ ਬੱਚਤ ਨੂੰ ਲੈ ਕੇ ਕਿਨੇ ਸੁਚੇਤ ਹਨ।

### ਕਰਜ਼ ਦਾ ਬੋਝ ਨਾ-ਪਸੰਦ

ਸਾਰਿਆਂ ਦਾ ਸੁਪਨਾ ਘਰ ਖ਼ਰੀਦਣ ਦਾ ਹੋਵੇ ਪਰ ਜ਼ਿਆਦਾਤਰ ਲੋਕ ਇਸ ਲਈ ਕਰਜ਼ ਲੈਣ 'ਚ ਸਹਿਜ ਮਹਿਸੂਸ ਨਹੀਂ ਕਰਦੇ। ਸ਼ਾਇਦ ਇਸ ਲਈ ਕਿਉਂਕਿ ਸਾਡੇ ਭਾਰਤੀਆਂ ਦੀ ਇਕ ਖ਼ਾਸੀਅਤ ਹੈ ਕਿ ਅਸੀਂ ਕਿਸੇ ਦੇ ਬੋਝ ਹੇਠ ਦੱਬੇ ਰਹਿਣ 'ਚ ਸਕੂਨ ਮਹਿਸੂਸ ਨਹੀਂ ਕਰਦੇ। ਇਹ ਹੀ ਕਾਰਨ ਹੈ ਕਿ 20 'ਚੋਂ 17 ਪਰਿਵਾਰਾਂ 'ਤੇ ਘਰ-ਕਰਜ਼ ਦਾ ਕੋਈ ਬੋਝ ਨਹੀਂ ਹੈ।

### ਬੱਚਤ ਲਈ ਜਗ੍ਹਾ

ਭਾਰਤ 'ਚ 56.2 ਫ਼ੀਸਦੀ ਲੋਕ ਬੈਂਕ ਡਿਪਾਜ਼ਿਟ 'ਚ ਨਿਵੇਸ਼ ਕਰਦੇ ਹਨ। 9.5 ਫ਼ੀਸਦੀ (ਰੀਅਲ ਅਸਟੇਟ), 6.3 ਫ਼ੀਸਦੀ (ਬੀਮਾ), 3.8 ਫ਼ੀਸਦੀ (ਸੋਨਾ) ਅਤੇ 2.1 ਫ਼ੀਸਦੀ ਦੂਜੀਆਂ ਚੀਜ਼ਾਂ 'ਚ।

### ਖ਼ਾਲੀ ਜੇਬ

ਦੇਸ਼ ਦੇ ਅੱਧੇ ਪਰਿਵਾਰ ਦੀ ਤਨਖ਼ਾਹ ਮਹੀਨੇ ਦੇ ਅੰਤ ਤਕ ਖ਼ਤਮ ਹੋ ਜਾਂਦੀ ਹੈ। ਇਕ ਰਿਪੋਰਟ ਮੁਤਾਬਕ 47 ਫ਼ੀਸਦੀ ਪਰਿਵਾਰ ਅਜਿਹੇ ਹਨ ਜੋ ਆਪਣੀ ਆਮਦਨ ਦਾ 1-29 ਫ਼ੀਸਦੀ ਹਿੱਸਾ ਬਚਾ ਲੈਂਦੇ ਹਨ। ਉੱਥੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਿਰਫ਼ 1.3 ਫ਼ੀਸਦੀ ਪਰਿਵਾਰ ਅਜਿਹੇ ਹਨ ਜੋ ਹਰ ਮਹੀਨੇ 50-100 ਫ਼ੀਸਦੀ ਦੀ ਬੱਚਤ ਕਰਦੇ ਹਨ। 84 ਫ਼ੀਸਦੀ ਪਰਿਵਾਰ ਅਜਿਹੇ ਹਨ ਜੋ 1-29 ਫ਼ੀਸਦੀ ਵਿਚਕਾਰ ਨਿਵੇਸ਼ ਕਰਦੇ ਹਨ।

### ਭਵਿੱਖ ਦੀ ਚਿੰਤਾ

ਸਾਡੇ ਦੇਸ਼ 'ਚ ਦੋ ਤਿਹਾਈ ਲੋਕ ਅਜਿਹੇ ਹਨ, ਜੋ ਨੌਕਰੀ ਜਾਣ ਦੀ ਚਿੰਤਾ ਨਾਲ ਬੱਚਤ ਕਰਦੇ ਹਨ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਅਜਿਹੇ ਲੋਕਾਂ ਦੀ ਸੰਖਿਆ 70.6 ਫ਼ੀਸਦੀ ਹੈ। ਇਸ ਲਈ ਜ਼ਿਆਦਾਤਰ ਲੋਕ ਆਪਣੇ ਭਵਿੱਖ ਦੀ ਚਿੰਤਾ ਖ਼ਾਤਰ ਵੀ ਨਿਵੇਸ਼ ਕਰਨ ਨੂੰ ਪਹਿਲ ਦਿੰਦੇ ਹਨ।

# ਜੀਵਨ ਨੂੰ ਆਸਾਨ ਬਣਾਉਂਦੀ ਹੈ ਈਐੱਮਆਈ

*ਈਐੱਮਆਈ ਤੁਹਾਡਾ ਜੀਵਨ ਆਸਾਨ ਕਰਦੀ ਹੈ ਪਰ ਵਿਆਜ ਅਤੇ ਪ੍ਰੋਸੈਸਿੰਗ ਫ਼ੀਸ ਵੀ ਇਸ ਦੇ ਨਾਲ ਆਉਂਦੇ ਹਨ। ਇਸ ਦੇ ਨਾਲ ਗ਼ੈਰ-ਜ਼ਰੂਰੀ ਨਜ਼ਰ ਆਉਣ ਵਾਲਾ ਖ਼ਰਚ ਦਬਾਅ ਪਾਉਂਦਾ ਹੈ।*

ਆਦਿਤਿਆ ਅਤੇ ਪ੍ਰਸ਼ਾਂਤ ਕਈ ਮਹੀਨਿਆਂ ਬਾਅਦ ਮਿਲੇ। ਸਾਲਾਂ ਤੋਂ ਉਨ੍ਹਾਂ ਦਾ ਮਿਲਣ ਦਾ ਸੁਪਨਾ ਇਕ ਸੁਪਨਾ ਹੀ ਸੀ। ਇਸ ਵਾਰ ਪ੍ਰਸ਼ਾਂਤ ਬਹੁਤ ਖ਼ੁਸ਼ ਸੀ ਕਿਉਂਕਿ ਉਹ ਮਾਲਦੀਵ ਦੇ ਸੀਕ੍ਰੇਟ ਆਈਲੈਂਡ 'ਤੇ ਸਕੂਬਾ ਡਾਈਵਿੰਗ ਟ੍ਰਿਪ ਕਰਨ ਜਾ ਰਿਹਾ ਸੀ। ਉਸ ਨੂੰ ਇਕ ਹੀ ਪਰੇਸ਼ਾਨੀ ਸੀ ਕਿ ਇਸ ਟ੍ਰਿਪ ਦਾ ਖ਼ਰਚ ਤਿੰਨ ਲੱਖ ਰੁਪਏ ਹੋਵੇਗਾ।

ਜ਼ਿਆਦਾ ਖ਼ਰਚ ਕਰਨ ਵਾਲੇ ਪ੍ਰਸ਼ਾਂਤ ਕੋਲ ਟ੍ਰਿਪ ਲਈ ਬਹੁਤ ਘੱਟ ਬੱਚਤ ਸੀ ਪਰ ਉਹ ਜ਼ਿੰਦਗੀ 'ਚ ਇਕ ਹੀ ਹੋਣ ਵਾਲੀ ਟ੍ਰਿਪ ਸੀ ਤੇ ਉਹ ਇਸ ਨੂੰ ਛੱਡਣਾ ਨਹੀਂ ਸੀ ਚਾਹੁੰਦਾ। ਇਸ ਲਈ ਉਸ ਨੇ 12.5 ਫ਼ੀਸਦੀ ਵਿਆਜ ਦਰ 'ਤੇ ਤਿੰਨ ਸਾਲ ਲਈ ਹਾਲੀਡੇਅ ਪਲਾਨ ਲੈਣ ਦਾ ਫ਼ੈਸਲਾ ਕੀਤਾ। ਦੂਜੇ ਪਾਸੇ ਆਦਿਤਿਆ, ਪ੍ਰਸ਼ਾਂਤ ਤੋਂ ਇਕਦਮ ਉਲਟ ਸੀ। ਉਹ ਵੀ ਟ੍ਰਿਪ ਨੂੰ ਲੈ ਕੇ ਉਤਸ਼ਾਹਿਤ ਸੀ ਪਰ ਉਸ ਨੂੰ ਪੈਸਿਆਂ ਦੀ ਪਰੇਸ਼ਾਨੀ ਨਹੀਂ ਸੀ। ਦੋਵੇਂ ਦੋਸਤ ਕਈ ਸਾਲਾਂ ਤੋਂ ਅਜਿਹੇ ਟ੍ਰਿਪ 'ਤੇ ਜਾਣ ਦੀ ਯੋਜਨਾ ਬਣਾ ਰਹੇ ਸੀ। ਇਸ ਲਈ ਆਦਿਤਿਆ ਨੇ ਇਸ ਟ੍ਰਿਪ ਲਈ ਬੱਚਤ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਲਈ ਉਸ ਨੇ ਐੱਸਆਈਪੀ ਜ਼ਰੀਏ ਹਰ ਮਹੀਨੇ ਮਿਊਚਲ ਫੰਡ 'ਚ ਨਿਵੇਸ਼ ਕੀਤਾ। ਹੁਣ ਉਸ ਦਾ ਮਾਲਦੀਵ ਦੇ ਟ੍ਰਿਪ ਦਾ ਸੁਪਨਾ ਪੂਰਾ ਹੋ ਰਿਹਾ ਹੈ ਤੇ ਉਸ ਕੋਲ ਖ਼ਰਚ ਕਰਨ ਲਈ ਬੱਚਤ ਦਾ ਪੈਸਾ ਹੈ। ਇਸ ਲਈ ਇੱਥੇ ਦੋ ਤਰ੍ਹਾਂ ਦੇ ਲੋਕ ਹਨ। ਇਕ ਉਹ ਜੋ ਈਐੱਮਆਈ ਜ਼ਰੀਏ ਪੈਸੇ ਖ਼ਰਚ ਕਰ ਰਿਹਾ ਹੈ ਅਤੇ ਦੂਜਾ ਉਹ ਜਿਸ ਨੇ ਪਹਿਲਾਂ ਤੋਂ ਹੀ ਯੋਜਨਾ ਬਣਾ ਲਈ ਅਤੇ ਐੱਸਆਈਪੀ ਦਾ ਰਸਤਾ ਚੁਣਿਆ।

### ਅਪਣਾਓ ਇਹ ਰਸਤਾ

ਈਐੱਮਆਈ ਤੁਹਾਡਾ ਜੀਵਨ ਆਸਾਨ ਕਰਦੀ ਹੈ ਅਤੇ ਤੁਹਾਡੇ ਸੁਪਨੇ ਜਲਦੀ ਪੂਰਾ ਕਰਨ 'ਚ ਮਦਦ ਕਰਦੀ ਹੈ ਪਰ ਵਿਆਜ ਅਤੇ ਪ੍ਰੋਸੈਸਿੰਗ ਫ਼ੀਸ ਵੀ ਇਸ ਦੇ ਨਾਲ ਆਉਂਦੀ ਹੈ। ਇਸ ਤੋਂ ਇਲਾਵਾ ਤੁਹਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਅਤੇ ਜੇਬ 'ਤੇ ਗ਼ੈਰ-ਜ਼ਰੂਰੀ ਨਜ਼ਰ ਆਉਣ ਵਾਲਾ ਖ਼ਰਚ ਦਬਾਅ ਪਾਉਂਦਾ ਹੈ। ਐੱਸਆਈਪੀ 'ਚ ਵੀ ਤੁਹਾਨੂੰ ਹਰ ਮਹੀਨੇ ਨਿਵੇਸ਼ ਕਰਨਾ ਹੁੰਦਾ ਹੈ ਤਾਂ ਸਵਾਲ ਉੱਠਦਾ ਹੈ ਕਿ ਈਐੱਮਆਈ ਇਕ ਬੋਝ ਕਿਉਂ ਉਠਾਇਆ ਜਾਵੇ, ਜਦਕਿ ਇਕ ਰਸਤਾ ਬਗ਼ੈਰ ਕਰਜ਼ ਦਾ ਵੀ ਹੈ।

### ਛੋਟੀ ਬੱਚਤ

ਐੱਸਆਈਪੀ ਜ਼ਰੀਏ ਤੁਸੀਂ ਹਮੇਸ਼ਾ ਛੋਟੀ ਬੱਚਤ ਕਰ ਸਕਦੇ ਹੋ। ਇਸ 'ਚ ਤੁਸੀਂ ਰੋਜ਼ਾਨਾ, ਮਹੀਨੇ 'ਚ ਅਤੇ ਤਿਮਾਹੀ ਨਿਵੇਸ਼ ਕਰ ਸਕਦੇ ਹੋ। ਤੁਸੀਂ 500 ਰੁਪਏ ਜ਼ਰੀਏ ਨਿਵੇਸ਼ ਦੀ ਸ਼ੁਰੂਆਤ ਕਰ ਸਕਦੇ ਹੋ। ਆਦਿਤਿਆ ਐੱਸਆਈਪੀ ਜ਼ਰੀਏ ਹਰ ਮਹੀਨੇ ਦੋ ਸਾਲ ਤੋਂ ਦਸ ਹਜ਼ਾਰ ਰੁਪਏ ਨਿਵੇਸ਼ ਕਰ ਰਿਹਾ ਸੀ। ਦੋ ਸਾਲ 'ਚ ਚੰਗੇ ਰਿਟਰਨ ਦੀ ਬਦੌਲਤ ਉਸ ਦਾ ਨਿਵੇਸ਼ 3,41,00 ਰੁਪਏ ਹੋ ਗਿਆ। ਇਸ ਲਈ ਉਹ ਇਸ ਟ੍ਰਿਪ 'ਤੇ ਬਿਨਾ ਕਿਸੇ ਪਰੇਸ਼ਾਨੀ ਦੇ ਜਾ ਸਕਦਾ ਹੈ। ਦੂਜੇ ਪਾਸੇ ਪ੍ਰਸ਼ਾਂਤ ਅਗਲੇ ਤਿੰਨ ਸਾਲ ਤਕ ਹਰ ਮਹੀਨੇ 9,900 ਰੁਪਏ ਬਤੌਰ ਈਐੱਮਆਈ ਚੁਕਾਵੇਗਾ।

### ਸੰਯੁਕਤ ਕਰਨਾ

ਐੱਸਆਈਪੀ 'ਚ ਤੁਹਾਨੂੰ ਇਕੱਠਾ ਕਰਨ ਦੀ ਤਾਕਤ ਮਿਲਦੀ ਹੈ। ਇਸ ਜ਼ਰੀਏ ਤੁਹਾਡੇ ਵੱਲੋਂ ਕੀਤਾ ਗਿਆ ਨਿਵੇਸ਼ ਤੁਹਾਡੀ ਪੂੰਜੀ ਨੂੰ ਉਤਾਅ-ਚੜ੍ਹਾਅ ਦੇ ਹਰ ਦੌਰ 'ਚ ਵਧਾਉਂਦਾ ਹੈ। ਮੰਨ ਲਓ ਕਿ ਤੁਸੀਂ ਇਕ ਐੱਸਆਈਪੀ ਇਕ ਹਜ਼ਾਰ ਰੁਪਏ ਤੋਂ ਸ਼ੁਰੂ ਕੀਤੀ ਹੈ। ਜੇ ਤੁਸੀਂ ਇਸ 'ਚ 20 ਸਾਲ ਤਕ ਨਿਵੇਸ਼ ਜਾਰੀ ਰੱਖੋਗੇ ਤਾਂ ਕੁਲ ਨਿਵੇਸ਼ 2.4 ਲੱਖ ਤੋਂ ਵੱਧ ਕੇ 15 ਲੱਖ ਰੁਪਏ ਹੋ ਜਾਵੇਗਾ। ਇਹ ਰਕਮ ਤੁਹਾਨੂੰ ਸਾਲਾਨਾ 15 ਫ਼ੀਸਦੀ ਸੰਭਾਵਿਤ ਰਿਟਰਨ ਮਿਲਣ 'ਤੇ ਮਿਲੇਗੀ।

ਇਸੇ ਤਰ੍ਹਾਂ ਆਦਿਤਿਆ ਦਾ 2.4 ਲੱਖ ਦਾ ਨਿਵੇਸ਼ ਦੋ ਸਾਲ 'ਚ ਪਾਵਰ ਆਫ ਕੰਪਾਊਂਡਿੰਗ ਤੋਂ ਵੱਧ ਕੇ 3.5 ਲੱਖ ਹੋ ਗਿਆ। ਦੂਜੇ ਪਾਸੇ ਪ੍ਰਸ਼ਾਂਤ ਆਪਣੀ ਆਪਣੀ ਟ੍ਰਿਪ ਦੇ ਖ਼ਰਚ ਤੋਂ ਉਪਰ ਰਕਮ ਦੇਵੇਗਾ।

ਅੱਜ-ਕੱਲ੍ਹ ਦੇ ਨੌਜਵਾਨ ਕਰਜ਼ ਲੈ ਕੇ ਖ਼ਰਚ ਕਰਦੇ ਹਨ। ਬਾਅਦ 'ਚ ਇਸੇ ਕਾਰਨ ਕਰਜ਼ ਦੇ ਜਾਲ 'ਚ ਫਸ ਜਾਂਦੇ ਹਨ। ਤੁਹਾਡੇ ਕੋਲ ਈਐੱਮਆਈ ਦਾ ਸਾਧਨ ਹੈ ਪਰ ਕੀ ਤੁਹਾਨੂੰ ਉਸ ਦੀ ਜ਼ਰੂਰਤ ਹੈ? ਈਐੱਮਆਈ ਉਸ ਸਮੇਂ ਕੰਮ ਆਉਂਦੀ ਹੈ ਜਦੋਂ ਤੁਹਾਨੂੰ ਕਿਸੇ ਸਾਮਾਨ ਦੀ ਜ਼ਰੂਰਤ ਹੋਵੇ। ਮੰਨ ਲਓ ਤੁਹਾਨੂੰ ਮੋਬਾਈਲ ਚੋਰੀ ਹੋ ਚੁੱਕਾ ਹੈ ਜਾਂ ਟੁੱਟ ਚੁੱਕਾ ਹੈ, ਅਜਿਹੇ 'ਚ ਤੁਸੀਂ ਈਐੱਮਆਈ ਤੋਂ ਮੋਬਾਇਲ ਖ਼ਰੀਦ ਸਕਦੇ ਹੋ।

ਹਰ ਛੋਟੀ-ਵੱਡੀ ਚੀਜ਼ ਖ਼ਰੀਦਣ ਲਈ ਕਰਜ਼ ਲੈਣ ਨਾਲ ਤੁਹਾਡਾ ਤਣਾਅ ਵੱਧ ਜਾਵੇਗਾ। ਤੁਸੀਂ ਇਹ ਤੈਅ ਕਰੋ ਕਿ ਇਹ ਕੰਮ ਤੁਹਾਡੀ ਪਹਿਲ 'ਤੇ ਭਾਰੀ ਨਾ ਪਵੇ। ਯਾਦ ਰੱਖੋ ਥੋੜ੍ਹੇ ਸਮੇਂ ਦੀ ਖ਼ੁਸ਼ੀ ਲਈ ਤੁਸੀਂ ਜੀਵਨ ਦੇ ਵੱਡੇ ਸੁਪਨਿਆਂ ਨੂੰ ਕਿਵੇਂ ਪੂਰਾ ਕਰੋਗੇ? ਅਜਿਹਾ ਕਰਕੇ ਤੁਸੀਂ ਆਪਣੇ ਪੂਰੇ ਪਰਿਵਾਰ ਦੀ ਸਿਹਤ ਨਾਲ ਖਿਲਵਾੜ ਵੀ ਕਰ ਰਹੇ ਹੋ।




### ਹਮੇਸ਼ਾ ਧਿਆਨ ਰੱਖੋ

- ਅਜਿਹੇ ਖ਼ਰਚ, ਜਿਨ੍ਹਾਂ ਤੋਂ ਤੁਸੀਂ ਬਚ ਸਕਦੇ ਹੋ, ਬਚਣਾ ਚਾਹੀਦਾ ਹੈ।
- ਛੋਟੀ ਰਕਮ ਤੋਂ ਜਲਦ ਸ਼ੁਰੂਆਤ ਕਰਕੇ ਉਸ ਨੂੰ ਹੌਲੀ-ਹੌਲੀ ਵਧਾਉਣਾ ਸਮਾਰਟ ਨਿਵੇਸ਼ ਦਾ ਤਰੀਕਾ ਹੈ।
- ਕਰਜ਼ ਲੈਣ 'ਚ ਦੇਰੀ ਤੇ ਆਪਣੇ ਵੱਡੇ ਖ਼ਰਚ ਨੂੰ ਟਾਲ ਕੇ ਤੁਸੀਂ ਵਿਆਜ 'ਤੇ ਪੈਸਾ ਬਚਾ ਸਕਦੇ ਹੋ।

ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਐਮਰਜੈਂਸੀ ਕਦੋਂ ਵੀ ਆ ਸਕਦੀ ਹੈ। ਇਸ ਲਈ ਤੁਹਾਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਮਿਊਚਲ ਫੰਡ ਤੋਂ ਔਖੇ ਸਮੇਂ ਲਈ ਐਮਰਜੈਂਸੀ ਫੰਡ ਕਿਸ ਤਰ੍ਹਾਂ ਬਣਾਇਆ ਜਾਵੇ। ਇਕ ਗੱਲ ਹਮੇਸ਼ਾ ਧਿਆਨ ਰੱਖੋ ਨਿਵੇਸ਼ ਕਰਨ ਲਈ ਸਮੇਂ ਦਾ ਇੰਤਜ਼ਾਰ ਨਾ ਕਰੋ। ਕਈ ਲੋਕ ਸੋਚਦੇ ਹਨ ਕਿ ਹੁਣ ਤਾਂ ਬਾਜ਼ਾਰ ਬਹੁਤ ਹੇਠਾਂ ਹੈ ਅਤੇ ਹੁਣ ਨਿਵੇਸ਼ ਕਿਉਂ ਕਰਾਂ। ਨਿਵੇਸ਼ ਦਾ ਕੋਈ ਸਮਾਂ ਨਹੀਂ ਹੁੰਦਾ।

## ਐੱਸਆਈਪੀ ਨਾਲ ਜੁੜੀਆਂ ਗੱਲਾਂ

### ਟਾਪ ਅੱਪ ਦੀ ਸੁਵਿਧਾ

ਇਕ ਵਾਰ ਐੱਸਆਈਪੀ ਦੀ ਰਕਮ ਕਿਸੇ ਮਿਊਚਲ ਫੰਡ 'ਚ ਫਿਕਸ ਕਰਨ ਤੋਂ ਬਾਅਦ ਤੁਸੀਂ ਉਸਨੂੰ ਵਧਾ ਸਕਦੇ ਹੋ। ਅੱਜ-ਕੱਲ੍ਹ ਕੰਪਨੀਆਂ ਐੱਸਆਈਪੀ 'ਚ ਟਾਪ-ਅੱਪ ਦੇ ਸਾਧਨ ਦੇ ਰਹੀਆਂ ਹਨ। ਜਦੋਂ ਤੁਸੀਂ ਕਿਸੇ ਸਕੀਮ 'ਚ ਨਿਵੇਸ਼ ਕਰਨਾ ਸ਼ੁਰੂ ਕਰ ਰਹੇ ਹੋ ਤਾਂ ਤੁਹਾਨੂੰ ਸਾਧਨ ਚੁਣਨਾ ਪਵੇਗਾ। ਇਕ ਵਾਰ ਸਾਧਨ ਚੁਣਨ ਤੋਂ ਬਾਅਦ ਤੁਸੀਂ ਇਸ ਨੂੰ ਬਦਲ ਨਹੀਂ ਸਕਦੇ। ਜੇ ਹਰ ਮਹੀਨੇ ਦੀ ਐੱਸਆਈਪੀ ਹੈ ਤਾਂ ਤੁਸੀਂ ਛਿਮਾਹੀ ਜਾਂ ਸਾਲਾਨਾ ਟਾਪ ਅੱਪ ਦੀ ਸੁਵਿਧਾ ਲੈ ਸਕਦੇ ਹੋ।

### ਐੱਸਆਈਪੀ ਰੋਕਣ ਦੀ ਸਹੂਲਤ

ਜੇ ਕੋਈ ਵੱਡੀ ਐਮਰਜੈਂਸੀ ਆ ਗਈ ਹੈ ਤਾਂ ਤੁਸੀਂ ਐੱਸਆਈਪੀ ਦੀ ਸੁਵਿਧਾ ਥੋੜ੍ਹੇ ਸਮੇਂ ਲਈ ਰੋਕ ਸਕਦੇ ਹੋ। ਕੰਪਨੀਆਂ ਐੱਸਆਈਪੀ ਨੂੰ ਇਕ ਤੋਂ ਲੈ ਕੇ ਤਿੰਨ ਮਹੀਨੇ ਤਕ ਲਈ ਰੋਕਣ ਦੀ ਸੁਵਿਧਾ ਵੀ ਦਿੰਦੀਆਂ ਹਨ।

### ਫਲੈਕਸੀ ਐੱਸਆਈਪੀ

ਜੇ ਕਿਸੇ ਮਹੀਨੇ ਤੁਹਾਡੇ ਕੋਲ ਵੱਡੀ ਰਕਮ ਆ ਗਈ ਹੈ ਤਾਂ ਤੁਸੀਂ ਇਕੋ ਸਮੇਂ ਕਿਸੇ ਫੰਡ 'ਚ ਨਿਵੇਸ਼ ਕਰ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਇਕ ਸਾਲ, ਤਿੰਨ ਸਾਲ ਅਤੇ ਪੰਜ ਸਾਲ ਲਈ ਐੱਸਆਈਪੀ ਫਿਕਸ ਕਰ ਸਕਦੇ ਹੋ। ਜੇ ਤੁਹਾਡੇ ਦਿਮਾਗ 'ਚ ਤਿੰਨ ਸਾਲ ਦਾ ਕੋਈ ਸੁਪਨਾ ਹੈ ਤਾਂ ਤੁਸੀਂ ਇਸ ਲਈ ਐੱਸਆਈਪੀ ਫਿਕਸ ਕਰ ਸਕਦੇ ਹੋ।



# ਬਲਤੇਜ ਪੰਨੂ ਨੇ ਅਮਿਤ ਸ਼ਾਹ ’ਤੇ ਲਗਾਏ ਪਾਰਟੀ ਨੂੰ ਤੋੜਨ ਦੇ ਦੋਸ਼

ਕੌਮੀ ਪਤ੍ਰਿਕਾ

ਚੰਡੀਗੜ੍ਹ 29 ਅਪ੍ਰੈਲ। ਆਮ ਆਦਮੀ ਪਾਰਟੀ ਦੇ ਆਗੂ ਬਲਤੇਜ ਪੰਨੂ ਨੇ ਕੇਂਦਰ ਸਰਕਾਰ ’ਤੇ ਗੰਭੀਰ ਦੋਸ਼ ਲਗਾਏ ਹਨ। ਬਲਤੇਜ ਪੰਨੂ ਨੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਏ ਚਾਰ ਸਾਲ ਪੂਰੇ ਹੋ ਚੁੱਕੇ ਹਨ ਅਤੇ ਪਾਰਟੀ 5ਵੇਂ ਸਾਲ ਵਿਚ ਦਾਖਲ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਸਰਕਾਰ ਨੂੰ ਤੋੜਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਕਦੇ ਵਿਧਾਇਕਾਂ ਨੂੰ ਖਰੀਦਣ ਅਤੇ ਕਦੇ ਤੋੜਨ ਦੀ ਸਾਜ਼ਿਸ਼ ਰਚੀ ਗਈ ਹੈ। ਪੰਨੂ ਨੇ ਕਿਹਾ ਕਿ ਕੋਈ ਆਗੂ ਕਹਿ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੇ 35 ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਹਨ। ਕਦੇ ਵਿਧਾਇਕਾਂ ਨੂੰ ਲਾਲਚ ਵੀ ਦਿੱਤਾ ਗਿਆ ਪਰ ਪਾਰਟੀ ਵਿਚ ਉਹ ਆਗੂ ਸ਼ਾਮਲ ਹਨ ਜਿਹੜੇ ਲਾਲਚ ਵਿਚ ਆ ਕੇ ਟੁੱਟੇ ਨਹੀਂ। ਪੰਨੂ ਨੇ ਭਾਜਪਾ ’ਤੇ ਦੋਸ਼ ਲਗਾਏ ਹਨ ਕਿ ਜਦੋਂ ਤੋਂ ਭਾਜਪਾ ਕੇਂਦਰ ਦੀ ਸੱਤਾ ਵਿਚ ਆਈ ਹੈ, ਉਦੋਂ ਤੋਂ ਗੈਰ ਭਾਜਪਾ ਸਰਕਾਰ ਵਿਚ ਆਗੂਆਂ ਨੂੰ ਲੈ ਕੇ ਖਰੀਦ-ਫਰੋਖਤ ਕਰਕੇ ਅਤੇ ਡਰਾ ਧਮਕਾ ਕੇ ਸਰਕਾਰਾਂ ਤੋੜੀਆਂ ਗਈਆਂ। ਪੰਨੂ ਨੇ ਕਿਹਾ ਕਿ ਭਾਜਪਾ ਦਿੱਲੀ ਅਤੇ ਪੰਜਾਬ ਵਿਚ ਸਰਕਾਰਾਂ ਤੋੜਨ ਵਿਚ ਸਫਲ ਨਹੀਂ ਹੋ ਸਕੀ ਕਿਉਂਕਿ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕ ਅਤੇ ਸੰਸਦ ਮੈਂਬਰ ਕਿਸੇ ਮਿਸ਼ਨ ਦੇ ਤਹਿਤ ਸੱਤਾ ਵਿਚ ਸ਼ਾਮਲ ਹੋਏ ਹਨ। ਪਿਛਲੇ ਦਿਨਾਂ ਦੌਰਾਨ ਸੰਸਦ ਮੈਂਬਰ ਅਤੇ ਮੰਤਰੀ ’ਤੇ ਈ. ਡੀ. ਵੱਲੋਂ ਰੇਡਾਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰੋਬਾਰੀਆਂ ’ਤੇ ਪਹਿਲਾਂ ਕਦੇ ਵੀ ਇਸ ਤਰ੍ਹਾਂ ਦੀਆਂ ਰੇਡਾਂ ਨਹੀਂ ਹੋਈਆਂ। ਜਿੱਥੇ-ਜਿੱਥੇ ਚੋਣਾਂ ਸ਼ੁਰੂ ਹੁੰਦੀਆਂ ਹਨ, ਉੱਥੇ ਸਭ ਤੋਂ ਪਹਿਲਾਂ ਭਾਜਪਾ ਲਈ ਸੀਬੀਆਈ, ਈਡੀ ਅਤੇ ਚੋਣ




ਕਮਿਸ਼ਨ ਐਕਟਿਵ ਹੋ ਜਾਂਦੇ ਹਨ। ਪੰਨੂ ਨੇ ਦੋਸ਼ ਲਾਇਆ ਕਿ ਦੂਜੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੌਰਾਨ ਕੇਜਰੀਵਾਲ, ਮਨਿਸ਼ ਸਿਸੋਦੀਆ ਸਮੇਤ ਹੋਰ ਨੇਤਾਵਾਂ ਨੂੰ ਜੇਲ੍ਹ ਭੇਜਿਆ ਗਿਆ ਅਤੇ ਉਨ੍ਹਾਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਗਏ ਪਰ ਕੇਸਾਂ ਵਿਚ ਕੁਝ ਵੀ ਸਾਹਮਣੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਅਦਾਲਤ ਅਨੁਸਾਰ ਇਹ ਕੇਸ ਚੱਲਣ ਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਇਕ ਵਾਰ ਫਿਰ ਸੰਸਦ ਮੈਂਬਰਾਂ ’ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਸੰਸਦ ਮੈਂਬਰਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਜਿਸ ਦੇ ਤਹਿਤ ਅਮਿਤ ਸ਼ਾਹ ਨੇ ਰਾਘਵ ਚੱਢਾ ਨੂੰ ਇਕ ਟੂਲ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਰਾਘਵ ਦੇ ਜ਼ਰੀਏ ਸੰਸਦ ਮੈਂਬਰਾਂ ਨੂੰ ਤੋੜ ਕੇ ਪਾਰਟੀ ਦੀ ਆਵਾਜ਼ ਨੂੰ ਲੋਕ ਸਭਾ ਅਤੇ ਰਾਜ ਸਭਾ ਵਿਚ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਾਰਟੀ ਕੋਲ ਰਿਪੋਰਟ ਹੈ ਕਿ ਰਾਘਵ ਚੱਢਾ ਨੂੰ ਕਿਹਾ ਗਿਆ ਹੈ ਕਿ ਜੇ ਉਹ 7 ਸੰਸਦ ਮੈਂਬਰਾਂ ਨੂੰ ਤੋੜ ਕੇ ਲਿਆਉਂਦਾ ਹੈ ਤਾਂ ਉਸ ਨੂੰ ਮੰਤਰੀ ਅਹੁਦਾ ਦਿੱਤਾ ਜਾ ਸਕਦਾ ਹੈ। ਪੰਨੂ ਨੇ ਕਿਹਾ ਕਿ ਛੋਟੀ ਉਮਰ ਵਿਚ ਪਾਰਟੀ ਨੇ ਰਾਘਵ ਚੱਢਾ ਨੂੰ ਸੰਸਦ ਮੈਂਬਰ ਬਣਾਇਆ। ਪਾਰਟੀ ਨੇ ਰਾਘਵ ਚੱਢਾ ਨੂੰ ਸਭ ਕੁਝ ਦਿੱਤਾ ਪਰ ਅੱਜ ਉਹ ਅਮਿਤ ਸ਼ਾਹ ਦੀਆਂ ਗੱਲਾਂ ਵਿਚ ਆ ਕੇ ਪਾਰਟੀ ਦੀ ਪਿੱਠ ਵਿਚ ਛੁਰਾ ਮਾਰ ਰਹੇ ਹਨ। ਪੰਜਾਬ ਕਦੇ ਵੀ ਪਿੱਠ ’ਚ ਛੁਰਾ ਮਾਰਣ ਵਾਲਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਭਾਜਪਾ 2027 ਵਿਚ ਪੰਜਾਬ ਅੰਦਰ ਚੋਣ ਲੜਨ ਦੇ ਦਾਅਵੇ ਕਰ ਰਹੀ ਹੈ ਅਤੇ ਉਹ ਚੋਣ ਲੜ ਵੀ ਸਕਦੀ ਹੈ ਪਰ ਜਿਸ ਤਰ੍ਹਾਂ ਨਾਲ ਆਮ ਆਦਮੀ ਪਾਰਟੀ ਅਤੇ ਪੰਜਾਬੀਆਂ ’ਤੇ ਹਮਲੇ ਕੀਤੇ ਜਾ ਰਹੇ ਹਨ, ਇਹ ਭੁੱਲ ਜਾਵੇ ਕਿ ਪੰਜਾਬੀ ਚੁੱਪ ਰਹਿਣਗੇ। ਆਮ ਆਦਮੀ ਪਾਰਟੀ ਦੇ ਨੇਤਾ ਕਿਸੇ ਏਜੰਸੀ ਦੀ ਰੇਡ ਤੋਂ ਨਹੀਂ ਡਰਦੇ। ਇਹ ਕੋਸ਼ਿਸ਼ਾਂ ਪਹਿਲਾਂ ਵੀ ਹੋ ਚੁੱਕੀਆਂ ਹਨ। ਭਾਜਪਾ ਤੋਂ ਪਹਿਲਾਂ ਕਾਂਗਰਸ ਦੇ ਪ੍ਰਤਾਪ ਬਾਜਵਾ ਵੀ ਪਾਰਟੀ ਦੇ 35 ਵਿਧਾਇਕਾਂ ਨਾਲ ਸੰਪਰਕ ਦਾ ਦਾਅਵਾ ਕਰ ਚੁੱਕੇ ਹਨ। ਪੰਨੂ ਨੇ ਕਿਹਾ ਕਿ ਹੁਣ ਹੋਰ ਪਾਰਟੀਆਂ ਨੂੰ ਆਪਣੇ ਮੈਨਿਫੈਸਟੋ ਬਦਲਣੇ ਪੈ ਰਹੇ ਹਨ।

## ਫਿਰੌਤੀ ਮੰਗਣ ਅਤੇ ਫ਼ੋਨ ’ਤੇ ਧਮਕੀਆਂ ਦੇਣ ਦੇ ਦੋਸ਼ ’ਚ ਔਰਤ ਗ੍ਰਿਫ਼ਤਾਰ

ਅਬੋਹਰ 29 ਅਪ੍ਰੈਲ। ਨਗਰ ਥਾਣਾ ਨੰਬਰ 1 ਦੇ ਇੰਚਾਰਜ ਮਨਿੰਦਰ ਸਿੰਘ ਦੀ ਅਗਵਾਈ ਹੇਠ ਸਹਾਇਕ ਸਬ-ਇੰਸਪੈਕਟਰ ਭੁਪਿੰਦਰ ਸਿੰਘ ਨੇ ਪੁਲਸ ਪਾਰਟੀ ਸਮੇਤ ਫਿਰੌਤੀ ਮੰਗਣ ਅਤੇ ਫੋਨ ’ਤੇ ਧਮਕੀਆਂ ਦੇਣ ਦੇ ਦੋਸ਼ ਵਿਚ ਇਕ ਔਰਤ ਜੋਤੀ ਪਤਨੀ ਗਗਨਦੀਪ ਸਿੰਘ ਵਾਸੀ ਲੁਧਿਆਣਾ ਨੂੰ ਗ੍ਰਿਫ਼ਤਾਰ ਕੀਤਾ ਹੈ। ਔਰਤ ਨੂੰ ਜੁਡੀਸ਼ੀਅਲ ਮੈਜਿਸਟਰੇਟ ਸਤੀਸ਼ ਕੁਮਾਰ ਸ਼ਰਮਾ ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੇ ਉਸਨੂੰ ਪੁੱਛਗਿੱਛ ਲਈ ਦੋ ਦਿਨ ਦੀ ਪੁਲਸ ਹਿਰਾਸਤ ਵਿਚ ਭੇਜ ਦਿੱਤਾ। ਇਸ ਮਾਮਲੇ ਵਿਚ ਹਰਵਿੰਦਰ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਧਰਮਨਗਰੀ ਅਬੋਹਰ ਅਜੇ ਫ਼ਰਾਰ ਹੈ। ਥਾਣਾ ਇੰਚਾਰਜ ਮਨਿੰਦਰ ਸਿੰਘ ਨੇ ਦੱਸਿਆ ਕਿ ਜਲਦ ਹੀ ਦੂਜੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਨਗਰ ਥਾਣਾ ਪੁਲਸ ਨੇ ਇਕ ਵਿਅਕਤੀ ਦੇ ਬਿਆਨਾਂ ਤੇ 24 ਅਪ੍ਰੈਲ, 2026 ਨੂੰ ਬੀਐੱਨਐੱਸ ਦੀ ਧਾਰਾ 308 (4), 351 (2), ਅਤੇ 61 (2) ਤਹਿਤ ਮਾਮਲਾ ਦਰਜ ਕੀਤਾ ਸੀ।

# ਮੂਸੇਵਾਲਾ ਦੇ ਕਾਤਲਾਂ ਨੂੰ ’ਹੀਰੋ’ ਬਣਾ ਕੇ ਪੇਸ਼ ਕਰਨਾ ਚਿੰਤਾਜਨਕ: ਰਾਜਾ ਵੜਿੰਗ

ਚੰਡੀਗੜ੍ਹ 29 ਅਪ੍ਰੈਲ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੂਬੇ ਨੂੰ ਗੈਂਗਸਟਰਵਾਦ ਦੇ ਦਲਦਲ ਵਿੱਚੋਂ ਕੱਢਣ ਲਈ ਇੱਕ ਵੱਡੀ ਮੁਹਿੰਮ ਦਾ ਆਗਾਜ਼ ਕੀਤਾ ਹੈ। ਉਨ੍ਹਾਂ ਨੇ ’ਲਾਰੈਂਸ ਆਫ ਪੰਜਾਬ’ ਨਾਮੀ ਵੈੱਬ ਸੀਰੀਜ਼ ਦੇ ਪ੍ਰਸਾਰਣ ’ਤੇ ਕੇਂਦਰ ਸਰਕਾਰ ਵੱਲੋਂ ਲਾਈ ਗਈ ਰੋਕ ਨੂੰ ਪੰਜਾਬੀਆਂ ਅਤੇ ਪੰਜਾਬੀਅਤ ਦੀ ਜਿੱਤ ਕਰਾਰ ਦਿੱਤਾ




ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਾਡਾ ਮੁੱਖ ਮਕਸਦ ਪੰਜਾਬ ਨੂੰ ਭੈਅ-ਮੁਕਤ ਅਤੇ ਗੈਂਗਸਟਰ-ਮੁਕਤ ਬਣਾਉਣਾ ਹੈ। ਵੜਿੰਗ ਨੇ 28 ਮਈ 2022 ਦੀ ਉਸ ਦੁਖਦਾਈ ਘਟਨਾ ਨੂੰ ਯਾਦ ਕੀਤਾ ਕਰਦਿਆਂ ਕਿਹਾ ਕਿ ਉਹ ਮੂਸੇਵਾਲਾ ਦੀ ਮਾਂ ਦੇ ਦਰਦ ਨੂੰ ਨਹੀਂ ਭੁੱਲ ਸਕਦੇ, ਜਦੋਂ ਉਸ ਨੇ ਆਪਣੇ 28 ਸਾਲ ਦੇ ਕਾਬਿਲ ਪੁੱਤਰ ਦੇ ਸਿਰ ’ਤੇ ਸਿਹਰੇ ਬੰਨ੍ਹ ਕੇ ਉਸ ਨੂੰ ਅੰਤਿਮ ਵਿਦਾਇਗੀ ਦਿੱਤੀ ਸੀ । ਰਾਜਾ ਵੜਿੰਗ ਨੇ ਭਾਵੁਕ ਹੁੰਦਿਆਂ ਕਿਹਾ ਕਿ ਮੂਸੇਵਾਲਾ ਦੇ ਕਾਤਲਾਂ ਨੂੰ ਮਿਊਜ਼ਿਕ ਅਤੇ ਫਿਲਮਾਂ ਰਾਹੀਂ ’ਹੀਰੋ’ ਬਣਾ ਕੇ ਪੇਸ਼ ਕਰਨਾ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਕਿਹਾ ਇਹ ਉਹ ਪੰਜਾਬ ਹੈ ਜਿਸ ਨੇ ਸਾਰੇ ਦੇਸ਼ ਦਾ ਢਿੱਡ ਭਰਿਆ ਹੈ। ਉਨ੍ਹਾਂ ਕਿਹਾ ਹੁਣ ਇੱਥੇ ’ਲਾਰੈਂਸ ਆਫ ਪੰਜਾਬ’ ਨਾਮੀ ਵੈੱਬ ਸੀਰੀਜ਼ ਨੂੰ ਗਲੋਰੀਫਾਈ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵੈੱਬ ਸੀਰੀਜ਼ ਖਿਲਾਫ 22 ਅਪ੍ਰੈਲ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ ਅਤੇ 23 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਵੈਬ ਸੀਰੀਜ਼ ਬੈਨ ਕਰਨ ਦੀ ਮੰਗ ਕੀਤੀ ਗਈ ਸੀ। ਜਿਸ ਤੋਂ ਬਾਅਦ ਅੱਜ ਅਦਾਲਤ ’ਚ ਭਾਰਤ ਸਰਕਾਰ ਨੇ ਮੰਨਿਆ ਕਿ ਉਹ ਇਸ ਸੀਰੀਜ਼ ਨੂੰ ਲਾਂਚ ਨਹੀਂ ਹੋਣ ਦੇਣਗੇ।

# ਸੂਬੇ ਦੀ ਬਿਹਤਰੀ ਲਈ ਭਾਜਪਾ ਨਾਲ ਮਿਲ ਕੇ ਕਰਾਂਗੇ ਕੰਮ : ਵਿਕਰਮਜੀਤ ਸਿੰਘ ਸਾਹਨੀ

ਵੈੱਬ ਡੈਸਕ 29 ਅਪ੍ਰੈਲ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੇ ਵਿਕਾਸ ਨੂੰ ਲੈ ਕੇ ਇੱਕ ਵੱਡਾ



ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਸਹਿਯੋਗ ਨਾਲ ਉਹ ਪੰਜਾਬ ਤੇ ਇੱਥੋਂ ਦੇ ਲੋਕਾਂ ਦੀ ਸੇਵਾ ਹੋਰ ਵੀ ਵੱਧ ਸਮਰਪਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਦੇ ਯੋਗ ਹੋਣਗੇ। ਸਾਹਨੀ ਨੇ ਪੰਜਾਬ ਪ੍ਰਤੀ ਆਪਣੀ ਭਾਵੁਕ ਸਾਂਝ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਿਰਫ਼ ਇੱਕ ਰਾਜ ਨਹੀਂ ਹੈ, ਸਗੋਂ ਇਹ ਇੱਕ ਅਜਿਹਾ ਜਜ਼ਬਾਤ, ਵਿਰਾਸਤ ਅਤੇ ਜ਼ਿੰਮੇਵਾਰੀ ਹੈ ਜਿਸ ਦੇ ਅਸੀਂ ਸਾਰੇ ਬਰਾਬਰ ਦੇ ਭਾਈਵਾਲ ਹਾਂ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਅੱਜ ਇਹ ਵਿਰਾਸਤ ਦਬਾਅ ਹੇਠ ਹੈ ਕਿਉਂਕਿ ਸੂਬਾ ਇੱਕ ਗੰਭੀਰ ਵਿੱਤੀ ਸੰਕਟ ਅਤੇ ਅਨਿਸ਼ਚਿਤਤਾ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਸੂਬੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਉਨ੍ਹਾਂ ਨੇ ਸਹਿਕਾਰੀ ਸੰਘਵਾਦ ਅਤੇ ਕੇਂਦਰ-ਰਾਜ ਦਰਮਿਆਨ ਮਜ਼ਬੂਤ ਸਾਂਝੇਦਾਰੀ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਿਲ ਕੇ ਕੰਮ ਕਰਨ ਦੀ ਇਸ ਭਾਵਨਾ ਨਾਲ ਹੀ ਅਸੀਂ ਪੰਜਾਬ ਵਿੱਚ ਮੁੜ ਸਥਿਰਤਾ, ਵਿਕਾਸ ਅਤੇ ਉਮੀਦ ਦੀ ਕਿਰਨ ਜਗਾ ਸਕਦੇ ਹਾਂ। ਆਪਣੇ ਜਨਤਕ ਜੀਵਨ ਦੇ ਅਨੁਭਵ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਰ ਕੰਮ ਦਾ ਮੂਲ ਸਿਧਾਂਤ ’ਪੰਜਾਬ ਫਸਟ’ ਰਿਹਾ ਹੈ, ਜੋ ਕਿ ਸਿਰਫ਼ ਇੱਕ ਬਿਆਨ ਨਹੀਂ ਬਲਕਿ ਉਨ੍ਹਾਂ ਦੀ ਜੀਵਨ ਭਰ ਦੀ ਵਚਨਬੱਧਤਾ ਹੈ। ਹਾਰਵਰਡ ਦੇ ਸਾਬਕਾ ਵਿਦਿਆਰਥੀ ਅਤੇ ਸਾਬਕਾ ਅਧਿਕਾਰੀ ਹੋਣ ਦੇ ਨਾਤੇ, ਉਨ੍ਹਾਂ ਨੇ ਵੱਖ-ਵੱਖ ਕੌਮਾਂਤਰੀ ਮੰਚਾਂ ’ਤੇ ਭਾਰਤ ਦੀ ਨੁਮਾਇੰਦਗੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਾਹਨੀ SAARC CCI ਦੇ ਸਾਬਕਾ ਚੇਅਰਮੈਨ, BRICS ਐਗਰੀ ਕੌਂਸਲ ਦੇ ਚੇਅਰਮੈਨ, ਇੰਡੀਆ ਅਰਬ ਕੌਂਸਲ ਦੇ ਚੇਅਰਮੈਨ ਅਤੇ ਪੈਰਿਸ-ਇੰਡੀਆ ICC ਚੈਂਬਰ ਆਫ਼ ਕਾਮਰਸ ਦੇ ਪ੍ਰਧਾਨ ਵਰਗੇ ਅਹਿਮ ਅਹੁਦਿਆਂ ’ਤੇ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ ਵਿਸ਼ਵ ਪੱਧਰ ’ਤੇ ਪੰਜਾਬ ਅਤੇ ਭਾਰਤ ਦੀ ਆਵਾਜ਼ ਨੂੰ ਹੋਰ ਬੁਲੰਦ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ।

## ਨਸ਼ੀਲੇ ਪਦਾਰਥ ਸਮੇਤ ਨੌਜਵਾਨ ਗ੍ਰਿਫ਼ਤਾਰ

ਨੂਰਪੁਰਬੇਦੀ 29 ਅਪ੍ਰੈਲ। ਇੰਸਪੈਕਟਰ ਰੋਹਿਤ ਸ਼ਰਮਾ ਮੁੱਖ ਅਫ਼ਸਰ ਥਾਣਾ ਨੂਰਪੁਰਬੇਦੀ ਦੀ ਹਦਾਇਤ ’ਤੇ ਪੁਲਸ ਨੇ ਦੇਰ ਰਾਤ ਗਸ਼ਤ ਦੌਰਾਨ ਇਕ ਨੌਜਵਾਨ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫ਼ਤਾਰ ਕੀਤਾ। ਥਾਣਾ ਮੁਖੀ ਰੋਹਿਤ ਸ਼ਰਮਾ ਨੇ ਦੱਸਿਆ ਕਿ ਹੌਲਦਾਰ ਅਮਰਿੰਦਰਪਾਲ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਵਾਹਨਾਂ ਅਤੇ ਵਿਅਕਤੀਆਂ ਦੀ ਜਾਂਚ ਲਈ ਗਸ਼ਤ ਦੌਰਾਨ ਨੂਰਪੁਰਬੇਦੀ ਤੋਂ ਝੱਜ ਚੌਕ ਵਾਲੀ ਸਾਈਡ ਨੂੰ ਜਾ ਰਹੇ ਸੀ। ਜਦੋਂ ਪੁਲਸ ਬਾਹੱਦ ਪਿੰਡ ਸਿੰਘਪੁਰ ਬੱਸ ਸਟੈਂਡ ਪੁੱਜੇ ਤਾਂ ਉਨ੍ਹਾਂ ਨੂੰ ਸਾਹਮਣੇ ਤੋਂ ਇਕ ਨੌਜਵਾਨ ਪੈਦਲ ਆਉਂਦਾ ਵਿਖਾਈ ਦਿੱਤਾ, ਜਿਸ ਨੇ ਪੁਲਸ ਦੀ ਗੱਡੀ ਨੂੰ ਵੇਖ ਕੇ ਇਕਦਮ ਘਬਰਾ ਕੇ ਪੈਂਟ ਦੀ ਜੇਬ ਵਿਚੋਂ ਮੋਮੀ ਰੰਗ ਦਾ ਪਲਾਸਟਿਕ ਦਾ ਲਿਫ਼ਾਫ਼ਾ ਸੜਕ ’ਤੇ ਸੁੱਟ ਦਿੱਤਾ ਅਤੇ ਤੇਜ਼-ਤੇਜ਼ ਚੱਲਣ ਲੱਗਾ। ਜਦੋਂ ਉਨ੍ਹਾਂ ਗੱਡੀ ਰੁਕਵਾ ਕੇ ਉਕਤ ਨੌਜਵਾਨ ਨੂੰ ਕਾਬੂ ਕਰਕੇ ਉਸ ਦਾ ਨਾਮ-ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਰਜਤ ਵਾਸੀ ਵਾਲਮੀਕਿ ਮੁਹੱਲਾ ਨੂਰਪੁਰਬੇਦੀ ਦੱਸਿਆ। ਉਸ ਵੱਲੋਂ ਸੁੱਟੇ ਗਏ ਲਿਫ਼ਾਫ਼ੇ ਵਿਚੋਂ 4.85 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ। ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼?ਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

# ਜਲੰਧਰ ਈ. ਡੀ. ਦਫ਼ਤਰ ’ਚ ਵੱਡਾ ਪ੍ਰਸ਼ਾਸਨਿਕ ਫੇਰਬਦਲ: 13 ਅਫਸਰ ਇੱਧਰ-ਉੱਧਰ, ਵਿਭਾਗ ’ਚ ਮਚੀ ਹਲਚਲ !

ਕੌਮੀ ਪਤ੍ਰਿਕਾ

ਜਲੰਧਰ 29 ਅਪ੍ਰੈਲ। ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਜਲੰਧਰ ਦਫ਼ਤਰ ਵਿਚ ਵੱਡੇ ਪੱਧਰ ’ਤੇ ਪ੍ਰਸ਼ਾਸਨਿਕ ਫੇਰਬਦਲ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਵਿਭਾਗ ਨੇ ਇੱਕੋ ਵਾਰ 13 ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਹੈ, ਜਿਸ ਨੂੰ ਹਾਲ ਹੀ ਦੇ ਸਮੇਂ ਦਾ ਸਭ ਤੋਂ ਵੱਡਾ ਫੇਰਬਦਲ ਮੰਨਿਆ ਜਾ ਰਿਹਾ ਹੈ। ਇਸ ਅਚਾਨਕ ਲਏ ਗਏ ਫੈਸਲੇ ਨੇ ਵਿਭਾਗੀ ਹਲਕਿਆਂ ਵਿਚ ਹਲਚਲ ਪੈਦਾ ਕਰ ਦਿੱਤੀ ਹੈ ਅਤੇ ਇਸ ਦੇ ਪਿੱਛੇ ਦੇ ਕਾਰਨਾਂ ਨੂੰ ਲੈ ਕੇ ਚਰਚਾਵਾਂ ਦਾ ਦੌਰ ਤੇਜ਼ ਹੋ ਗਿਆ ਹੈ। ਸੂਤਰਾਂ ਮੁਤਾਬਕ ਜਿਹੜੇ ਅਧਿਕਾਰੀਆਂ ਦਾ ਤਬਾਦਲਾ ਕੀਤਾ ਗਿਆ ਹੈ, ਉਨ੍ਹਾਂ ਵਿਚ ਕਈ ਅਜਿਹੇ ਅਧਿਕਾਰੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਲਗਭਗ ਇਕ ਸਾਲ ਪਹਿਲਾਂ ਹੀ ਜਲੰਧਰ ਵਿਚ ਤਾਇਨਾਤ ਕੀਤਾ ਗਿਆ ਸੀ। ਆਮ ਤੌਰ ’ਤੇ ਈ. ਡੀ. ਵਿਚ ਅਧਿਕਾਰੀਆਂ ਦਾ ਕਾਰਜਕਾਲ ਇਸ ਤੋਂ ਵੱਧ ਹੁੰਦਾ ਹੈ, ਪਰ ਇਨ੍ਹਾਂ ਅਧਿਕਾਰੀਆਂ ਨੂੰ ਤੈਅ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਹੋਰਨਾਂ ਸੂਬਿਆਂ ਵਿਚ ਭੇਜ ਦਿੱਤਾ ਗਿਆ ਹੈ। ਇਸ ਕਾਰਨ ਇਹ ਕਦਮ ਆਮ ਪ੍ਰਸ਼ਾਸਨਿਕ ਪ੍ਰਕਿਰਿਆ ਤੋਂ ਹਟ ਕੇ ਮੰਨਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਆਮ ਤੌਰ ’ਤੇ ਕਿਸੇ ਇਕ ਸਟੇਸ਼ਨ ਤੋਂ ਸੀਮਤ




ਗਿਣਤੀ ਵਿਚ, ਜਿਵੇਂ ਕਿ ਇਕ ਜਾਂ ਦੋ ਅਧਿਕਾਰੀਆਂ ਦਾ ਹੀ ਤਬਾਦਲਾ ਕੀਤਾ ਜਾਂਦਾ ਹੈ, ਤਾਂ ਜੋ ਕਾਰਜ ਪ੍ਰਣਾਲੀ ’ਤੇ ਜ਼ਿਆਦਾ ਪ੍ਰਭਾਵ ਨਾ ਪਵੇ। ਪਰ ਜਲੰਧਰ ਈ. ਡੀ. ਦਫ਼ਤਰ ਤੋਂ ਇੱਕੋ ਵਾਰ 13 ਅਧਿਕਾਰੀਆਂ ਦਾ ਤਬਾਦਲਾ ਕੀਤਾ ਜਾਣਾ ਇਕ ਅਸਾਧਾਰਨ ਕਦਮ ਮੰਨਿਆ ਜਾ ਰਿਹਾ ਹੈ। ਇੰਨੇ ਵੱਡੇ ਪੈਮਾਨੇ ’ਤੇ ਹੋਏ ਬਦਲਾਅ ਦੇ ਬਾਅਦ ਹੋਰਨਾਂ ਸੂਬਿਆਂ ਤੋਂ ਆਏ ਅਧਿਕਾਰੀਆਂ ਨੂੰ ਇਥੇ ਤਾਇਨਾਤ ਕਰ ਕੇ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਫੇਰਬਦਲ ਦਾ ਸਿੱਧਾ ਅਸਰ ਜਲੰਧਰ ਈ. ਡੀ. ਦਫਤਰ ਵਿਚ ਚੱਲ ਰਹੀਆਂ ਜਾਂਚਾਂ ’ਤੇ ਪੈ ਸਕਦਾ ਹੈ। ਜਿਹੜੇ ਅਧਿਕਾਰੀਆਂ ਕੋਲ ਵੱਖ-ਵੱਖ ਮਾਮਲਿਆਂ ਦੀ ਜਾਣਕਾਰੀ ਸੀ, ਉਨ੍ਹਾਂ ਦੇ ਅਚਾਨਕ ਤਬਾਦਲੇ ਨਾਲ ਕੇਸਾਂ ਦੀ ਨਿਰੰਤਰਤਾ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਨਵੇਂ ਅਧਿਕਾਰੀਆਂ ਨੂੰ ਮੌਜੂਦਾ ਮਾਮਲਿਆਂ ਦੇ ਗੁੰਝਲਦਾਰ ਪਿਛੋਕੜ, ਹਜ਼ਾਰਾਂ ਪੰਨਿਆਂ ਦੇ ਦਸਤਾਵੇਜ਼ਾਂ ਅਤੇ ਜਾਂਚ ਦੀ ਮੌਜੂਦਾ ਸਥਿਤੀ ਨੂੰ ਸਮਝਣ ਵਿਚ ਕਾਫ਼ੀ ਸਮਾਂ ਲੱਗੇਗਾ, ਜਿਸ ਕਾਰਨ ਅਹਿਮ ਕੇਸਾਂ ਦੀ ਜਾਂਚ ਦੀ ਰਫ਼ਤਾਰ ਮੱਠੀ ਹੋਣ ਦਾ ਖ਼ਦਸ਼ਾ ਹੈ। ਵਿਭਾਗੀ ਸੂਤਰਾਂ ਮੁਤਾਬਕ ਇਸ ਤਰ੍ਹਾਂ ਦੇ ਵੱਡੇ ਪੱਧਰ ਦੇ ਤਬਾਦਲੇ ਆਮ ਤੌਰ ’ਤੇ ਰਣਨੀਤਿਕ ਜਾਂ ਪ੍ਰਸ਼ਾਸਨਿਕ ਕਾਰਨਾਂ ਕਰ ਕੇ ਕੀਤੇ ਜਾਂਦੇ ਹਨ ਪਰ ਫਿਲਹਾਲ ਇਸ ਸਬੰਧ ਵਿਚ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਹੈ। ਈ. ਡੀ. ਵੱਲੋਂ ਅਜੇ ਤਕ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਫਿਲਹਾਲ ਇਸ ਪੂਰੇ ਘਟਨਾਕ੍ਰਮ ’ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਖਾਸ ਕਰ ਕੇ ਇਸ ਗੱਲ ’ਤੇ ਕਿ ਨਵੇਂ ਅਧਿਕਾਰੀਆਂ ਦੀ ਤਾਇਨਾਤੀ ਦੇ ਬਾਅਦ ਪੈਂਡਿੰਗ ਅਤੇ ਚੱਲ ਰਹੀਆਂ ਜਾਂਚਾਂ ਦੀ ਦਿਸ਼ਾ ਅਤੇ ਰਫਤਾਰ ਅੱਗੇ ਕਿਸ ਤਰ੍ਹਾਂ ਅੱਗੇ ਵਧਦੀ ਹੈ।

# ਪੰਜਾਬ ਦੇ ਇਨ੍ਹਾਂ ਸਕੂਲਾਂ ਲਈ ਖ਼ਤਰੇ ਦੀ ਘੰਟੀ, ਬੇਹੱਦ ਗੰਭੀਰ ਬਣੇ ਹਾਲਾਤ

ਕੌਮੀ ਪਤ੍ਰਿਕਾ

ਅੰਮ੍ਰਿਤਸਰ 29 ਅਪ੍ਰੈਲ। ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਜ਼ਿਲ੍ਹਾ ਅੰਮ੍ਰਿਤਸਰ ਵਿਚ ਹਾਲਾਤ ਇਸ ਦੇ ਉਲਟ ਨਜ਼ਰ ਆ ਰਹੇ ਹਨ। ਲਗਭਗ 2500 ਤੋਂ ਵੱਧ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਅਧਿਆਪਕ ਵੱਖ-ਵੱਖ ਸਰਕਾਰੀ ਸਰਵੇ ਵਿਚ ਤਾਇਨਾਤ ਕੀਤੇ ਜਾਣ ਕਾਰਨ ਸਕੂਲਾਂ ਦੀ ਪੜ੍ਹਾਈ ਪ੍ਰਣਾਲੀ ਡਗਮਗਾ ਗਈ ਹੈ। ਹਾਲਾਤ ਇੰਨੇ ਗੰਭੀਰ ਹਨ ਕਿ ਕਈ ਸਕੂਲ ਅਧਿਆਪਕਾਂ ਦੀ ਘਾਟ ਕਾਰਨ ਬੰਦ ਹੋਣ ਦੇ ਕਗਾਰ ’ਤੇ ਪਹੁੰਚ ਗਏ ਹਨ। ਜਾਣਕਾਰੀ ਅਨੁਸਾਰ ਸਹਸ ਦਿਆਲ ਭੜੰਗ, ਸਹਸ ਮੋਹਨ ਭੰਡਾਰੀਆਂ, ਸਮਿਸ ਦਿਆਲਪੁਰਾ, ਸਮਿਸ ਹਰੜ ਕਲਾਂ, ਸਸਸ ਸੁਧਾਰ ਅਤੇ ਸਹਸ ਚੱਕ ਸਕੰਦਰ ਸਮੇਤ ਕਈ ਸਕੂਲਾਂ ਦੇ ਅਧਿਆਪਕਾਂ ਦੀਆਂ ਡਿਊਟੀਆਂ ਵੱਖ-ਵੱਖ ਸਰਵੇ ਕੰਮਾਂ ਵਿਚ ਲਗਾਈਆਂ ਗਈਆਂ ਹਨ। ਇਸ ਕਾਰਨ ਕਲਾਸਰੂਮ ਖਾਲੀ ਹੋ ਰਹੇ ਹਨ ਅਤੇ ਵਿਦਿਆਰਥੀਆਂ ਦੀ ਪੜ੍ਹਾਈ ’ਤੇ ਗੰਭੀਰ ਅਸਰ ਪੈਣ ਦਾ ਖਤਰਾ ਬਣ ਗਿਆ ਹੈ। ਲਗਭਗ 900 ਅਧਿਆਪਕ ਡਰੱਗ ਅਤੇ ਸੋਸ਼ਲ-ਇਕਨੋਮਿਕ ਸਰਵੇ ਵਿਚ ਕਰੀਬ 600 ਅਧਿਆਪਕ ਜਨਗਣਨਾ ਕਾਰਜਾਂ ਵਿਚ ਤਾਇਨਾਤ ਹਨ। ਇਸ ਤੋਂ ਇਲਾਵਾ ਸੈਕੰਡਰੀ ਵਿਭਾਗ ਦੇ ਵੀ ਸੈਂਕੜੇ ਅਧਿਆਪਕ ਹੋਰ ਗੈਰ-ਅਕਾਦਮਿਕ ਡਿਊਟੀਆਂ ਵਿਚ ਲੱਗੇ ਹੋਏ ਹਨ। ਇਹ ਹਾਲਾਤ ਸਪੱਸ਼ਟ ਕਰਦੇ ਹਨ ਕਿ ਸਿੱਖਿਆ ਵਿਭਾਗ ਦਾ ਵੱਡਾ ਹਿੱਸਾ ਅਕਾਦਮਿਕ ਕੰਮ ਤੋਂ ਹਟ ਕੇ ਹੋਰ ਕੰਮਾਂ ਵਿਚ ਲੱਗ ਗਿਆ ਹੈ। ਸਮਾਜ ਸੇਵਕ ਬਿਕਰਮ ਸਿੰਘ ਗਿੱਲ ਨੇ ਕਿਹਾ ਕਿ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੇ ਬੱਚਿਆਂ ਲਈ ਬੁਨਿਆਦੀ ਸਿੱਖਿਆ ਸਭ ਤੋਂ ਜ਼ਰੂਰੀ ਹੁੰਦੀ ਹੈ ਪਰ ਅਧਿਆਪਕਾਂ ਦੀ ਗੈਰ-ਹਾਜ਼ਰੀ ਕਾਰਨ ਇਹ ਪ੍ਰਕਿਰਿਆ ਪ੍ਰਭਾਵਿਤ ਹੋ ਰਹੀ ਹੈ। ਮਾਪਿਆਂ ਨੇ ਵੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਜੇ ਸਕੂਲਾਂ ’ਚ ਅਧਿਆਪਕ ਹੀ ਨਹੀਂ ਹੋਣਗੇ ਤਾਂ ਬੱਚਿਆਂ ਦਾ ਭਵਿੱਖ ਕਿਵੇਂ ਸੁਰੱਖਿਅਤ ਰਹੇਗਾ। ਉਨ੍ਹਾਂ ਨੇ ਮੰਗ ਕੀਤੀ ਕਿ ਸਰਵੇ ਕੰਮਾਂ ਲਈ ਹੋਰ ਵਿਭਾਗਾਂ ਤੋਂ ਸਟਾਫ ਲਿਆ ਜਾਵੇ। ਡੈਮੋਕ੍ਰੈਟਿਕ ਟੀਚਰ ਫਰੰਟ ਦੇ ਪ੍ਰਧਾਨ ਅਸ਼ਵਨੀ ਅਵਸਥੀ ਨੇ ਦੋਸ਼ ਲਗਾਇਆ ਕਿ ਸਰਕਾਰ ਅਧਿਆਪਕਾਂ ਨੂੰ ਗੈਰ-ਅਕਾਦਮਿਕ ਕੰਮਾਂ ਵਿਚ ਫਸਾ ਕੇ ਸਿੱਖਿਆ ਪ੍ਰਣਾਲੀ ਨੂੰ




ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇ ਡਿਊਟੀਆਂ ਤੁਰੰਤ ਵਾਪਸ ਨਾ ਲਈਆਂ ਗਈਆਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਈ ਮਾਮਲਿਆਂ ਵਿਚ ਇੱਕ ਹੀ ਪਰਿਵਾਰ ਦੇ ਪਤੀ-ਪਤਨੀ ਦੋਵੇਂ ਅਧਿਆਪਕਾਂ ਦੀ ਡਿਊਟੀ ਲਗਾ ਦਿੱਤੀ ਗਈ ਹੈ। ਗੌਰਮੈਂਟ ਟੀਚਰਜ਼ ਯੂਨੀਅਨ ਦੇ ਆਗੂ ਗੁਰਦੀਪ ਸਿੰਘ ਬਾਜਵਾ ਨੇ ਕਿਹਾ ਕਿ ਅਧਿਆਪਕਾਂ ਦਾ ਮੁੱਖ ਕੰਮ ਪੜ੍ਹਾਉਣਾ ਹੈ ਪਰ ਉਨ੍ਹਾਂ ਨੂੰ ਬੀ. ਐੱਲ. ਓ, ਜਨਗਣਨਾ ਅਤੇ ਹੋਰ ਸਰਵੇ ਵਿਚ ਜੋੜਨਾ ਨਾਜਾਇਜ਼ ਹੈ। ਉਨ੍ਹਾਂ ਮੁਤਾਬਕ ਤਹਿਸੀਲ ਅਜਨਾਲਾ ਵਿਚ ਹੋਣ ਵਾਲੀ ਮੀਟਿੰਗ ਦੇ ਚੱਲਦਿਆਂ ਕਈ ਸਕੂਲ ਬੰਦ ਰਹਿਣਗੇ ਕਿਉਂਕਿ ਸਟਾਫ ਪੂਰੀ ਤਰ੍ਹਾਂ ਡਿਊਟੀਆਂ ਵਿਚ ਵਿਅਸਤ ਹੈ। ਗੌਰਮੈਂਟ ਸਕੂਲ ਟੀਚਰ ਯੂਨੀਅਨ ਦੇ ਆਗੂ ਰਾਕੇਸ਼ ਕੁਮਾਰ ਨੇ ਕਿਹਾ ਕਿ ਸਕੂਲ ਪਹਿਲਾਂ ਹੀ ਅਧਿਆਪਕਾਂ ਦੀ ਘਾਟ ਨਾਲ ਜੂਝ ਰਹੇ ਹਨ। ਹੁਣ ਵੱਡੀ ਗਿਣਤੀ ਵਿਚ ਅਧਿਆਪਕਾਂ ਨੂੰ ਸਰਵੇਆਂ ਵਿਚ ਭੇਜਣ ਨਾਲ ਹਾਲਾਤ ਹੋਰ ਵੀ ਬੇਕਾਬੂ ਹੋ ਗਏ ਹਨ। ਕਈ ਸਕੂਲਾਂ ਵਿਚ ਸਿਰਫ਼ ਇੱਕ ਜਾਂ ਦੋ ਅਧਿਆਪਕ ਹੀ ਬਚੇ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਸਰਵੇ ਕੰਮਾਂ ਲਈ ਵੱਖਰਾ ਸਟਾਫ ਭਰਤੀ ਕੀਤਾ ਜਾਵੇ।

# ਸਿਰਫ਼ 210 ਰੁਪਏ ਦੇ ਨਿਵੇਸ਼ ਨਾਲ ਹਰ ਮਹੀਨੇ ਮਿਲੇਗੀ 5,000 ਰੁਪਏ ਪੈਨਸ਼ਨ !

ਬਿਜ਼ਨੈੱਸ ਡੈਸਕ 29 ਅਪ੍ਰੈਲ। ਰਿਟਾਇਰਮੈਂਟ ਦੀ ਯੋਜਨਾਬੰਦੀ ਅਕਸਰ ਲੋਕ ਟਾਲ ਦਿੰਦੇ ਹਨ ਪਰ ਬੁਢਾਪੇ ਵਿੱਚ ਇਹ ਸਭ ਤੋਂ ਵੱਡੀ ਚਿੰਤਾ ਬਣ ਜਾਂਦੀ ਹੈ। ਅਜਿਹੇ ਵਿੱਚ ਕੇਂਦਰ ਸਰਕਾਰ ਦੀ ਅਟਲ ਪੈਨਸ਼ਨ ਯੋਜਨਾ ਉਨ੍ਹਾਂ ਲੋਕਾਂ ਲਈ ਇੱਕ ਬਿਹਤਰੀਨ ਅਤੇ ਸੁਰੱਖਿਅਤ ਵਿਕਲਪ ਹੈ ਜੋ ਬੁਢਾਪੇ ਵਿੱਚ ਨਿਯਮਤ ਆਮਦਨ ਚਾਹੁੰਦੇ ਹਨ। ਇਸ ਯੋਜਨਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਗਾਰੰਟੀਡ ਪੈਨਸ਼ਨ ਦਿੰਦੀ ਹੈ ਅਤੇ ਇਸ ਵਿੱਚ ਜੋਖਮ ਬਹੁਤ ਘੱਟ ਹੈ। ਇਸ ਯੋਜਨਾ ਤਹਿਤ ਤੁਸੀਂ ਆਪਣੀ ਲੋੜ ਅਨੁਸਾਰ 1,000 ਰੁਪਏ ਤੋਂ ਲੈ ਕੇ 5,000 ਰੁਪਏ ਤੱਕ ਦੀ ਮਾਸਿਕ ਪੈਨਸ਼ਨ ਚੁਣ ਸਕਦੇ ਹੋ, ਜੋ 60 ਸਾਲ ਦੀ ਉਮਰ ਤੋਂ ਬਾਅਦ ਮਿਲਣੀ ਸ਼ੁਰੂ ਹੁੰਦੀ ਹੈ। ਤੁਹਾਡਾ ਮਹੀਨਾਵਾਰ ਨਿਵੇਸ਼ ਤੁਹਾਡੀ ਉਮਰ ’ਤੇ ਨਿਰਭਰ ਕਰਦਾ ਹੈ: 18 ਸਾਲ ਦੀ ਉਮਰ: ਜੇਕਰ ਤੁਸੀਂ 18 ਸਾਲ ਦੀ ਉਮਰ ਵਿੱਚ ਇਸ ਯੋਜਨਾ ਨਾਲ ਜੁੜਦੇ ਹੋ, ਤਾਂ 5,000 ਰੁਪਏ ਦੀ ਪੈਨਸ਼ਨ ਲਈ ਤੁਹਾਨੂੰ ਹਰ ਮਹੀਨੇ ਸਿਰਫ਼ 210 ਰੁਪਏ ਜਮ?ਹਾਂ ਕਰਨੇ ਹੋਣਗੇ। 30 ਸਾਲ ਦੀ ਉਮਰ: ਇਸ ਉਮਰ ਵਿੱਚ ਸ਼ੁਰੂਆਤ ਕਰਨ ’ਤੇ ਹਰ ਮਹੀਨੇ 577 ਰੁਪਏ ਦੇਣੇ ਪੈਣਗੇ। 40 ਸਾਲ ਦੀ ਉਮਰ: 40 ਸਾਲ ਦੀ ਉਮਰ ਵਿੱਚ ਨਿਵੇਸ਼ ਸ਼ੁਰੂ ਕਰਨ ਵਾਲਿਆਂ ਨੂੰ ਹਰ ਮਹੀਨੇ 1,454 ਰੁਪਏ ਜਮ?ਹਾਂ ਕਰਵਾਉਣੇ ਹੋਣਗੇ। ਪਰਿਵਾਰਿਕ ਸੁਰੱਖਿਆ ਦਾ ਲਾਭ: ਇਸ ਯੋਜਨਾ ਦਾ ਇੱਕ ਹੋਰ ਵੱਡਾ ਫਾਇਦਾ ਇਹ ਹੈ ਕਿ ਪੈਨਸ਼ਨ ਲੈਣ ਵਾਲੇ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੇ ਜੀਵਨ ਸਾਥੀ ਨੂੰ ਉਹੀ ਪੈਨਸ਼ਨ ਮਿਲਦੀ ਰਹਿੰਦੀ ਹੈ। ਜੇਕਰ ਦੋਵਾਂ ਦਾ ਦੇਹਾਂਤ ਹੋ ਜਾਂਦਾ ਹੈ, ਤਾਂ ਲਗਭਗ 8.5 ਲੱਖ ਰੁਪਏ ਦਾ ਫੰਡ ਨਾਮਜ਼ਦ ਵਿਅਕਤੀ ਨੂੰ ਸੌਂਪ ਦਿੱਤਾ ਜਾਂਦਾ ਹੈ। 18 ਤੋਂ 40 ਸਾਲ ਦੀ ਉਮਰ ਦਾ ਕੋਈ ਵੀ ਭਾਰਤੀ ਨਾਗਰਿਕ, ਜਿਸ ਕੋਲ ਬੈਂਕ ਜਾਂ ਪੋਸਟ ਆਫਿਸ ਵਿੱਚ ਸੇਵਿੰਗ ਖਾਤਾ ਹੋਵੇ, ਇਸ ਯੋਜਨਾ ਦਾ ਲਾਭ ਲੈ ਸਕਦਾ ਹੈ। ਇਸ ਯੋਜਨਾ ਦੀ ਲੋਕਪ੍ਰਿਯਤਾ ਇੰਨੀ ਵਧ ਗਈ ਹੈ ਕਿ 21 ਅਪ੍ਰੈਲ 2026 ਤੱਕ 9 ਕਰੋੜ ਤੋਂ ਵੱਧ ਲੋਕ ਇਸ ਨਾਲ ਜੁੜ ਚੁੱਕੇ ਹਨ। ਇਹ ਯੋਜਨਾ ਖਾਸ ਤੌਰ ’ਤੇ ਅਸੰਗਠਿਤ ਖੇਤਰ ਦੇ ਕਾਮਗਾਰਾਂ ਲਈ ਇੱਕ ਮਜ਼ਬੂਤ ਸਮਾਜਿਕ ਸੁਰੱਖਿਆ ਚੱਕਰ ਪ੍ਰਦਾਨ ਕਰਦੀ ਹੈ।

## ਕੇਂਦਰੀ ਜੇਲ੍ਹ ਪਟਿਆਲਾ ’ਚੋਂ ਚੈਕਿੰਗ ਦੌਰਾਨ 7 ਮੋਬਾਈਲ ਅਤੇ ਜਰਦਾ ਬਰਾਮਦ

ਪਟਿਆਲਾ 29 ਅਪ੍ਰੈਲ। ਕੇਂਦਰੀ ਜੇਲ੍ਹ ਪਟਿਆਲਾ ’ਚ ਚਲਾਈ ਗਈ ਵਿਸ਼ੇਸ਼ ਤਲਾਸ਼ੀ ਮੁਹਿੰਮ ਦੌਰਾਨ ਜੇਲ੍ਹ ਪ੍ਰਸ਼ਾਸਨ ਨੇ 7 ਮੋਬਾਈਲ ਫ਼ੋਨ ਅਤੇ ਜਰਦੇ ਦੀਆਂ 28 ਪੁੜੀਆਂ ਬਰਾਮਦ ਕੀਤੀਆਂ ਹਨ। ਇਸ ਮਾਮਲੇ ’ਚ ਥਾਣਾ ਤ੍ਰਿਪੜੀ ਦੀ ਪੁਲਸ ਨੇ ਜੇਲ ਅਧਿਕਾਰੀਆਂ ਦੀਆਂ ਸ਼ਿਕਾਇਤਾਂ ’ਤੇ 5 ਵੱਖ-ਵੱਖ ਮੁਕੱਦਮੇ ਦਰਜ ਕਰਕੇ 10 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਪਹਿਲੇ ਕੇਸ ’ਚ ਸਹਾਇਕ ਸੁਪਰਡੈਂਟ ਗੁਰਦਿਆਲ ਸਿੰਘ ਦੀ ਸ਼ਿਕਾਇਤ ’ਤੇ ਕੈਦੀ ਮਨਪ੍ਰੀਤ ਸਿੰਘ ਪੁੱਤਰ ਰਵਿੰਦਰ ਸਿੰਘ ਅਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਮਨਪ੍ਰੀਤ ਪਾਸੋਂ ਇਕ ਟੱਚ ਮੋਬਾਇਲ ਅਤੇ ਬਾਥਰੂਮ ਦੇ ਪਿੱਛੇ ਤੋਂ ਇਕ ਹੋਰ ਫ਼ੋਨ ਮਿਲਿਆ। ਦੂਜੇ ਕੇਸ ’ਚ ਹਵਾਲਾਤੀ ਲਵਪ੍ਰੀਤ ਸਿੰਘ ਪੁੱਤਰ ਸਵਿੰਦਰ ਸਿੰਘ ਪਾਸੋਂ ਬਿਨਾਂ ਸਿਮ ਤੋਂ ਇਕ ਮੋਬਾਇਲ ਬਰਾਮਦ ਹੋਇਆ। ਤੀਜੇ ਮਾਮਲੇ ’ਚ ਸਹਾਇਕ ਸੁਪਰਡੈਂਟ ਸਰਤਾਜ ਸਿੰਘ ਦੀ ਸ਼ਿਕਾਇਤ ’ਤੇ ਹਵਾਲਾਤੀ ਇੰਦਰਜੀਤ ਸਿੰਘ, ਕੈਦੀ ਸਾਗਰ ਅਤੇ ਹਵਾਲਾਤੀ ਰਜਿੰਦਰ ਸਿੰਘ ਵਿਰੁੱਧ ਕੇਸ ਦਰਜ ਕੀਤਾ ਗਿਆ, ਜਿਨ੍ਹਾਂ ਤੋਂ ਮੋਬਾਇਲ ਅਤੇ ਜਰਦੇ ਦੀਆਂ ਪੁੜੀਆਂ ਮਿਲੀਆਂ। ਚੌਥੇ ਕੇਸ ਵਿਚ ਹਵਾਲਾਤੀ ਸੂਰਜ, ਸਾਗਰ ਗਿਰ, ਰਾਹੁਲ ਅਤੇ ਜਸਪ੍ਰੀਤ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਤੋਂ 10 ਪੁੜੀਆਂ ਜਰਦਾ ਅਤੇ ਇਕ ਮੋਬਾਇਲ ਮਿਲਿਆ। ਪੰਜਵੇਂ ਕੇਸ ’ਚ ਸਹਾਇਕ ਸੁਪਰਡੈਂਟ ਰਾਹੁਲ ਚੌਧਰੀ ਦੀ ਸ਼ਿਕਾਇਤ ’ਤੇ ਹਵਾਲਾਤੀ ਨਵਪ੍ਰੀਤ ਸਿੰਘ ਅਤੇ ਮਨੋਜ ਸਿੰਘ ਵਿਰੁੱਧ 308 ਬੀ.ਐਨ.ਐਸ. ਅਤੇ ਪ੍ਰੀਜ਼ਨ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਤੋਂ ਮੋਬਾਇਲ ਬਰਾਮਦ ਹੋਏ ਹਨ। ਪੁਲਸ ਅਨੁਸਾਰ ਸ਼ੱਕ ਹੈ ਕਿ ਉਕਤ ਹਵਾਲਾਤੀ ਮੋਬਾਈਲਾਂ ਰਾਹੀਂ ਲੋਕਾਂ ਨੂੰ ਡਰਾ-ਧਮਕਾ ਕੇ ਫਿਰੌਤੀਆਂ ਦੀ ਮੰਗ ਕਰਦੇ ਸਨ। ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਖੇਤੀ ’ਚ ਕ੍ਰਾਂਤੀ : ‘ਟਰਾਈਕੋਡਰਮਾ’ ਨਾਲ ਫਸਲ ਦੇ ਰੋਗਾਂ ’ਤੇ ਕਰੋ ਵਾਰ, ਪੈਦਾਵਾਰ ’ਚ ਆਵੇਗਾ ਜ਼ਿਆਦਾ ਉਛਾਲ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 29 ਅਪ੍ਰੈਲ। ਖੇਤੀ ’ਚ ਵਧਦੀ ਲਾਗਤ ਅਤੇ ਘਟਦੀ ਉਪਜ ਵਿਚਕਾਰ ਕਿਸਾਨਾਂ ਲਈ ਇਕ ਸਸਤਾ ਅਤੇ ਅਸਰਦਾਰ ਹੱਲ ਸਾਹਮਣੇ ਆਇਆ ਹੈ। ਇਕ ਰਿਪੋਰਟ ਮੁਤਾਬਕ ਟ?ਰਾਈਕੋਡਰਮਾ ਦੀ ਵਰਤੋਂ ਨਾਲ ਨਾ ਸਿਰਫ਼ ਮਿੱਟੀ ਦੀ ਜੈਵਿਕ ਸਰਗਰਮੀ ਵਧਦੀ ਹੈ, ਸਗੋਂ ਫਸਲਾਂ ਰੋਗਾਂ ਤੋਂ ਸੁਰੱਖਿਅਤ ਰਹਿੰਦੀਆਂ ਹਨ ਅਤੇ ਪੈਦਾਵਾਰ ’ਚ ਵੀ ਜ਼ਿਕਰਯੋਗ ਸੁਧਾਰ ਹੁੰਦਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਟ?ਰਾਈਕੋਡਰਮਾ ਵਰਗੀਆਂ ਜੈਵਿਕ ਤਕਨੀਕਾਂ ਅਤੇ ਕਿਚਨ ਗਾਰਡਨਿੰਗ ਦੇ ਛੋਟੇ ਯਤਨ ਨਾ ਸਿਰਫ਼ ਖੇਤੀ ਨੂੰ ਲਾਭਕਾਰੀ ਬਣਾ ਸਕਦੇ ਹਨ, ਸਗੋਂ ਵਾਤਾਵਰਣ ਸੰਭਾਲ ਅਤੇ ਸਿਹਤਮੰਦ ਜੀਵਨ ਦੀ ਦਿਸ਼ਾ ’ਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਟ?ਰਾਈਕੋਡਰਮਾ ਇਕ ਈਕੋ-ਫ?ਰੈਂਡਲੀ ਅਤੇ ਮਿੱਤਰ ਉੱਲੀ ਹੈ, ਜੋ ਮਿੱਟੀ ਦੀ ਬਣਤਰ ਨੂੰ ਸੁਧਾਰਦਾ ਹੈ ਅਤੇ ਲਾਭਕਾਰੀ ਸੂਖਮ ਜੀਵਾਂ ਦੀ ਸੰਖਿਆ ਵਧਾਉਂਦਾ ਹੈ। ਇਹ ਫਸਲਾਂ ਦੀਆਂ ਜੜ੍ਹਾਂ ਨੂੰ ਸੜਨ, ਗਲਣ ਅਤੇ ਹੋਰ ਉੱਲੀ ਜਨਿਤ ਬੀਮਾਰੀਆਂ ਤੋਂ ਬਚਾਉਂਦਾ ਹੈ। ਨਾਲ ਹੀ ਪੌਦਿਆਂ ਦੀਆਂ ਜੜ੍ਹਾਂ ਦੇ ਵਿਕਾਸ ਨੂੰ ਤੇਜ਼ ਕਰਕੇ ਪੋਸ਼ਕ ਤੱਤਾਂ ਨੂੰ ਸੋਖਣ ਦੀ ਸਮਰੱਥਾ ਨੂੰ ਵਧਾਉਂਦਾ ਹੈ। ਕਿਸਾਨ ਟ?ਰਾਈਕੋਡਰਮਾ ਨੂੰ ਘਰ ’ਤੇ ਹੀ ਬੇਹੱਦ ਘੱਟ ਲਾਗਤ ’ਚ ਤਿਆਰ ਕਰ ਸਕਦੇ ਹਨ। ਇਸ ਦੇ ਲਈ ਸੜੀ ਹੋਈ ਗੋਹੇ ਦੀ ਖਾਦ ਜਾਂ ਵਰਮੀ ਕੰਪੋਸਟ ’ਚ ਚੋਕਰ ਮਿਲਾ ਕੇ




ਉਸ ’ਚ ਟ?ਰਾਈਕੋਡਰਮਾ ਕਲਚਰ ਪਾਓ ਅਤੇ 5-7 ਦਿਨ ਤੱਕ ਛਾਂ ’ਚ ਰੱਖ ਕੇ ਤਿਆਰ ਕਰੋ। ਜਦੋਂ ਮਿਸ਼ਰਣ ’ਤੇ ਹਰੀ ਪਰਤ ਦਿਸੇ ਤਾਂ ਸਮਝ ਲਓ ਕਿ ਇਹ ਵਰਤਣ ਲਈ ਤਿਆਰ ਹੈ। 5-10 ਗ੍ਰਾਮ ਟ?ਰਾਈਕੋਡਰਮਾ ਪਾਊਡਰ ਨਾਲ ਪ੍ਰਤੀ ਕਿਲੋ ਬੀਜ ਉਪਚਾਰ ਕਰਨ ਨਾਲ ਪੌਦਿਆਂ ਨੂੰ ਸ਼ੁਰੂਆਤੀ ਰੋਗਾਂ ਤੋਂ ਬਚਾਅ ਮਿਲਦਾ ਹੈ। ਨਰਸਰੀ ’ਚ 5-10 ਗ੍ਰਾਮ ਪ੍ਰਤੀ ਵਰਗ ਮੀਟਰ ਵਰਤੋਂ ਨਾਲ ਜੜ੍ਹ-ਤਣਾ ਸੜਨਾ ਕੰਟਰੋਲ ਹੁੰਦਾ ਹੈ। ਖੇਤ ਦੀ ਤਿਆਰੀ ਦੇ ਸਮੇਂ 4-5 ਕਿਲੋ ਪ੍ਰਤੀ ਏਕੜ ਮਿਲਾਉਣ ਨਾਲ ਕਈ ਖ਼ਤਰਨਾਕ ਰੋਗਜਨਕਾਂ ’ਤੇ ਕੰਟਰੋਲ ਰਹਿੰਦਾ ਹੈ। ਖੇਤੀ ’ਚ ਟ?ਰਾਈਕੋਡਰਮਾ ਹਾਰਜੀਆਨਮ ਅਤੇ ਟ?ਰਾਈਕੋਡਰਮਾ ਵਿਰਿਡੇ ਦੀ ਸਭ ਤੋਂ ਜ਼ਿਆਦਾ ਵਰਤੋਂ ਹੁੰਦੀ ਹੈ। ਇਹ ਫਸਲ ਨੂੰ ਜੜ੍ਹੋਂ ਸੜਨ ਅਤੇ ਤਣਾ ਸੜਨ ਵਰਗੇ ਰੋਗਾਂ ਤੋਂ ਬਚਾਉਂਦੇ ਹਨ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ। ਟ?ਰਾਈਕੋਡਰਮਾ ਨੁਕਸਾਨਦੇਹ ਉੱਲੀ ਦੇ ਆਲੇ-ਦੁਆਲੇ ਫੈਲ ਕੇ ਉਨ੍ਹਾਂ ਦੇ ਪੋਸ਼ਕ ਤੱਤਾਂ ਨੂੰ ਖਤਮ ਕਰ ਦਿੰਦਾ ਹੈ। ਇਹ ਵਿਸ਼ੇਸ਼ ਐਂਜ਼ਾਈਮ ਬਣਾ ਕੇ ਉਨ੍ਹਾਂ ਦੀ ਕੋਸ਼ਿਕਾ ਦੀਵਾਰ ਨੂੰ ਤੋੜਦਾ ਹੈ ਅਤੇ ਪੌਦਿਆਂ ’ਚ ਕੁਦਰਤੀ ਰੋਗ-ਪ੍ਰਤੀਰੋਧਕ ਸਮਰੱਥਾ ਵਿਕਸਤ ਕਰਦਾ ਹੈ। ਟਮਾਟਰ, ਮਿਰਚ, ਗੋਭੀ, ਬੈਂਗਣ, ਪਿਆਜ਼, ਅਦਰਕ, ਹਲਦੀ, ਕੇਲਾ, ਅਮਰੂਦ ਅਤੇ ਪਪੀਤਾ ਵਰਗੀਆਂ ਫਸਲਾਂ ’ਚ ਟ?ਰਾਈਕੋਡਰਮਾ ਦੀ ਵਰਤੋਂ ਬੇਹੱਦ ਲਾਭਕਾਰੀ ਸਾਬਿਤ ਹੁੰਦੀ ਹੈ। ਕਿਸਾਨ ਇਸ ਨੂੰ ਬੀਜ ਉਪਚਾਰ, ਨਰਸਰੀ ਅਤੇ ਖੇਤ ਦੀ ਮਿੱਟੀ ’ਚ ਮਿਲਾ ਕੇ ਆਸਾਨੀ ਨਾਲ ਵਰਤੋਂ ਕਰ ਸਕਦੇ ਹਨ। ਦੱਸਦੇ ਹਨ ਕਿ ਹਿਮਾਲਿਆ ਦੀ ਤਲਹਟੀ ’ਚ ਵਿਗਿਆਨੀਆਂ ਨੇ ਲੱਗਭਗ 2 ਕਰੋੜ ਸਾਲ ਪੁਰਾਣੇ ਪੱਤਿਆਂ ਦਾ ਜੀਵਾਸ਼ਮ ਖੋਜਿਆ ਹੈ, ਜੋ ਸਿਜੀਜੀਅਮ ਵੰਸ਼ ਨਾਲ ਜੁੜਿਆ ਹੈ। ਇਸੇ ਵੰਸ਼ ’ਚ ਆਧੁਨਿਕ ਲੌਂਗ ਦਾ ਪੌਦਾ ਵੀ ਸ਼ਾਮਲ ਹੈ। ਬੀਰਬਲ ਸਾਹਨੀ ਇੰਸਟੀਚਿਊਟ ਆਫ ਪੈਲੀਓਸਾਇੰਸਿਜ਼, ਅਕੈਡਮੀ ਆਫ ਸਾਇੰਟਿਫਿਕ ਐਂਡ ਇਨੋਵੇਟਿਵ ਰਿਸਰਚ ਅਤੇ ਤ੍ਰਿਭੁਵਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇਸ ਜੀਵਾਸ਼ਮ ਦਾ ਅਧਿਐਨ ਕਰਕੇ ਇਸ ਨੂੰ ਨਵੀਂ ਪ੍ਰਜਾਤੀ ‘ਸਿਜੀਜੀਅਮ ਪੈਲੀਓਸੀਲੀਫੋਲੀਅਮ’ ਨਾਂ ਦਿੱਤਾ ਹੈ। ਇਸ ਖੋਜ ਨਾਲ ਵਿਗਿਆਨੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮਹਾਦੀਪੀ ਵਹਾਅ ਅਤੇ ਪੌਣ-ਪਾਣੀ ਤਬਦੀਲੀ ਵਿਚਕਾਰ ਗਰਮ ਖੰਡੀ ਜੰਗਲ ਕਿਵੇਂ ਵਿਕਸਿਤ ਹੋਏ। ਕਾਗਜ਼ੀ ਨਿੰਬੂ ਦਾ ਪੌਦਾ ਘਰ ਦੇ ਬਗੀਚੇ ਲਈ ਇਕ ਬਿਹਤਰ ਬਦਲ ਹੈ। ਇਹ ਘੱਟ ਜਗ?ਹਾ ’ਚ ਆਸਾਨੀ ਨਾਲ ਉੱਗਦਾ ਹੈ ਅਤੇ ਭਰਪੂਰ ਫਲ ਦਿੰਦਾ ਹੈ। ਕਾਗਜ਼ੀ ਨਿੰਬੂ ਦੇ ਲਈ ਹਮੇਸ਼ਾ ਨਰਸਰੀ ਤੋਂ ਕਲਮੀ ਜਾਂ ਏਅਰ-ਲੇਅਰਿੰਗ ਵਾਲਾ ਪੌਦਾ ਹੀ ਖਰੀਦੋ। ਇਸ ਨਾਲ 1-2 ਸਾਲ ’ਚ ਹੀ ਉਤਪਾਦਨ ਸ਼ੁਰੂ ਹੋ ਜਾਂਦਾ ਹੈ ਅਤੇ ਬਿਹਤਰ ਗੁਣਵੱਤਾ ਦੇ ਫਲ ਮਿਲਦੇ ਹਨ।